


These Books are printed and distributed free of cost by the :

WILLIAM BRANHAM GOOD NEWS SOCIETY
Glady's Dauch Memorial Building
PB. No. 5304
No. 13, Subbarayan Nagar I Street,
Kodambakkam, Chennai - 600 024. S.INDIA.
Phone : 2473 0634
Visit us at www.wbgns.org

**PUNJABI**

# *The Spoken Word*

*By*

**WILLIAM MARRION BRANHAM**

# ਤੀਜੀ ਮੋਹਰ

## THE THIRD SEAL

20 ਮਾਰਚ 1963

ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ

ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ

ਆਓ, ਹੁਣ ਅਸੀਂ ਸਾਰੇ ਖੜੇ ਹੋ ਜਾਈਏ ਅਤੇ ਆਪਣੇ ਹੱਥਾਂ ਨੂੰ ਉੱਪਰ ਨੂੰ ਉਠਾਈਏ ਅਤੇ ਆਪਣੇ ਆਪ ਦਾ ਇਜ਼ਹਾਰ ਕਰੀਏ। " ਮੈਂ ਉਸ ਨਾਲ ਪਿਆਰ ਕਰਦਾ ਹਾਂ ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ। "

ਮੈਂ ਉਸ ਨਾਲ ਪਿਆਰ ਕਰਦਾ ਹਾਂ,
ਮੈਂ ਉਸ ਨਾਲ ਪਿਆਰ ਕਰਦਾ ਹਾਂ,

ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ ਰੁੱਖ ਉੱਤੇ ਖਰੀਦਿਆ।

351 [ਇੱਕ ਭਾਈ ਪਰਾਈ ਭਾਖਿਆ ਵਿੱਚ ਬੋਲਦਾ ਹੈ। ਭਾਈ ਬ੍ਰਾਨਹਾਮ ਚੁੱਪ ਹੋ ਜਾਂਦੇ ਹਨ-ਸੰਪਾ] ਬਸ ਬਿਲਕੁੱਲ ਗੰਭੀਰ ਹੋ ਜਾਓ। ਇੱਥੇ ਸਾਡੇ ਕੋਲ ਭਾਈ ਹਿਗਿਨਬਾਥਮ ਅਨੁਵਾਦਕ ਹਨ। ਮੈਂ ਨਹੀਂ ਜਾਣਦਾ ਹਾਂ ਕਿ ਉਹ ਭਾਈ ਇੱਥੇ ਹੈ ਜਾਂ ਨਹੀਂ। ਅਸੀਂ ਜਾਨਣਾ ਚਾਹੁੰਦੇ ਹਾਂ ਕਿ ਉਸਨੇ ਸਾਨੂੰ ਕੀ ਆਖਿਆ ਹੈ। ਬਸ ਥੋੜੀ ਦੇਰ ਰੁਕੋ। ਇੱਥੇ,ਇੱਥੇ ..... [ਇੱਕ ਭੈਣ ਅਨੁਵਾਦ ਕਰਦੀ ਹੈ]

352 ਯਕੀਨਨ, ਪ੍ਰਭੂ ਦੀ ਵਡਿਆਈ ਹੋਵੇ !ਮੇਰਾ ਵਿਸ਼ਵਾਸ਼ ਪ੍ਰਮੇਸ਼ੁਰ ਵਿੱਚ ਉਤਾਂਹ ਵਧਿਆ ਹੈ। ਤੁਸੀਂ,ਕੀ ਤੁਸੀਂ ਅੱਜ ਰਾਤ ਉਸਨੂੰ ਆਪਣੇ ਪੂਰੇ ਦਿਲ ਨਾਲ ਪਿਆਰ ਕਰਦੇ ਹੋ?[ਸੰਗਤ ਆਖਦੀ ਹੈ, "ਅਮੀਨ। "-ਸੰਪਾ]ਓਹ, ਉਸਦੀ ਵਡਿਆਈ ਕਰੋ ਅਤੇ ਆਖੋ, "ਪ੍ਰਭੂ ਯਿਸੂ ਧੰਨਵਾਦ!" [ਸੰਗਤ ਖੁਦਾ ਦਾ ਧੰਨਵਾਦ ਕਰਦੀ ਹੈ]

353 ਪ੍ਰਭੂ, ਅਸੀਂ ਕਿਵੇਂ ਆਪਣੇ ਸਾਰੇ ਦਿਲ ਦੇ ਨਾਲ ਤੇਰੀ ਉਸਤਤ ਕਰਦੇ ਹਾਂ !ਪ੍ਰਮੇਸ਼ੁਰ ਦੀ ਉਸਤਤ ਹੋਵੇ!

354 ਤੁਸੀਂ ਸਾਰੇ ਜਣੇ ਬਸ ਉਸਦਾ ਧੰਨਵਾਦ ਕਰੋ। ਪ੍ਰਮੇਸ਼ੁਰ ਤੁਹਾਡੇ ਨਾਲ ਹੋਵੇ [ਸਭਾ ਲਗਾਤਾਰ ਅਨੰਦ ਕਰਦੀ ਅਤੇ ਪ੍ਰਮੇਸ਼ੁਰ ਦੀ ਪ੍ਰਸ਼ੰਸ਼ਾਂ ਕਰਦੀ ਹੈ-ਸੰਪਾ]

# ਤੀਜੀ ਮੋਹਰ
# THE THIRD SEAL

WILLIAM MARRION BRANHAM

These books are printed & distributed free of cost by the :

**WILLIAM BRANHAM GOOD NEWS SOCIETY**
Glady's Dauch Memorial Building,
Post Box No. 5304
No. 13, Dr. Subbarayan Nagar I Street,
Kodambakkam, Chennai - 600 024, South India.
Phone : 044-2473 0634
Web : www.wbgns.org



348 ਕੀ ਇਹ ਅਦਭੁਤ ਨਹੀਂ ਹੈ? [ ਸਭਾ ਆਖਦੀ ਹੈ, "ਆਮੀਨ। "-ਸੰਪਾ]ਮੈਂ ਇਸਨੂੰ ਪਸੰਦ ਕਰਦਾ ਹਾਂ। ਛੁਟਕਾਰਾ ਨੇੜੇ ਹੈ।

ਅਤੇ ਸ਼ਾਮਾਂ ਦੇ ਵੇਲੇ ਉਜਿਆਲਾ ਹੋਵੇਗਾ,
ਮਹਿਮਾਂ ਦਾ ਰਾਹ ਤੁਸੀਂ ਜਰੂਰ ਹੀ ਲੱਭ ਲਓਗੇ;

ਪਾਣੀ ਦੇ ਰਾਹ ਵਿੱਚ ਅੱਜ ਰੋਸ਼ਨੀ ਹੈ;
ਯਿਸੂ ਦੇ ਬਹੁਮੁੱਲੇ ਨਾਮ ਵਿੱਚ ਦਫਨ ਹੋ ਜਾਓ।
ਜਵਾਨ ਅਤੇ ਬਜ਼ੁਰਗੋ ਆਪਣੇ ਪਾਪਾਂ ਤੋਂ ਤੋਬਾ ਕਰੋ,
ਪਵਿੱਤਰ ਆਤਮਾ ਜਰੂਰ ਹੀ ਅੰਦਰ ਆਵੇਗਾ;
ਸ਼ਾਮਾਂ ਦਾ ਉਜਾਲਾ ਆ ਚੁੱਕਿਆ ਹੈ,
ਇਹ ਸੱਚਾਈ ਹੈ ਕਿ ਮਸੀਹ ਅਤੇ ਪ੍ਰਮੇਸ਼ੁਰ ਇੱਕ ਹਨ।

ਉਹ ਵਚਨ ਹੈ! ਹੇ ਮੇਰੇ ਖੁਦਾ !ਕਿੰਨਾ ਅਸ਼ਚਰਜ਼!

ਛੇਤੀ ਹੀ ਲੇਲਾ ਆਪਣੀ ਲਾੜੀ ਨੂੰ ਆਪਣੇ ਕੋਲ ਲੈ ਜਾਵੇਗਾ
ਤਾਂ ਕਿ ਸਦਾ ਉਸਦੇ ਨਾਲ ਰਹੇ,
ਸੁਰਗ ਦੀ ਸਾਰੀ ਸੈਨਾ ਇਕੱਠੀ ਹੋਵੇਗੀ;
ਔਹ, ਇਹ ਬਹੁਤ ਹੀ ਮਹਿਮਾਂ ਵਾਲਾ ਦ੍ਰਿਸ਼ ਹੋਵੇਗਾ,
ਸਾਰੇ ਸੰਤਾਂ ਨੇ ਬੇਦਾਗ ਚਿੱਟੇ ਬਸਤਰ ਪਾਏ ਹੋਣਗੇ;
ਅਤੇ ਯਿਸੂ ਦੇ ਨਾਲ ਉਹ ਅਨੰਤਕਾਲ ਤੱਕ ਭੋਜਨ ਖਾਣਗੇ।

ਔਹ, "ਆਓ ਅਤੇ ਭੋਜਨ ਛਕੋ ",ਸੁਆਮੀ ਬੁਲਾਉਂਦਾ ਹੈ, "ਆਓ ਅਤੇ ਭੋਜਨ ਛਕੋ;"
ਉਹ ਜਿਹਨੇ ਭੀੜਾਂ ਨੂੰ ਖੁਆਇਆ ਅਤੇ ਪਾਣੀ ਦੀ ਮੈ ਬਣਾ ਦਿੱਤੀ,
ਜੋ ਭੁੱਖੇ ਹਨ ਉਹਨਾਂ ਨੂੰ ਉਹ ਬੁਲਾਉਂਦਾ ਹੈ, ਹੁਣ " ਆਓ ਅਤੇ ਭੋਜਨ ਛਕੋ। "
ਔਹ, ਆਓ ਅਤੇ ਭੋਜਨ ਛਕੋ, " ਸੁਆਮੀ ਬੁਲਾਉਂਦਾ ਹੈ, "ਆਓ ਅਤੇ ਭੋਜਨ ਛਕੋਂ;"

(ਵਚਨ ਦਾ ਭੋਜਨ ਕਰੋ! )

ਤੁਸੀਂ ਯਿਸੂ ਦੀ ਮੇਜ਼ ਤੇ ਹਰ ਸਮੇਂ ਭੋਜਨ ਕਰ ਸੱਕਦੇ ਹੋ;
ਉਹ ਜਿਹਨੇ ਭੀੜਾਂ ਨੂੰ ਖੁਆਇਆ ਅਤੇ ਪਾਣੀ ਦੀ ਮੈ ਬਣਾ ਦਿੱਤੀ,
ਜੋ ਭੁੱਖੇ ਹਨ ਉਹਨਾਂ ਨੂੰ ਉਹ ਬੁਲਾਉਂਦਾ ਹੈ, ਹੁਣ " ਆਓ ਅਤੇ ਭੋਜਨ ਛਕੋ। "

349 ਔਹ, ਮੇਰੇ ਪ੍ਰਭੂ ਕੀ ਤੁਸੀਂ ਭੁੱਖੇ ਹੋ? [ਸੰਗਤ ਅਨੰਦ ਮਨਾਉਂਦੀ ਹੈ-ਸੰਪਾ] "ਧੰਨ ਹਨ ਉਹ ਜੋ ਧਰਮ ਦੇ ਭੁੱਖੇ ਅਤੇ ਪਿਆਸੇ ਹਨ। "

350 ਕੀ ਤੁਸੀਂ ਉਸ ਨਾਲ ਪਿਆਰ ਕਰਦੇ ਹੋ? [ਸੰਗਤ ਆਖਦੀ ਹੈ, " ਅਮਨ। "-ਸੰਪਾ]ਕੀ ਤੁਸੀਂ ਉਸ ਨੂੰ ਪਿਆਰ ਕਰਦੇ ਹੋ? ਕੀ ਤੁਸੀਂ *ਉਸ ਨਾਲ ਪਿਆਰ ਕਰਨ* ਦੀ ਚਾਬੀ ਨੂੰ ਜਾਣਦੇ ਹੋ?

ਆਪਣੀ ਚਾਨਣੀ ਦੇਣੀ ਬੰਦ ਕਰ ਦੇਵੇਗਾ। " ਮੈਂ ਕਿਹਾ ਸੀ, " ਸ਼ਾਇਦ ਇਸ ਦਾ ਮਤਲਬ ਇਹ ਹੀ ਹੈ। "

345 ਮੈਂ ਕਿਹਾ ਸੀ, "ਕੁੱਲੇ ਘੋੜੇ ਦਾ ਅਰਥ ਹੈ ਕਿ ਬਹੁਤ ਸਾਰੀ ਬਿਮਾਰੀ ਆ ਰਹੀ ਹੈ। " ਪ੍ਰੰਤੂ ਹੁਣ ਮੈਂ ਨਹੀਂ ਜਾਣਦਾ ਹਾਂ ਕਿ ਇਸਦਾ ਕੀ ਅਰਥ ਹੈ। ਪ੍ਰੰਤੂ ਉਸ ਵੇਲੇ ਇਹ ਮੇਰੀ ਅਪਣੀ ਵਿਆਖਿਆ ਸੀ ਕਿਉਂਕਿ ਮੈਂ ਜਿੰਨਾ ਹੋ ਸਕਿਆ ਕੋਸ਼ਿਸ਼ ਕਰਕੇ ਇੱਥੇ ਪੁਲਪਿਟ ਤੇ ਖੜੇ ਹੋ ਕੇ ਇਸਦੇ ਬਾਰੇ ਵਿੱਚ ਦੱਸਿਆ ਸੀ।

346 ਪਰ, ਔਹ, ਮੈਂ ਕੁਝ ਕਹਿ ਦਿੱਤਾ ਸੀ!ਠੀਕ ਹੈ। ਹੂੰ !ਔਹ !ਤੁਸੀਂ ਵੇਖੋਗੇ। ਸਿਰਫ ਧਿਆਨ ਦਿਓ, ਸਮਝੋ।

347 ਹੁਣ, ਔਹ, ਕੀ ਅਸੀਂ ਇਸ ਸਮੇਂ ਲਈ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ ਖੁਸ਼ ਨਹੀਂ ਹਾਂ ! [ਸੰਗਤ ਆਖਦੀ ਹੈ, " ਅਮੀਨ। "-ਸੰਪਾ]ਜਦ ਅਸੀਂ ਇਹਨਾਂ ਗੱਲਾਂ ਨੂੰ ਹੁੰਦਿਆ ਹੋਇਆਂ ਵੇਖਦੇ ਹਾਂ, ਮੈਂ ਸੋਚਦਾ ਹਾਂ :

> ਕੌਮਾਂ ਟੁੱਟ ਰਹੀਆਂ ਹਨ, ਇਸਰਾਇਲ ਜਾਗ ਰਿਹਾ ਹੈ,
> ਨਬੀਆਂ ਰਾਹੀਂ ਪਹਿਲਾਂ ਦੱਸੇ ਗਏ ਨਿਸ਼ਾਨ ;
> ਪਰਾਈਆਂ ਜਾਤੀਆਂ ਦੇ ਦਿਨ ਗਿਣੇ ਹੋਏ ਹਨ, ਅਤੇ
> ਭੈ ਦੇ ਨਾਲ ਭਰੇ ਪਏ ਹਨ;
> "ਹੇ ਖਿੰਡੇ ਹੋਇਓ, ਆਪਣਿਆ ਵੱਲ ਪਰਤ ਆਓ। "
>
> ਛੁਟਕਾਰੇ ਦਾ ਦਿਨ ਹੈ ਨੇੜੇ,
> ਲੋਕਾਂ ਦੇ ਦਿਲ ਡਰ ਨਾਲ ਡੁੱਬੇ ਪਏ ਹਨ;
> ਆਤਮਾ ਦੇ ਨਾਲ ਭਰ ਜਾਓ, ਆਪਣੀਆਂ
> ਮਸਾਲਾਂ ਨੂੰ ਸਾਫ ਅਤੇ ਠੀਕ ਕਰ ਲਓ,
> ਉਤਾਂਹ ਵੇਖੋ ਤੁਹਾਡਾ ਛੁਟਕਾਰਾ ਹੈ ਨੇੜੇ!( ਹੇ ਮੇਰੇ !)
>
> ਝੂਠੇ ਨਬੀ ਝੂਠ ਬੋਲ ਰਹੇ ਹਨ, ਪ੍ਰਮੇਸ਼ੁਰ ਦੀ ਸੱਚਾਈ
> ਇਨਕਾਰ ਕਰ ਰਹੇ ਹਨ,
> ਉਹ ਯਿਸੂ ਜੋ ਮਸੀਹ ਹੈ ਸਾਡਾ ਖੁਦਾ ਹੈ;
> ਕੀ ਤੁਸੀ ਇਸਦਾ ਵਿਸ਼ਵਾਸ਼ ਕਰਦੇ ਹੋ ?[ ਸੰਗਤ ਆਖਦੀ ਹੈ, " ਆਮੀਨ। "-ਸੰਪਾ]
> ਪ੍ਰੰਤੂ ਅਸੀਂ ਉਸ ਰਾਹ ਤੇ ਚੱਲਾਂਗੇ ਜਿਸ ਰਾਹ ਤੇ ਚੇਲੇ ਚੱਲੇ ਸਨ।
>
> ਕਿਉਂਕਿ ਛੁਟਕਾਰੇ ਦਾ ਦਿਨ ਹੈ ਨੇੜੇ,
> ਲੋਕਾਂ ਦੇ ਦਿਲ ਡਰ ਨਾਲ ਡੁੱਬੇ ਪਏ ਹਨ;
> ਆਤਮਾ ਦੇ ਨਾਲ ਭਰ ਜਾਓ, ਆਪਣੀਆਂ
> ਮਸਾਲਾਂ ਨੂੰ ਸਾਫ ਅਤੇ ਠੀਕ ਕਰ ਲਓ,
> ਉਤਾਂਹ ਵੇਖੋ ਤੁਹਾਡਾ ਛੁਟਕਾਰਾ ਹੈ ਨੇੜੇ!

# ਤੀਜੀ ਮੋਹਰ
# THE THIRD SEAL

ਮਿੱਤਰੋ ਸ਼ਾਮ ਦਾ ਸਲਾਮ। ਆਓ ਹੁਣ ਇੱਕ ਪਲ ਲਈ ਦੁਆ ਵਾਸਤੇ ਖੜੇ ਹੋਈਏ। ਅਸੀਂ ਆਪਣੇ ਸਿਰਾਂ ਨੂੰ ਝੁਕਾਈਏ।

2 ਸਾਡੇ ਸਵਰਗੀ ਪਿਤਾ, ਜਿਵੇਂ ਅਸੀਂ ਉਸ ਸੁੰਦਰ ਭਜਨ ਨੂੰ ਸੁਣਦੇ ਹਾਂ, ਪ੍ਰਭੂ ਅਸੀਂ ਸੋਚਦੇ ਹਾਂ .......ਕਿ ਤੂੰ ਨੇੜੇ ਹੈਂ। ਅਰ ਅਸੀਂ ਦੁਆ ਕਰਦੇ ਹਾਂ ਕਿ ਅੱਜ ਰਾਤ ਤੂੰ ਸਾਡੇ ਪਾਪਾਂ ਅਤੇ ਦੋਸ਼ਾਂ ਨੂੰ ਮਾਫ ਕਰਕੇ ਸਾਨੂੰ ਆਪਣੇ ਬੱਚਿਆਂ ਦੇ ਰੂਪ ਵਿੱਚ ਕਬੂਲ ਕਰੇਂਗਾ, ਅਤੇ ਆਪਣੀਆਂ ਬਰਕਤਾਂ ਸਾਨੂੰ ਦੇਵੇਂਗਾ, ਕਿਉਂਕਿ ਅਸੀਂ ਲੋੜਵੰਦ ਲੋਕ ਹਾਂ।

3 ਅਤੇ ਇਸ ਮਹਾਨ ਸਮੇਂ ਵਿੱਚ ਜਿਸ ਵਿੱਚ ਕਿ ਅਸੀਂ ਰਹਿ ਰਹੇ ਹਾਂ ਅਤੇ ਅਸੀਂ ਹਰ ਸਾਲ ਵੇਖਦੇ ਹਾਂ ਕਿ ਸੰਸਾਰ ਲਈ ਹਨੇਰਾ ਹੀ ਹਨੇਰਾ ਹੁੰਦਾ ਜਾਂਦਾ ਹੈ। ਅਤੇ ਜਿਉਂ-ਜਿਉਂ ਪ੍ਰਭੂ ਆਪਣੇ ਆਪ ਨੂੰ ਆਪਣੇ ਵਚਨ ਵਿੱਚ ਅਤੇ ਆਪਣੇ ਪ੍ਰਗਟਾਵੇ ਵਿੱਚ ਪ੍ਰਗਟ ਕਰ ਰਿਹਾ ਹੈ, ਉਵੇਂ-ਉਵੇਂ ਉਸਦੀ ਆਮਦ ਹੋਰ ਵੀ ਸਪੱਸ਼ਟ ਹੁੰਦੀ ਜਾ ਰਹੀ ਹੈ। ਪ੍ਰਭੂ ਅੱਜ ਰਾਤ ਫਿਰ ਅਸੀਂ ਇਸ ਸਭਾ ਵਿੱਚ ਇਸ ਪੋਥੀ ਦੀ ਤੀਜੀ ਮੋਹਰ ਨੂੰ ਖੋਲ੍ਹਣ ਦਾ ਯਤਨ ਕਰਨ ਆਏ ਹਾਂ। ਅਤੇ ਪ੍ਰਭੂ, ਅਸੀਂ ਤੇਰੇ ਅੱਗੇ ਬੇਨਤੀ ਕਰਦੇ ਹਾਂ ਕਿ ਤੂੰ ਸਾਡੇ ਤੇ ਇਸ ਤੀਜੀ ਮੋਹਰ ਨੂੰ ਖੋਲ੍ਹ ਤਾਂ ਕਿ ਇਹ ਮੋਹਰ ਸਾਡੇ ਤੇ ਪ੍ਰਗਟ ਹੋ ਜਾਵੇ; ਤਾਂ ਕਿ ਸਾਨੂੰ ਇਹ ਪਤਾ ਲੱਗ ਜਾਵੇ ਕਿ ਅਸੀਂ ਕੀ ਕਰਨਾ ਹੈ, ਅਤੇ ਅਸੀਂ ਕਿਸ ਤਰ੍ਹਾਂ ਜੀਉਣਾ ਹੈ ਅਤੇ ਅਸੀਂ ਕਿਸ ਤਰ੍ਹਾਂ ਵਧੀਆ ਮਸੀਹੀ ਬਣ ਸੱਕਦੇ ਹਾਂ।

4 ਪਰਮੇਸ਼ੁਰ ਮੈਂ ਦੁਆ ਕਰਦਾ ਹਾਂ ਕਿ ਅੱਜ ਰਾਤ ਤੂੰ ਇਹ ਬਖਸ਼ ਦੇ ਕਿ ਇੱਥੇ ਹਾਜ਼ਰ ਹਰ ਇੱਕ ਉਹ ਮਨੁੱਖ ਜੋ ਮਸੀਹੀ ਨਹੀਂ ਹੈ ਉਸਨੂੰ ਮਹਿਸੂਸ ਹੋਵੇ ਕਿ ਉਸਨੂੰ ਤੇਰੀ ਲੋੜ ਹੈ। ਅਤੇ ਸੁਰਗੀ ਪਿਤਾ, ਮੈਂ ਦੁਆ ਕਰਦਾ ਹਾਂ ਕਿ ਨਵੇਂ ਸਿਰੇ ਤੋਂ ਜੰਮਿਆ ਹਰ ਇੱਕ ਮਸੀਹੀ ਇਹ ਅਨੁਭਵ ਕਰੇ ਕਿ ਉਸਨੂੰ ਪਹਿਲਾਂ ਤੋਂ ਵੀ ਵੱਧ ਤੇਰੇ ਨੇੜੇ ਰਹਿਣਾ ਹੈ, ਤਾਂ ਕਿ ਅਸੀਂ ਸਾਰੇ ਉਸ ਮਸੀਹੀ ਪਿਆਰ ਅਤੇ ਵਿਸ਼ਵਾਸ ਵਿੱਚ ਇੱਕ ਹੋਈਏ।

5 ਪ੍ਰਭੂ ਬਖਸ਼ ਦੇ ਕਿ ਅੱਜ ਰਾਤ ਹਰੇਕ ਬਿਮਾਰ ਜੋ ਕਿ ਸਾਡੇ ਵਿੱਚ ਹੈ ਚੰਗਾਈ ਪਾ ਜਾਵੇ। ਉਹ ਤੇਰੀ ਲੋੜ ਨੂੰ ਮਹਿਸੂਸ ਕਰਦੇ ਹਨ ਅਤੇ ਪਿਤਾ ਮੈਂ ਦੁਆ ਕਰਦਾ ਹਾਂ ਕਿ ਤੂੰ ਹਰੇਕ ਚੀਜ਼ ਤੇ ਜੋ ਤੇਰੀ ਮਹਿਮਾ ਅਤੇ ਸਨਮਾਨ ਦੇ ਲਈ ਕੀਤੀ ਅਤੇ ਕਹੀ ਗਈ ਹੈ ਬਰਕਤ ਦੇ, ਇਹ ਦੁਆ ਅਸੀਂ ਯਿਸੂ ਦੇ ਨਾਮ ਵਿੱਚ ਅਸੀਂ ਮੰਗਦੇ ਹਾਂ। ਆਮੀਨ।

6 ਇਹ ਬਹੁਤ ਹੀ ਚੰਗੀ ਗੱਲ ਹੈ ਕਿ ਅੱਜ ਰਾਤ ਅਸੀਂ ਫਿਰ ਇਸ ਹਫਤੇ ਦੇ ਬੁੱਧਵਾਰ ਦੀ ਰਾਤ ਨੂੰ ਇਸ ਸੰਗਤੀ ਲਈ ਇਕੱਠੇ ਹੋਏ ਹਾਂ। ਅਤੇ ਅੱਜ ਰਾਤ ਅਸੀਂ ਪ੍ਰਭੂ ਤੇ ਵਿਸ਼ਵਾਸ਼ ਕਰ ਰਹੇ ਹਾਂ ਕਿ ਉਹ ਆਪਣੇ ਵਚਨ ਦੇ ਉੱਤੇ ਆਪਣੀਆਂ ਮਹਾਨ ਬਰਕਤਾਂ ਦੀ ਬਾਰਿਸ਼ ਕਰੇਗਾ। ਅਤੇ

ਰੋਜਾਨਾ ਦੀ ਤਰ੍ਹਾਂ ਅੱਜ ਵੀ ਮੈਂ ਅਧਿਐਨ ਕਰ ਰਿਹਾ ਸੀ, ਅਤੇ ਉਨ੍ਹਾਂ ਗੱਲਾਂ ਦੇ ਬਾਰੇ ਵਿੱਚ ਸੋਚਣ ਦੀ ਕੋਸ਼ਿਸ਼ ਕਰ ਰਿਹਾ ਸੀ ਜੋ ਕਹਿਣ ਲਈ ਜਿਆਦਾ ਲਾਭਦਾਇਕ ਅਤੇ ਢੁੱਕਵੀਆਂ ਹਨ, ਅਤੇ ਉਸ ਗੱਲ ਨੂੰ ਕਿਵੇਂ ਆਖਣਾ ਹੈ, ਅਤੇ ਮੈਂ ਇਸ ਲਿਖੇ ਵਚਨ ਦੇ ਅਨੁਵਾਦ ਲਈ ਪ੍ਰਭੂ ਦੇ ਉੱਤੇ ਹੀ ਨਿਰਭਰ ਹਾਂ। ਅਤੇ ਇਸਦੇ ਲਈ ਮੈਂ ਉਹਦਾ ਸ਼ੁਕਰ ਗੁਜ਼ਾਰ ਹਾਂ ਜੋ ਕਿ ਉਹਨੇ ਸਾਡੇ ਲਈ ਇਸ ਹਫਤੇ ਦੇ ਦੋਰਾਨ ਕੀਤੇ ਹਨ .......ਅਤੇ ਉਨ੍ਹਾਂ ਮੋਹਰਾਂ ਦੇ ਖੁੱਲ੍ਹਣ ਲਈ ਧੰਨਵਾਦੀ ਹਾਂ।

7 ਅਤੇ ਹੁਣ, ਸ਼ਾਇਦ ਇਹ ਇੱਕ ਚੰਗੀ ਗੱਲ ਹੋਵੇਗੀ ਤੇ ਐਤਵਾਰ ਦੀ ਸਵੇਰ .........ਤੁਸੀਂ ਜਾਣਦੇ ਹੋ ਕਿ ਕਈ ਵਾਰ .........ਅਸੀਂ ਕਿਸੇ ਗੱਲ ਦਾ ਅਰਥ ਗਲਤ ਨਹੀਂ ਸਮਝਣਾ ਚਾਹੁੰਦੇ ਹਾਂ ਪ੍ਰੰਤੂ ਤੁਸੀਂ ਜਾਣਦੇ ਹੋ ਕਿ ......ਇਹ ਇਸ ਤਰ੍ਹਾਂ ਹੋ ਜਾਂਦਾ ਹੈ। ਅਤੇ ਇਸ ਲਈ ਹੋ ਸੱਕਦਾ ਕਿ ਐਤਵਾਰ ਸਵੇਰ ........ਜੇ ਇਨ੍ਹਾਂ ਮੋਹਰਾਂ ਦੇ ਬਾਰੇ ਵਿੱਚ ਕਿਸੇ ਦੇ ਵੀ ਦਿਮਾਗ ਵਿੱਚ ਕੋਈ ਪ੍ਰਸ਼ਨ ਹੈ ਤਾਂ ਉਹ ਉਸਨੂੰ ਲਿਖ ਲਵੇ,ਅਤੇ ਸ਼ਨੀਵਾਰ ਰਾਤ ਨੂੰ ਇੱਥੇ ਮੇਜ਼ ਤੇ ਰੱਖ ਦੇਵੇ ਤਾਂ ਕਿ ਮੈਂ ਵੇਖ ਸਕਾਂ ਇਹ ਕੀ ਹੈ। ਅਤੇ ਜੇ ਪ੍ਰਭੂ ਦੀ ਮਰਜ਼ੀ ਹੋਈ ਤਾਂ ਮੈਂ ਐਤਵਾਰ ਦੀ ਸਵੇਰ ਨੂੰ ਉਨ੍ਹਾਂ ਦਾ ਤੁਹਾਨੂੰ ਜਵਾਬ ਦੇਣ ਦੀ ਕੋਸ਼ਿਸ਼ ਕਰੂੰਗਾ। ਮੈਂ ਸੋਚਦਾ ਹਾਂ ਕਿ ਇਹ ਉਸ ਤੋਂ ਵਧੀਆ ਹੋਵੇਗਾ ਜਿਹਦੀ ਕਿ ਅਸੀਂ ਯੋਜਨਾ ਬਣਾ ਰਹੇ ਹਾਂ, ਕਿਉਂਕਿ ਤੁਸੀਂ ਜਾਣਦੇ ਹੋ ਕਿ ਕਈ ਵਾਰ ਇਹ ਗਲਤ ਸਮਝ ਲਿਆ ਜਾਂਦਾ ਹੈ। ਅਤੇ ਇਸ ਲਈ ਇਸ ਢੰਗ ਨਾਲ ਮੈਂ ਪ੍ਰਾਪਤ ਕਰ ਲਵਾਂਗਾ .......ਤੁਸੀਂ ਜਾਣਦੇ ਹੋ ਕਿ ਇਸ ਤਰ੍ਹਾਂ ਕਰਨਾ ਵਧੀਆ ਹੋਵੇਗਾ ਕਿ ਮੈਂ ਸਿੱਧਾ ਇਸ ਤੇ ਆਵਾਂ। ਇਹ ਇਸੇ ਤਰ੍ਹਾਂ ਹੀ ਹੋਵੇਗਾ ਜਿਸ ਤਰ੍ਹਾਂ ਇਸਨੂੰ ਹੋਣਾ ਚਾਹੀਦਾ ਹੈ। ਕਿਉਂਕਿ ਕਈ ਵਾਰ, ਹੁਣ ........

8 ਅਰ ਕਿਸੇ ਨੇ ਅੱਜ ਮੈਨੂੰ ਬੁਲਾਇਆ ਸੀ ਅਤੇ ਮੈਨੂੰ ਕਿਹਾ .......ਉਹ ਇਹ ਜਾਨਣਾ ਚਾਹੁੰਦਾ ਸੀ ਕੀ ਇਹ ਸੱਚ ਹੈ ਕਿ "ਜਦ ਸੁਰਗ ਤੇ ਉਠਾਇਆ ਜਾਣਾ ਹੋਵੇਗਾ ਤਾਂ ਇੱਕ ਜਣਾ ਜੈਫਰਸਿਨਵਿਲੇ ਵਿੱਚੋਂ ਅਤੇ ਦੂਸਰਾ ਨਿਯੂ ਯਾਰਕ ਵਿੱਚੋਂ ਅਤੇ ਬਾਕੀ ਸਾਰੇ ਸਮੁੰਦਰ ਪਾਰ ਦੇ ਹੋਣਗੇ। " ਇਸ ਲਈ ਤੁਸੀਂ ਵੇਖਿਆ ਕਿ ਇਸ ਤਰ੍ਹਾਂ ਗਲਤ ਸਮਝ ਲਿਆ ਗਿਆ ਹੈ। ਇਸ ਤੋਂ ਬਾਦ ਕਿਸੇ ਨੇ ਮੈਨੂੰ ਕਿਹਾ ਸੀ, " ਜੇ ਸ਼ਨੀਵਾਰ ਰਾਤ ਨੂੰ ਪ੍ਰਭੂ ਸਾਡੇ ਤੇ ਆਖਰੀ ਮੋਹਰ ਪ੍ਰਗਟ ਦਿੰਦਾ ਹੈ ਤਾਂ ਐਤਵਾਰ ਸਵੇਰ ਨੂੰ ਯਿਸੂ ਇੱਥੇ ਹੋਵੇਗਾ। " ਵੇਖਿਆ? ਇਸ ਲਈ ਤੁਸੀਂ ਵੇਖੋ, .....ਇਹ ਇਸ ਤਰ੍ਹਾਂ ਨਹੀਂ ਹੈ। ਤੁਸੀਂ ਇਸਨੂੰ ਗਲਤ ਨਾ ਸਮਝੋ ......ਇਹ ਇਸ ਤਰ੍ਹਾਂ ਨਹੀਂ ਹੈ।

9 ਅਸੀਂ ਨਹੀਂ ਜਾਣਦੇ ਹਾਂ। ਜੇ ਕੋਈ ਤੁਹਾਨੂੰ ਕਹਿੰਦਾ ਹੈ ਕਿ ਉਹ ਜਾਣਦਾ ਹੈ ਕਿ ਯਿਸੂ ਕਦ ਆ ਰਿਹਾ ਹੈ ਤਾਂ ਤੁਸੀਂ ਸਮਝ ਲਵੋ ਕਿ ਮੁੱਢੋ ਹੀ ਗਲਤ ਹੈ ਕਿਉਂਕਿ ਕੋਈ ਵੀ ਇਹ ਨਹੀਂ ਜਾਣਦਾ ਹੈ। ਪਰ ਅਸੀਂ ਅੱਜ ਅਸੀਂ ਇਸ ਢੰਗ ਨਾਲ ਜੀਉਣਾ ਚਾਹੁੰਦੇ ਹਾਂ ਕਿ ਜਿਵੇਂ ਉਹ ਅੱਜ ਹੀ ਆ ਰਿਹਾ ਹੈ।

10 ਹੁਣ ਮੈਂ ਇੱਕ ਮਿੰਟ ਲਈ ਤੁਹਾਡਾ ਧਿਆਨ ਇੱਧਰ ਮੋੜਨਾ ਚਾਹੁੰਦਾ ਹਾਂ ਇਸ ਲਈ ਤਿਆਰ ਰਹੋ। ਮੈਂ ਨਿਹਚਾ ਕਰਦਾ ਹਾਂ ਕਿ ਯਿਸੂ ਮਸੀਹ ਆਪਣੇ ਸਮੇਂ ਦੇ ਮੁਤਾਬਿਕ ਹੁਣ ਤੋਂ ਤਿੰਨ ਮਿੰਟ ਬਾਦ ਆ ਜਾਵੇਗਾ। ਤੁਸੀਂ ਜਾਣਦੇ ਹੋ ਕਿ ਇਹ ਕਿੰਨਾ ਸਮਾਂ ਹੋਵੇਗਾ? ਲੱਗ-ਭੱਗ ਪੈਂਤੀ ਸਾਲ। ਵੇਖੋ, ਕਿ ਹਜਾਰ ਸਾਲ ਉਸਦੇ ਅੱਗੇ ਇੱਕ ਦਿਨ ਦੇ ਬਰਾਬਰ ਹੈ।



337 ਜਦ ਚਹੁੰ ਜੰਤੂਆਂ ਨੇ ਕਿਹਾ, " ਆ ਅਤੇ ਵੇਖ," ਅਤੇ ਉਹ ਗਏ ਅਤੇ ਉਹਨਾਂ ਨੇ ਉਸੇ ਤਰ੍ਹਾਂ ਹੀ ਵੇਖਿਆ ਸੀ।

338 ਅਤੇ ਉਸਨੇ ਕਿਹਾ, " ਕਣਕ ਅਠੰਨੀ ਦੀ ਸੇਰ ਅਤੇ ਤੋਲ .....ਅਤੇ ਇਸ ਤਰ੍ਹਾਂ ਦਾ ਲੱਗਭੱਗ ਇੰਨੇ ਹੀ ਜੌਂ ਤੋਲ ਲੈ। " ਪ੍ਰੰਤੂ ਤਦ ਲੇਲਾ ਉਹਨਾਂ ਦੇ ਵਿੱਚੋਂ ਉੱਚੀ ਅਵਾਜ਼ ਨਾਲ ਬੋਲਿਆ ਅਤੇ ਕਿਹਾ, " ਪ੍ਰੰਤੂ ਤੇਲ ਅਤੇ ਮੈ ਦਾ ਵਿਗਾੜ ਨਾ ਕਰੀਂ!" ਜੀ ਹਾਂ, ਇਹ ਸਹੀ ਗੱਲ ਹੈ। ਹੇ ਮੇਰੇ ਖੁਦਾ! ਇਸਨੂੰ ਸੁਣੋ," ਤੂੰ ਇਸਦਾ ਵਿਗਾੜ ਨਾ ਕਰੀਂ ਨਹੀਂ ਤਾਂ ਤੈਨੂੰ ਕਿਸੇ ਦਿਨ ਇਸਦਾ ਮੁੱਲ ਚੁਕਾਉਣਾ ਪਵੇਗਾ। " ਹੇ ਮੇਰੇ, ਪ੍ਰਭੂ! ਨੌਂ ਵੱਜ ਕੇ ਤੀਹ ਮਿੰਟ ਹੋ ਗਏ ਹਨ।

339 ਅੱਛਾ, ਮੇਰੀ ਚੰਗੀ ਸਮਝ ਦੇ ਮੁਤਾਬਕ ਤੇ ਜਿੰਨਾ ਕੁ ਚੰਗਾ ਮੈਂ ਜਾਣਦਾ ਹਾਂ ਅਤੇ ਆਪਣੇ ਹਿਰਦੇ ਨਾਲ ਜਿੰਨਾ ਮੈਂ ਵਿਸ਼ਵਾਸ਼ ਕਰਦਾ ਹਾਂ ਉਸਦੇ ਅਨੁਸਾਰ ਇਹਨਾਂ ਤਿੰਨਾਂ ਮੋਹਰਾਂ ਦਾ ਇਹ ਹੀ ਸੱਚਾ ਅਰਥ ਹੈ। ਮੈਂ ਇਹਦੇ ਲਈ ਖੁਦਾ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਅਤੇ ਮੈਂ ਇਹ ਕਹਿਣਾ ਚਹੁੰਦਾ ਹਾਂ ਕਿ ਇਹ ਉਹ ਪ੍ਰਕਾਸ਼ ਹੈ ਜਿਹੜਾ ਉਸਨੇ ਮੈਨੂੰ ਦਿੱਤਾ ਹੈ। ਉਸਨੇ ਮੈਨੂੰ ਇਸਦਾ ਪ੍ਰਕਾਸ਼ ਦਿੱਤਾ ਹੈ। ਅਤੇ ਮੈਂ ਨਿਹਚਾ ਕਰਦਾ ਹਾਂ ਕਿ ਅਸੀਂ ਆਖਰੀ ਦਿਨਾਂ ਵਿੱਚ ਰਹਿ ਰਹੇ ਹਾਂ।

340 ਕੱਲ ਰਾਤ ਅਸੀਂ ਉਸ ਕੁੱਲੇ ਘੋੜੇ ਦੇ ਸਵਾਰ ਨੂੰ ਲਵਾਂਗੇ। ਅਤੇ ਇਸ ਵੇਲੇ ਮੈਂ ਉਸਦੇ ਬਾਰੇ ਵਿੱਚ ਨਹੀਂ ਜਾਣਦਾ ਹਾਂ। ਮੈਂ ਨਹੀਂ ਜਾਣਦਾ ਹਾਂ। ਖੁਦਾ ਜਾਣਦਾ ਹੈ ਕਿ ਇਹ ਸੱਚ ਹੈ। ਨਹੀਂ ਜੀ। ਮੈਂ ਇਸਦੇ ਬਾਰੇ ਵਿੱਚ ਨਹੀਂ ਜਾਣਦਾ ਹਾਂ।

341 ਮੈਂ ਆਪਣੇ ਪੁਰਾਣੇ ਵਿਸ਼ੇ ਤੇ ਜਿਹਨੂੰ ਮੈਂ ਬਹੁਤ ਸਾਲ ਪਹਿਲਾਂ ਪ੍ਰਚਾਰਿਆ ਸੀ ਨਿਗਾਹ ਮਾਰੀ ਸੀ। ਕੁਝ ਦੇਰ ਪਹਿਲਾਂ ਮੈਂ ਭਾਈ ਗ੍ਰਾਹਮ ਸਨੈਲਿੰਗ ਨੂੰ ਵੇਖਿਆ ਸੀ ; ਉਹ ਸ਼ਾਇਦ ਬਾਹਰ ਚਲਾ ਗਿਆ ਹੈ। ਪਰ ਮੈਨੂੰ ਯਾਦ ਹੈ ਕਿ ਜਦ ਮੈਂ ਇਸਦਾ ਪਹਿਲਾਂ ਪ੍ਰਚਾਰ ਕਰ ਰਿਹਾਂ ਸਾਂ। ਮੈਂ ਨਿਗਾਹ ਮਾਰੀ ਕਿ ਮੈਂ ਵੇਖਾਂ ਕਿ ਮੈਂ ਸਾਲਾਂ ਪਹਿਲਾਂ ਕੀ ਕਿਹਾ ਸੀ। ਇੱਕ ਦਿਨ ਮੈਂ ਪ੍ਰਕਾਸ਼ ਦੀ ਪੋਥੀ ਦਾ ਅਧਿਐਨ ਕਰ ਰਿਹਾ ਸੀ ਅਤੇ ਮੈਂ ਚਾਰੇ ਘੋੜ ਸਵਾਰ ਇੱਕੋ ਹੀ ਵਾਰ ਲੈ ਲਏ।

342 ਮੈਂ ਕਿਹਾ ਸੀ, "ਇਸ ਵਿੱਚ ਕੋਈ ਸ਼ੱਕ ਨਹੀਂ ਕਿ ਚਿੱਟਾ ਘੋੜਾ ਸ਼ੁਰੂ ਦੀ ਕਲੀਸਿਯਾ ਸੀ।" ਮੈਂ ਇਹ ਐਡਵਿਨਟਿਸਟਾਂ ਦੀ ਇੱਕ ਕਿਤਾਬ ਵਿੱਚ ਪੜ੍ਹਿਆ ਸੀ। ਅਤੇ ਮੈਂ ਉੱਥੇ ਕੁਝ ਪੜ੍ਹਿਆ। ਮੈਂ ਕਿਹਾ ਸੀ ਕਿ, "ਇਹ ਤਾਂ ਪਹਿਲੀ ਕਲੀਸਿਯਾ ਸੀ ਜਿਹੜੀ ਜਿੱਤ ਪਾਉਂਦੀ ਜਾ ਰਹੀ ਸੀ। " ਅਤੇ ਇਸ ਤੋਂ ਬਾਦ ਕਾਲਾ ਘੋੜਾ ਆਉਂਦਾ ਹੈ ਅਤੇ ਮੈਂ ਕਿਹਾ ਸੀ .....ਮੈਂ ਹੁਣ ਭੁੱਲ ਗਿਆ ਹਾਂ ਕਿ ਮੈਂ ਕਾਲੇ ਘੋੜੇ ਨੂੰ ਕੀ ਕਿਹਾ ਸੀ। ਮੈਂ ਆਖਿਆ .....

343 ਜਾਂ "ਲਾਲ ਘੋੜਾ, "ਮੈਂ ਕਿਹਾ ਇਸ ਘੋੜੇ ਦਾ ਅਰਥ ਹੈ ਕਿ -ਮੁਸੀਬਤ ਰਾਹ ਵਿੱਚ ਹੈ ਅਤੇ ਇਸਦਾ ਅਰਥ ਹੈ ਕਿ ਬਹੁਤ ਸਾਰੀਆਂ ਲੜਾਈਆਂ ਹੋਣਗੀਆਂ ਜਾਂ ਕੁਝ ਇਸੇ ਤਰ੍ਹਾਂ ਹੀ ਹੋਵੇਗਾ।" ਮੈਂ ਕਿਹਾ ਸੀ, "ਸ਼ਾਇਦ ਬਹੁਤ ਸਾਰੀਆਂ ਲੜਾਈਆਂ ਹੋਣਗੀਆਂ।" ਮੈਂ ਕਿਹਾ, "ਇਹ ਹੀ ਹੈ ਜੋ ਹੋਇਆ ਹੈ।" ਅਤੇ ਇਸ ਤੋਂ ਬਾਦ ਮੈਂ ਕਿਹਾ ਸੀ, "ਕੁੱਲਾ ਘੋੜਾ -...."

344 ਮੈਂ ਕਿਹਾ ਸੀ, " ਕਾਲੇ ਘੋੜੇ ਦਾ ਮਤਲਬ ਹੈ ਕਿ ਹੋ ਸੱਕਦਾ ਹੈ ਕਿ ਧਰਤੀ ਦੇ ਉੱਤੇ ਕਾਲਾ ਸਮਾਂ ਆਵੇ, ਜਦ ਤਾਰੇ ਚਮਕਣੇ ਬੰਦ ਹੋ ਜਾਣਗੇ, ਸੂਰਜ ਹੇਠਾਂ ਚਲਿਆ ਜਾਵੇਗਾ; ਤੇ ਚੰਦ

ਤੂੰ ਉਨ੍ਹਾਂ ਵਿੱਚ ਕੋਈ ਕਿਸੇ ਤਰ੍ਹਾਂ ਦੀ ਗੜਬੜ ਪੈਦਾ ਕਰਨ ਦੀ ਕੋਸ਼ਿਸ਼ ਨਾ ਕਰਨਾ। ਤੂੰ ਬਸ ਉਹਨਾਂ ਤੋਂ ਦੂਰ ਰਹਿਣਾ। ਨਹੀਂ। ਸੱਭ .......

330 ਉਹ ਆਪਣੇ ਵਚਨ ਨੂੰ ਪ੍ਰਮਾਣਿਤ ਕਰਦਾ ਹੈ ਅਤੇ ਉਹਨੂੰ ਅੰਦਰ ਲਿਆਉਂਦਾ ਹੈ। ਉਹ ਵਚਨ ਜਾਣਦੇ ਸਨ। ਉਹ ਜਾਣਦੇ ਸਨ ਕਿ ਉਹ ਦੁਬਾਰਾ ਜੀ ਉੱਠਣਗੇ। ਆਹ ਮੈਂ ਇਹਨੂੰ ਕਿੰਨਾ ਪਸੰਦ ਕਰਦਾ ਹਾਂ !ਵਾਹ!ਉਹ ਫਿਰ ਜੀ ਉੱਠਣਗੇ। ਹੁਣ ਉਹ ਕਾਲਾ ਘੋੜਾ ਇੱਥੇ ਆਉਂਦਾ ਹੈ, ਉਹ ਸਵਾਰ ਹੋ ਕੇ ਹਨੇਰ ਦੇ ਯੁੱਗਾਂ ਵਿੱਚ ਆਉਂਦਾ ਹੈ।

331 ਚਿੱਟਾ ਘੋੜਾ ਗਿਆ; ਅਸੀਂ ਚੰਗੀ ਤਰ੍ਹਾਂ ਵੇਖ ਚੁੱਕੇ ਹਾਂ ਕਿ ਉਸਨੇ ਕੀ ਕੀਤਾ ਸੀ। ਲਾਲ ਘੋੜਾ ਨਿੱਕਲਿਆ ;ਅਸੀਂ ਵੇਖ ਚੁੱਕੇ ਹਾਂ ਕਿ ਉਸਨੇ ਕੀ ਕੀਤਾ ਸੀ। ਹੁਣ ਕਾਲਾ ਘੋੜਾ ਆਉਂਦਾ ਹੈ। ਤੁਸੀਂ ਵੇਖਿਆ ਕਿ ਉਹ ਸਾਰੇ ਸਮੇਂ ਇੱਕ ਹੀ ਸਵਾਰ ਹੈ,ਉਹ ਸਾਰੇ ਯੁੱਗਾਂ ਵਿੱਚ ਕੀ ਕਰਦਾ ਹੈ ਤੁਸੀਂ ਇਹ ਵੇਖ ਚੁੱਕੇ ਹੋ।

332 ਹੁਣ ਅਸੀਂ ਵੇਖਿਆ ਕਿ ਉਹਨੇ ਇਹਨੂੰ ਕਣਕ ਨੂੰ ਅਰਥਾਤ ਸ਼ਰੀਰਕ ਜੀਵਨ ਨੂੰ ਤੋਲਿਆ ਅਤੇ ਇਹਦੀ ਕੀਮਤ ਲਾਈ। ਇਹਦੇ ਤੇ ਹੀ ਉਹ ਜੀ ਰਹੇ ਸਨ।

333 ਪ੍ਰੰਤੂ ਤੇਲ; ਅਤੇ ਦਾਖਰਸ ਦਾ ਅਨੰਦ ਪਵਿੱਤਰ ਆਤਮਾ ਨੂੰ ਦਰਸਾਉਂਦਾ ਹੈ। "ਇਹ ਆਤਮਿਕ ਜੀਵਨ ਹੈ, ਇਹਦਾ ਵਿਗਾੜ ਨਾ ਕਰਨਾ। ਇਸਨੂੰ ਇਕੱਲਾ ਛੱਡ ਦੇ !"ਦੂਜੇ ਸ਼ਬਦਾਂ ਵਿੱਚ, ਰੋਮ ਤੂੰ ਇਹਨੂੰ ਹੱਥ ਨਾ ਲਾਈਂ !ਇਹ ਮੇਰੇ ਹਨ !ਇਹ ਮੇਰੇ ਨਾਲ ਸਬੰਧ ਰੱਖਦੇ ਹਨ!"

334 ਇੱਥੇ ਮੇਰੇ ਕੋਲ ਇੱਕ ਹੋਰ ਗੱਲ ਹੈ ਜਿਸ ਤੋਂ ਤੁਹਾਨੂੰ ਜਾਣੂ ਕਰਵਾਉਣਾ ਚਹੁੰਦਾ ਹਾਂ। ਧਿਆਨ ਦਿਓ, ਇਹ ਚਾਰ ਜੰਤੂਆਂ ਵਿੱਚੋਂ ਇੱਕ ਨਹੀਂ ਸੀ ਜਿਹਨੇ ਆਖਿਆ ਸੀ ਕਿ," ਤੂੰ ਤੇਲ ਅਤੇ ਦਾਖਰਸ ਦਾ ਵਿਗਾੜ ਨਾ ਕਰੀਂ। " ਕੀ ਤੁਸੀਂ ਇਸ ਤੇ ਧਿਆਨ ਦਿੱਤਾ ਹੈ? ਚਾਰ ਜੰਤੂ ਗੱਲ ਕਰ ਰਹੇ ਸਨ ਪਰ ਵੇਖੋ ....ਆਓ ਮੈਂ ਇੱਥੇ ਥੋੜਾ ਜਿਹਾ ਪੜ੍ਹਦਾ ਹਾਂ, ਹੁਣ ਵੇਖੋ।

*.......ਭਈ ਕਣਕ ....ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ ਅਤੇ ਤੇਲ ਅਤੇ ਮੈ ਦਾ ਵਿਗਾੜ ਨਾ ਕਰੀਂ।*

335 ਹੁਣ ਇਸਨੂੰ ਇੱਥੇ ਸੁਣੋ।

*ਅਤੇ ਮੈਂ -ਅਤੇ ਮੈਂ ਉਹਨਾਂ ਚੌਹਾਂ ਜੰਤੂਆਂ ਦੇ ਵਿਚਕਾਰ ਇੱਕ ਅਵਾਜ਼ ਇਹ ਆਖਦੇ ਸੁਣੀ.....*

336 ਇਹ ਕੌਣ ਸੀ?ਇਹ ਲੇਲਾ ਸੀ !ਆਮੀਨ !ਇਹ ਚਾਰ ਜੰਤੂ ਨਹੀਂ ਸਨ। ਲੇਲੇ ਨੇ ਇਹ ਆਖਿਆ ਸੀ। ਕਿਉਂ ਕਿਹਾ ਸੀ? ਕਿਉਂਕਿ ਉਹ ਆਪਣਿਆਂ ਨੂੰ ਲੈਣ ਲਈ ਜਾ ਰਿਹਾ ਸੀ। ਉਹ ਉਸਦੇ ਆਪਣੇ ਹਨ। ਉਸਨੇ ਉਹਨਾਂ ਨੂੰ ਛੁਡਾਇਆ ਸੀ। ਵੇਖਿਆ? ਆਮੀਨ !ਤੂੰ ਉਸ ਤੇਲ ਨੂੰ ਨਾ ਛੂਹਣਾ!" ਸ਼੍ਰੀਮਾਨ ਜੀ ਨਹੀਂ। ਚਾਰ ਜੰਤੂ ਨਹੀਂ ਬਲਕਿ ਇਹ ਲੇਲਾ ਸੀ ਜਿਹਨੇ ਇਹ ਕਿਹਾ ਸੀ। ਹੇ ਮੇਰੇ ਪ੍ਰਭੂ! ਲੇਲੇ ਨੇ ਕਿਹਾ ਸੀ !ਨਹੀਂ ......ਚਾਰ ਜੰਤੂਆਂ ਨੇ ਇਸਦਾ ਐਲਾਨ ਨਹੀਂ ਸੀ ਕੀਤਾ। ਇਹ ਤਾਂ ਖੁਦ ਲੇਲਾ ਸੀ ਜਿਹਨੇ ਇਹ ਆਖਿਆ ਸੀ।



11 ਇਸ ਲਈ ਜਦੋਂ ਤੁਸੀਂ ਸੁਣਦੇ ਹੋ ਕਿ ਰਸੂਲ ਨੇ ਇੱਥੇ ਪਿਛਾਂਹ ਇਹ ਕਿਹਾ ਸੀ, " ਸਮਾਂ ਨੇੜੇ ਹੈ ", ਰਸੂਲ ਨੇ ਇਹ ਪ੍ਰਕਾਸ਼ ਦੀ ਪੋਥੀ ਵਿੱਚ ਕਿਹਾ ਸੀ। ਕੀ ਤੁਸੀਂ ਜਾਣਦੇ ਹੋ ਕਿ ਇਸ ਗੱਲ ਨੂੰ ਕਹੇ ਹੋਏ ਕਿੰਨਾ ਸਮਾਂ ਹੋ ਗਿਆ ਹੈ? ਪ੍ਰਮੇਸ਼ੁਰ ਦੇ ਲਈ ਤਾਂ ਉਹ ਸਿਰਫ ਕੱਲ੍ਹ ਦੀ ਹੀ ਗੱਲ ਹੈ ਇੱਥੋਂ ਤੱਕ ਕਿ ਉਸਦੇ ਲਈ ਤਾਂ ਇਸ ਗੱਲ ਨੂੰ ਕਹੇ ਹੋਏ ਹਾਲੇ ਦੋ ਦਿਨ ਵੀ ਨਹੀਂ ਹੋਏ ਹਨ।

12 ਅਤੇ ਵੇਖੋ, ਜੇ ਉਸਦੀ ਆਮਦ ਵਿੱਚ ਤਿੰਨ ਮਿੰਟ ਜਾਂ ਤਿੰਨ ਮਿੰਟ ਤੋਂ ਵੀ ਘੱਟ ਸਮਾਂ ਹੈ ਤਾਂ ਤੁਸੀਂ ਵੇਖੋ ਕਿ ਇਹ ਸਾਡੇ ਲਈ ਤੀਹ ਸਾਲ ਜਾਂ ਕੁਝ ਇੰਨਾ ਹੀ ਸਮਾਂ ਹੋਵੇਗਾ। ਅਤੇ ਉਸਦੇ ਲਈ ਇਹ ਤਿੰਨ ਮਿੰਟ ਕੀ ਹੋਣਗੇ : ਉਹ ਤਾਂ ਆਉਣ ਲਈ ਪਹਿਲਾਂ ਹੀ ਉੱਠ ਖੜ੍ਹਾ ਹੋਇਆ ਹੋਵੇਗਾ। ਇਸ ਲਈ ਅਸੀਂ ਤੁਸੀਂ .....ਕਿਸੇ ਵੇਲੇ ਜਦ ਤੁਸੀਂ ਇਸਨੂੰ ਇੱਥੇ ਪੜ੍ਹਦੇ ਹੋ ਤਾਂ ਉਹ ਇਸਨੂੰ ਵਚਨ ਦੀ ਬੋਲੀ ਵਿੱਚ ਬੋਲ ਰਿਹਾ ਹੈ, ਨਾ ਕਿ ਸਾਡੀ ਬੋਲੀ ਵਿੱਚ।

13 ਅਤੇ ਫਿਰ ਵੀ ਜੇ ਮੈਂ ਜਾਣਦਾ ਹੋਵਾਂ ਕਿ ਉਹ ਕੱਲ੍ਹ ਰਾਤ ਆ ਰਿਹਾ ਹੈ ਤਾਂ ਮੈਂ ਕੱਲ੍ਹ ਅਧਿਐਨ ਕਰਾਂਗਾ ਅਤੇ ਉਸ ਤੋਂ ਮੰਗਾਂਗਾ ਕਿ ਉਹ ਮੈਨੂੰ ਚੌਥੀ ਮੋਹਰ ਲਈ ਸੰਦੇਸ਼ ਦੇਵੇ। ਅਤੇ ਮੈਂ ਤਾਂ ਇੱਥੇ ਉਸੇ ਤਰ੍ਹਾਂ ਹੀ ਆ ਕੇ ਇਸਦਾ ਪ੍ਰਚਾਰ ਕਰਾਂਗਾ। ਸਮਝੇ? ਜੇ ਉਹ ਆਉਂਦਾ ਹੈ ਤਾਂ ਮੈਂ ਫਿਰ ਵੀ ਆਪਣਾ ਰੋਜ ਦਾ ਕੰਮ ਉਸੇ ਤਰ੍ਹਾਂ ਹੀ ਕਰਦਾ ਰਹਾਂਗਾ ਜਿਵੇਂ ਕਿ ਮੈਂ ਰੋਜ ਕਰਦਾ ਹਾਂ। ਅਤੇ ਇਸ ਤੋਂ ਵੱਡੀ ਗੱਲ ਮੈਂ ਕੋਈ ਹੋਰ ਨਹੀਂ ਸਮਝਦਾ ਹਾਂ ਕਿ ਮੈਂ ਆਪਣੇ ਫਰਜ਼ ਦੇ ਸਥਾਨ ਤੇ ਪਾਇਆ ਜਾਵਾਂ, ਵੇਖਿਆ, ਆਪਣੇ ਫਰਜ ਦੀ ਜਗ੍ਹਾ ਤੇ। ਇਸ ਲਈ ਜਦ ਤੱਕ ਉਹ ਨਹੀਂ ਆਉਂਦਾ ਹੈ ਆਪਣੇ ਕੰਮਾਂ ਤੇ ਲੱਗੇ ਰਹੋ।

14 ਇਸ ਲਈ ਜਦ ਕਦੇ ਅਸੀਂ ਵਚਨ ਨੂੰ ਪੜ੍ਹਦੇ ਹਾਂ ਤਾਂ ਤੁਸੀਂ ਬਹੁਤ ਹੀ ਸਾਵਧਾਨ ਰਹੋ। ਅਤੇ ਜਦ ਤੁਸੀਂ ਪੜ੍ਹਦੇ ਹੋ, ਟੇਪਾਂ ਨੂੰ ਲੈਂਦੇ ਹੋ, ਉਨ੍ਹਾਂ ਨੂੰ ਬਹੁਤ ਹੀ ਧਿਆਨ ਨਾਲ ਸੁਣੋ। ਕਿਉਂਕਿ ਇਹ ਤੁਹਾਨੂੰ ਟੇਪ ਤੇ ਮਿਲ ਜਾਵੇਗਾ, ਕਿਉਂਕਿ ਉਹ ਟੇਪਾਂ ਚਲਾਉਂਦੇ ਹਨ, ਅਤੇ ਇਹ ਬਿਲਕੁੱਲ ਬਹੁਤ ਹੀ ਸਪੱਸ਼ਟ ਅਤੇ ਚੰਗੀਆ ਟੇਪਾਂ ਹਨ।

15 ਹੁਣ, ਹਰ ਇੱਕ ਦਾ ਮਸੀਹ ਦੇ ਨਾਲ ਪਿਆਰ ਹੋਣ ਕਾਰਨ, ਮੈਂ ਉਮੀਦ ਕਰਦਾ ਹਾਂ ਕਿ ਅੱਜ ਰਾਤ ਹਰ ਇੱਕ ਉਸਨੂੰ ਪਿਆਰ ਕਰ ਰਿਹਾ ਹੈ।

16 ਮੈਂ ਤੁਹਾਨੂੰ ਦੱਸਦਾ ਹਾਂ ਕਿ ਕਦੇ-ਕਦੇ ਕਿਹੜੀ ਗੱਲ ਲੋਕਾਂ ਨੂੰ ਗੜਬੜ ਵਿੱਚ ਪਾ ਦਿੰਦੀ ਹੈ, ਇਸ ਤਰ੍ਹਾਂ ਹੁੰਦਾ ਹੈ ਕਿ ਇੱਥੇ ਕੁਝ ਅਜਿਹੇ ਲੋਕ ਆਉਂਦੇ ਹਨ ਜਿਨ੍ਹਾਂ ਨੂੰ ਸੰਗਤੀ ਦਾ ਪਹਿਲਾ ਹਿੱਸਾ ਸੁਣਨ ਨੂੰ ਨਹੀਂ ਮਿਲਦਾ ਹੈ। ਅਤੇ ਜਦ ਉਹ ਇੱਥੇ ਆਉਂਦੇ ਹਨ ਅਤੇ ਤੁਸੀਂ ਪਿਛਲੀਆਂ ਕੁਝ ਗੱਲਾਂ ਨੂੰ ਦੁਹਰਾਉਂਦੇ ਹੋ, ਤਾਂ ਉਹ ਇਹ ਤਾਂ ਸਮਝ ਜਾਂਦੇ ਹਨ ਜੋ ਕਿਹਾ ਜਾ ਰਿਹਾ ਹੁੰਦਾ ਹੈ ਪ੍ਰੰਤੂ ਸੰਗਤ ਦੇ ਪਹਿਲੇ ਹਿੱਸੇ ਨੂੰ ਨਾ ਸੁਣਨ ਕਰਕੇ ਉਹ ਗੜਬੜ ਵਿੱਚ ਪੈ ਜਾਂਦੇ ਹਨ। ਅਤੇ ਉਹ ਸੋਚ ਲੈਂਦੇ ਹਨ ਕਿ ਕੋਈ ਵੱਖਰੀ ਹੀ ਗੱਲ ਕਹੀ ਗਈ ਹੈ। ਪ੍ਰੰਤੂ ਅਸਲ ਵਿੱਚ ਇਸ ਤਰ੍ਹਾਂ ਨਹੀਂ ਹੁੰਦਾ ਹੈ।

17 ਇਸ ਲਈ ਜੇ ਤੁਹਾਡਾ ਕੋਈ ਪ੍ਰਸ਼ਨ ਹੈ ਤਾਂ ਜਿਹੜਾ ਤੁਹਾਨੂੰ ਸਮਝ ਨਹੀਂ ਆਉਂਦਾ ਹੈ ਤਾਂ ਤੁਸੀਂ ਉਸਨੂੰ ਬਸ ਇੱਕ ਕਾਗਜ਼ ਦੇ ਟੁਕੜੇ ਤੇ ਲਿਖ ਲਓ। ਤੁਸੀਂ ਅਪਣੇ ਪ੍ਰਸ਼ਨ ਨੂੰ ਇਸ ਸਮੇਂ

ਦਰਮਿਆਨ ਜਾਂ ਕਿਸੇ ਵੀ ਵੇਲੇ ਜਾਂ ਸ਼ਨੀਵਾਰ ਰਾਤ ਨੂੰ ਇੱਥੇ ਕਿਸੇ ਵੇਲੇ ਵੀ ਇੱਥੇ ਰੱਖ ਦਿਓ। ਅਤੇ ਐਤਵਾਰ ਸਵੇਰ ਨੂੰ ਮੈਂ ਇਸਦਾ ਉੱਤਰ ਦੇਣ ਦੀ ਕੋਸ਼ਿਸ਼ ਕਰਾਂਗਾ ......ਜੇ ਇਹ ਕੁਝ ਗੜਬੜ ਵਿੱਚ ਪਾਉਣ ਵਾਲਾ ਹੈ ਤਾਂ ਜਿਵੇਂ ਕਿ ਤੁਸੀਂ ਕਹਿੰਦੇ ਹੋ, "ਚੰਗਾ, ਮੈਂ ਹੈਾਨ ਹਾਂ ਕਿ ਇਸਦਾ ਕੀ ਮਤਲਬ ਹੈ। ਮੈਂ ਇਸਨੂੰ ਸਮਝ ਨਹੀਂ ਸਕਿਆ ਹਾਂ। " ਤੁਸੀਂ ਜਾਣਦੇ ਹੀ ਹੋ ਕਿ ਮੇਰੇ ਕਹਿਣ ਦਾ ਕੀ ਮਤਲਬ ਹੈ। ਫਿਰ ਜੇਕਰ ਖੁਦਾਵੰਦ ਦੀ ਮਰਜੀ ਹੋਈ ਤਾਂ ਮੈਂ ਐਤਵਾਰ ਸਵੇਰ ਨੂੰ ਤੁਹਾਡੇ ਲਈ ਉਸਦਾ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗਾ।

18 ਹੁਣ ਅੱਜ ਰਾਤ ਅਸੀਂ ਫਿਰ ਇਸ ਪੁਰਾਣੇ ਮੁਬਾਰਕ ਵਚਨ ਵਿੱਚੋਂ 6 ਵੇਂ ਬਾਬ ਵਿੱਚੋਂ ਪੜ੍ਹਾਂਗੇ। ਅਤੇ ਅੱਜ ਰਾਤ ਅਸੀਂ ਤੀਸਰੀ ਮੋਹਰ ਤੋਂ ਸ਼ੁਰੂ ਕਰਾਂਗੇ। ਅਤੇ ਇਹ 5ਵੀਂ ਆਇਤ 5ਵੀ ਅਤੇ 6ਵੀਂ ਆਇਤ ਹੈ।

19 ਅਤੇ ਕੱਲ੍ਹ ਰਾਤ ਨੂੰ ਅਸੀਂ ਚਾਰ ਘੋੜਸਵਾਰਾਂ ਨੂੰ ਖਤਮ ਕਰ ਦਿਆਂਗੇ; ਚਿੱਟਾ ਘੋੜਾ, ਲਾਲ ਘੋੜਾ, ਕਾਲਾ ਘੋੜਾ ਅਤੇ ਕੁੱਲਾ ਅਥਵਾ ਪੀਲਾ ਘੋੜਾ।

20 ਅਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ। ਕਿ ਹਰ ਵਾਰ ਇੱਥੋਂ ਤੱਕ ਕਿ ਅੱਜ ਸਵੇਰ, ਲੱਗ-ਭੱਗ .....ਮੈਂ ਬਹੁਤ ਹੀ ਸਵਖਤੇ ਉੱਠ ਕੇ ਦੁਆ ਵਿੱਚ ਚਲਾ ਜਾਂਦਾ ਹਾਂ ਇਸ ਤੋਂ ਪਹਿਲਾਂ ਕਿ ਹਲ-ਚਲ ਸ਼ੁਰੂ ਹੋਵੇ, ਅਤੇ ਸਾਰਾ ਦਿਨ ਦੁਆ ਵਿੱਚ ਰਹਿੰਦਾ ਹਾਂ। ਪ੍ਰੰਤੂ ਅੱਜ ਸਵੇਰੇ-ਸਵੇਰੇ ਜਿੱਥੇ ਮੈਂ ਸੀ ਪਵਿੱਤਰ ਆਤਮਾ ਉੱਥੇ ਆਇਆ। ਅਤੇ ਮੈਂ ਇਸ ਮੋਹਰ ਨੂੰ ਕਿਸੇ ਵੀ ਚੀਜ਼ ਵਾਂਗੂੰ ਬਿਲਕੁੱਲ ਸਾਫ ਉਸੇ ਤਰ੍ਹਾਂ ਖੁੱਲ੍ਹਦੇ ਹੋਏ ਵੇਖਿਆ ਜਿਸ ਤਰ੍ਹਾਂ ਮੈਂ-ਮੈਂਾਕੀ ਮੋਹਰਾਂ ਨੂੰ ਖੁੱਲ੍ਹਦੇ ਹੋਏ ਵੇਖਿਆ ਸੀ। ਹੁਣ-ਹੁਣ-ਹੁਣ ਮੈਂ ਜਾਣਦਾ ਹਾਂ ਉਹ ਮੇਰੀ ਦੁਆ ਸੁਣਦਾ ਹੈ। ਅਤੇ ਮੈਂ ਉਹਦਾ ਬਹੁਤ ਹੀ ਸ਼ੁਕਰਗੁਜ਼ਾਰ ਹਾਂ।

21 ਹੁਣ ਤੁਸੀਂ ਬਸ ਇਹ ਯਾਦ ਰੱਖੋ ਕਿ ਕੁਝ ਹੋ ਰਿਹਾ ਹੈ। ਮੈਂ ਆਸ ਕਰਦਾ ਹਾਂ ਕਿ ਤੁਸੀਂ ਇਸਨੂੰ ਸਮਝ ਰਹੇ ਹੋ, ਸਮਝੇ, ਵੇਖੋ ਕੁਝ ਹੋ ਰਿਹਾ ਹੈ। ਮੈਂ ਇਸ ਕਲੀਸਿਯਾ ਨੂੰ ਇੱਕ ਵਾਰ ਪਰਖਣਾ ਚਾਹੁੰਦਾ ਹਾਂ ਅਤੇ ਵੇਖਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਅਸਲ ਵਿੱਚ ਹੀ ਕਿਸੇ ਘਟਨਾ ਦੇ ਘਟਣ ਤੋਂ ਪਹਿਲਾਂ ਉਸਨੂੰ ਸਮਝ ਲੈਂਦੇ ਹੋ। ਹੁਣ ਯਾਦ ਰੱਖੋ, ਜੋ ਮੈਂ ਤੁਹਾਨੂੰ ਦੱਸਿਆ ਹੈ। ਅਤੇ ਹੁਣ, ਖੁਦਾ ਸਾਡੀ ਸਹਾਇਤਾ ਕਰੇ।

22 ਹੁਣ 5ਵੀਂ ਆਇਤ ਵਿੱਚ।

*ਜਾਂ ਉਹਨੇ ਤੀਜੀ ਮੋਹਰ ਤੋੜੀ ਤਾਂ ਮੈਂ ਤੀਜੇ ਜੰਤੂ ਨੂੰ ਇਹ ਆਖਦੇ ਸੁਣਿਆ ਭਈ ਆ ਜਾਹ !ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਮੁਸ਼ਕੀ ਘੋੜਾ ਹੈ ਅਤੇ ਉਹਦੇ ਸਵਾਰ ਨੇ ਆਪਣੇ ਹੱਥ ਵਿੱਚ ਤੱਕੜੀ ਫੜੀ ਹੋਈ ਹੈ।*

*ਅਤੇ ਮੈਂ ਓਹਨਾਂ ਚੋਹਾਂ ਜੰਤੂਆਂ ਦੇ ਵਿੱਚ ਇੱਕ ਅਵਾਜ਼ ਜਿਹੀ ਇਹ ਆਖਦੇ ਸੁਣੀ ਭਈ ਕਣਕ ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ ਅਤੇ ਤੇਲ ਅਤੇ .....ਦਾਖ ਰਸ ਦਾ ਵਿਗਾੜ ਨਾ ਕਰੀਂ।*



ਔਹ, ਕੋਈ ਚੀਜ਼ ਉਸਨੂੰ ਹਵਾ ਦੇ ਰਹੀ ਸੀ। ਉਹ ਤਿਆਰ ਸੀ। ਹਾਂ ਜੀ। ਉਹ ਇਸਨੂੰ ਬੁਝਾ ਨਹੀਂ ਸਕੇ। ਉਹ ਤਾਂ ਖੁਦਾ ਦੀ ਅੱਗ ਸੀ ਜੋ ਬਲ ਉੱਠੀ ਸੀ। ਹਾਂ ਜੀ ਸ਼੍ਰੀਮਾਨ। ਉਹਨੇ ਆਖਿਆ, " ਜੇ ਤੁਸੀਂ ਇਸ ਤਰ੍ਹਾਂ ਵਿਸ਼ਵਾਸ਼ ਨਹੀਂ ਕਰਦੇ ਹੋ ਤਾਂ ਤੁਸੀਂ ਉੱਥੇ ਚੱਲੋ ਜਿੱਥੇ ਸੰਗਤ ਚੱਲ ਰਹੀ ਹੈ। ਮੈਂ ਤੁਹਾਨੂੰ ਇਹ ਵਿਖਾਵਾਂਗੀ। " ਜੀ ਹਾਂ ਇਸੇ ਤਰ੍ਹਾਂ ਹੀ ਹੈ। ਹਾਂ ਜੀ ਸ਼੍ਰੀਮਾਨ।

326 ਅਤੇ ਇਸ ਲਈ ਲੋਕ ਨਿੱਕਲ ਕੇ ਉੱਥੇ ਗਏ। ਅਤੇ ਉਸਨੇ ਇਸਨੂੰ ਫਿਰ ਦੁਬਾਰਾ ਨਹੀਂ ਕੀਤਾ। ਪਰ ਉਹ ਜਾਣਦੇ ਸਨ ਕਿ ਉਸ ਔਰਤ ਦੇ ਨਾਲ ਕੁਝ ਘਟਨਾ ਘਟੀ ਹੈ। ਉਹ ਔਰਤ ਬਦਲ ਗਈ ਸੀ, ਇਸ ਲਈ ਉਹਨਾਂ ਨੇ ਯਿਸੂ ਤੇ ਨਿਹਚਾ ਕੀਤੀ। ਹਾਂ ਜੀ ਸ਼੍ਰੀਮਾਨ। ਉਹਨਾਂ ਨੇ ਯਿਸੂ ਤੇ ਨਿਹਚਾ ਕੀਤੀ।

327 ਕਿਉਂਕਿ ਵਿਸ਼ਵਾਸ਼ ਸੁਣਨ ਨਾਲ ਆਉਂਦਾ ਹੈ ਅਤੇ ਸੁਣਨਾ ਪ੍ਰਮੇਸ਼ੁਰ ਦੇ ਕਰਾਰ ਨਾਲ ਪ੍ਰਮੇਸ਼ੁਰ ਦੇ ਵਚਨ ਨਾਲ ਹੁੰਦਾ ਹੈ ਅਤੇ ਉਸਨੂੰ ਸੱਚਾ ਸਾਬਤ ਹੁੰਦੇ ਹੋਏ ਵੇਖਣਾ। ਕਿਉਂਕਿ ਇਹ ਇੱਕ ਬੀਜ ਹੈ। ਅਤੇ ਜਦ ਇਸਨੂੰ ਬੀਜ ਦਿੱਤਾ ਜਾਂਦਾ ਹੈ ਤਾਂ ਇਹ ਜੀਉਣ ਨੂੰ ਲਵੇਗਾ। ਅਤੇ ਇਹ ਉਹ ਹੀ ਉਤਪਤ ਕਰੇਗਾ ਜਿਹਦੇ ਬਾਰੇ ਵਿੱਚ ਇਹ ਗੱਲ ਕਰ ਰਿਹਾ ਹੈ। ਜੇ ਇਹ ਇਸ ਤਰ੍ਹਾਂ ਨਹੀਂ ਕਰਦਾ ਹੈ ਤਾਂ ਇਹ ਖੁਦਾ ਦਾ ਬੀਜ ਨਹੀਂ ਹੈ। ਜਾਂ ਫਿਰ ਬੀਜ ਬੀਜਣ ਵਾਲਾ ਨਹੀਂ ਜਾਣਦਾ ਸੀ ਕਿ ਇਸਨੂੰ ਕਿਸ ਤਰ੍ਹਾਂ ਬੀਜਣਾ ਹੈ, ਜਾਂ ਫਿਰ ਉਸ ਬੀਜ ਬੀਜਣ ਵਾਲੇ ਨੂੰ ਪ੍ਰਮੇਸ਼ੁਰ ਨੇ ਨਹੀਂ ਭੇਜਿਆ ਹੋਵੇਗਾ। ਹੋ ਸੱਕਦਾ ਹੈ ਕਿ ਉਹ ਇਸਨੂੰ ਚੱਟਾਨ ਦੇ ਉੱਤੇ ਜਾਂ ਕਿਤੇ ਹੋਰ ਬੀਜ ਰਿਹਾ ਹੋਵੇ। ਸਮਝੇ? ਇਸ ਲਈ ਤੁਸੀਂ ਵੇਖਦੇ ਹੋ ਕਿ ਬੀਜਣ ਵਾਲਾ ਬੀਜ ਬੀਜਦਾ ਹੈ ਅਤੇ ਜੇ ਉਹ ਠੀਕ ਜਗ੍ਹਾ ਡਿੱਗਦਾ ਹੈ ਤਾਂ ਪ੍ਰਮੇਸ਼ੁਰ ਇਸਦੀ ਦੇਖ ਭਾਲ ਕਰਦਾ ਹੈ। ਹੇ ਮੇਰੇ, ਖੁਦਾ !

328 ਤਦ ਉਹਨੇ ਇਸ ਕਾਲੇ ਘੋੜੇ ਦੇ ਸਵਾਰ ਨੂੰ ਕੀ ਕਿਹਾ ਸੀ ? " ਤੂੰ ਮੇਰੀ ਦਾਖਰਸ ਅਤੇ ਮੇਰੇ ਤੇਲ ਦਾ ਵਿਗਾੜ ਨਾ ਕਰੀਂ ! ਤੂੰ ਮੇਰੇ ਤੇਲ ਅਤੇ ਦਾਖਰਸ ਨੂੰ ਛੂਹਣਾ ਨਹੀਂ!ਉੱਥੇ ਹੁਣ ਮੇਰੇ ਤੇਲ ਦੀ ਮਾਤਰਾ ਥੋੜ੍ਹੀ ਜਿਹੀ ਰਹਿ ਗਈ ਹੈ ਪ੍ਰੰਤੂ ਹਾਲੇ ਵੀ ਉੱਥੇ ਇਸਦੀ ਥੋੜ੍ਹੀ ਜਿਹੀ ਮਾਤਰਾ ਹੈਗੀ ਹੈ। ਹਾਂ, ਹੁਣ ਤੂੰ ਅਗਾਂਹ ਵੱਧ ਸੱਕਦਾ ਹੈਂ ਅਤੇ ਉਸ ਹਰ ਇੱਕ ਤਰ੍ਹਾਂ ਦੇ ਜੀਵਨ ਨੂੰ ਤੋਲ ਸੱਕਦਾਂ ਹੈਂ। ਤੈਨੂੰ ਉੱਥੇ ਇਸਦਾ ਮੁੱਲ ਤਾਰਨਾ ਪੈਣਾ ਹੈ। ਪ੍ਰੰਤੂ ਜਦ ਤੂੰ ਉਸ ਦਾਖਰਸ ਅਤੇ ਤੇਲ ਦੇ ਲਾਗੇ ਆਵੇਂ ਤੂੰ ਉਹਨਾਂ ਨੂੰ ਛੱਡ ਦੇਵੀਂ!" ਹੇ ਮੇਰੇ ਖੁਦਾ ! ਜੇ ਤੂੰ ਕਰ ਸੱਕਦਾ ਹੈਂ .....

329 ਦੂਸਰੇ ਸ਼ਬਦਾਂ ਵਿੱਚ ਇਸ ਤਰ੍ਹਾਂ, " ਜੇ ਤੂੰ ਮੇਰੇ ਛੋਟੇ ਝੁੰਢ ਵਿੱਚੋਂ ਕਿਸੇ ਨੂੰ ਫੜ ਲਵੇਂ ਜੋ ਕਿ ਮੇਰੇ ਤੇਲ ਅਤੇ ਦਾਖਰਸ ਨਾਲ ਭਰਿਆ ਹੈ ਅਥਵਾ ਮੇਰੇ ਸ਼ੁੱਧ ਵਚਨ ਦੇ ਤੇਲ ਅਤੇ ਦਾਖਰਸ ਨਾਲ ਭਰਿਆ ਹੈ ਅਤੇ ਵੇਖ ਤੂੰ ਉਹਨਾਂ ਨੂੰ ਮਾਰਨ ਜਾ ਰਿਹਾ ਹੈਂ। ਕਿਉਂਕਿ ਤੂੰ ਇਸੇ ਤਰ੍ਹਾਂ ਹੀ ਕਰ ਰਿਹਾ ਹੈਂ। ਇਹੋ ਕੁਝ ਹੀ ਤੂੰ ਕਰ ਰਿਹਾਂ ਹੈਂ। ਤੂੰ ਉਹਨਾਂ ਨੂੰ ' ਸਲਾਮੇ ਮਰਿਯਮ ' ਕਹਿਣ ਲਈ ਜਾਂ ਇਸੇ ਤਰ੍ਹਾਂ ਦਾ ਕੁਝ ਹੋਰ ਕਹਿਣ ਲਈ ਜਾਂ ਆਪਣੇ ਕੁਝ ਅਕੀਦਿਆਂ ਨੂੰ ਮਨਵਾਉਣ ਲਈ ਜਬਰਦਸਤੀ ਨਾ ਕਰੀਂ। ਉਨ੍ਹਾਂ ਤੋਂ ਤੂੰ ਆਪਣਾ ਹੱਥ ਦੂਰ ਰੱਖੀਂ। ਉਹ ਜਾਣਦੇ ਹਨ ਕਿ ਉਹ ਕਿੱਥੇ ਜਾ ਰਹੇ ਹਨ ਕਿਉਂਕਿ ਉਹ ਮੇਰੇ ਤੇਲ ਨਾਲ ਮੱਸ੍ਹਾ ਹਨ। ਅਤੇ ਮੇਰੇ ਤੇਲ ਨਾਲ ਮਸ੍ਹਾ ਹੋਣ ਕਾਰਨ ਉਹਨਾਂ ਕੋਲ ਅਨੰਦ ਦੀ ਦਾਖਰਸ ਹੈ ਕਿਉਂਕਿ ਉਹ ਮੇਰੇ ਕਰਾਰ ਕੀਤੇ ਹੋਏ ਵਚਨ ਨੂੰ ਜਾਣਦੇ ਹਨ ਕਿ 'ਮੈਂ ਉਹਨਾਂ ਨੂੰ ਫਿਰ ਦੁਬਾਰਾ ਉਠਾ ਖੜਾ ਕਰਾਂਗਾ। ' ਤੂੰ ਉਹਨਾਂ ਦਾ ਵਿਗਾੜ ਨਾ ਕਰੀਂ!

319 ਅਤੇ ਇਹੋ ਕੁਝ ਹੀ ਮੈਂ ਹਮੇਸ਼ਾਂ ਅਖਿਆ ਹੈ। ਹਾਂ, ਕੋਈ ਵੀ ਮਨੁੱਖ ਕੁਝ ਵੀ ਕਹਿ ਸੱਕਦਾ ਹੈ ਉਹ ਕੁਝ ਵੀ ਆਪਣੀ ਯੋਗਤਾ ਨਾਲ ਕਹਿ ਸੱਕਦਾ ਹੈ; ਪ੍ਰੰਤੂ ਜਦ ਖੁਦਾ ਇਸਨੂੰ ਆਣ ਕੇ ਸਾਬਤ ਕਰਦਾ ਹੈ!

320 ਹੁਣ, ਬਾਈਬਲ ਨੇ ਕਿਹਾ ਹੈ, " ਜੇ ਕੋਈ ਤੁਹਾਡੇ ਵਿੱਚ ਆਤਮਿਕ ਜਾਂ ਨਬੀ ਹੋਣ ਦਾ ਦਾਅਵਾ ਕਰਦਾ ਹੈ ਅਤੇ ਜੇ ਉਹ ਇਹ ਗੱਲਾਂ ਆਖੇ ਅਤੇ ਇਹ ਨਾ ਵਾਪਰਣ ਤਦ ਤੁਸੀਂ ਉਸਦੀ ਵੱਲ ਬਿਲਕੁੱਲ ਵੀ ਧਿਆਨ ਨਾ ਦਿਓ। ਉਸਦੇ ਕੋਲੋਂ ਜਰਾ ਵੀ ਨਾ ਡਰਨਾ। ਉਸ ਆਦਮੀ ਤੋਂ ਬਿਲਕੁੱਲ ਵੀ ਨਾ ਡਰਨਾ। ਅਤੇ ਜੇ ਉਹ ਕੁਝ ਆਖੇ ਅਤੇ ਉਸੇ ਤਰ੍ਹਾਂ ਹੋ ਜਾਵੇ ਤਦ ਇਹ ਮੈਂ ਹਾਂ, ਤੁਹਾਨੂੰ ਸਮਝ ਲੱਗੀ। ਮੈਂ, ਮੈਂ ਉਸ ਵਿੱਚ ਹਾਂ। ਉਹ ਹੀ ਇਹ ਪ੍ਰਮਾਣਤ ਕਰਦਾ ਹੈ ਕਿ ਮੈਂ ਇਹ ਕਿਉਂ ਹਾਂ। "

321 ਅਤੇ ਫਿਰ, ਉਹ ਛੋਟੀ ਸਾਮਰੀ ਔਰਤ। ਜਦ ਵਚਨ ਕਹਿੰਦਾ ਹੈ ਕਿ ਜਦ ਮਸੀਹਾ ਆਵੇਗਾ ਤਾਂ ਉਹ ਇਹਨਾਂ ਕੰਮਾਂ ਨੂੰ ਕਰੇਗਾ ਤਾਂ ਉਹ ਉੱਥੇ ਖੜਾ ਸੀ ਅਤੇ ਠੀਕ ਉਹਨਾਂ ਹੀ ਕੰਮਾਂ ਨੂੰ ਕਰ ਰਿਹਾ ਸੀ ਜਿਹੜੇ ਵਚਨ ਵਿੱਚ ਕਹੇ ਗਏ ਸਨ। ਉਸ ਔਰਤ ਨੇ ਕਿਹਾ, " ਇਹ ਉਹ ਹੀ ਹੈ। ਆਓ ਇੱਕ ਮਨੁੱਖ ਨੂੰ ਵੇਖੋ। ਕੀ ਇਹ ਇਹੋ ਹੀ ਤਾਂ ਨਹੀਂ ਹੈ ਜਿਹਦੇ ਬਾਰੇ ਵਿੱਚ ਵਚਨ ਕਹਿੰਦਾ ਹੈ ਕਿ ਇਸ ਤਰ੍ਹਾਂ ਹੋਵੇਗਾ?" ਵੇਖਿਆ, ਉਸ ਵਿੱਚ ਪ੍ਰਕਾਸ਼ ਦੇ ਰਾਹੀਂ ਉਤੇਜਨਾ ਆ ਗਈ ਸੀ। ਕੀ ਇਹ ਠੀਕ ਹੈ? [ਸੰਗਤ ਆਖਦੀ ਹੈ,"ਆਮੀਨ। "-ਸੰਪਾ] ਜਦ ਉਸਦੇ ਉੱਤੇ ਇਹ ਪ੍ਰਮਾਣਿਤ ਕੀਤਾ ਗਿਆ ਤਾਂ ਉਹ ਪ੍ਰਕਾਸ਼ ਦੇ ਨਾਲ ਜੋਸ਼ ਵਿੱਚ ਆ ਗਈ ਸੀ। ਸਮਝੇ? ਇਹ ਠੀਕ ਹੈ। ਉਹ ਜਾਣਦੀ ਸੀ ਕਿ ਕਿੱਧਰੇ .......

322 ਉਸਨੇ ਕਿਹਾ ਸੀ, " ਅਸੀਂ ਜਾਣਦੇ ਹਾਂ ਕਿ ਮਸੀਹਾ ਆ ਰਿਹਾ ਹੈ ਜੋ ਮਸੀਹ ਕਹਾਉਂਦਾ ਹੈ। "ਅਤੇ ਜਦ ਉਹ ਆਵੇਗਾ ਤਾਂ ਉਹ ਇਹਨਾਂ ਕੰਮਾਂ ਨੂੰ ਕਰੇਗਾ। " ਉਸਨੇ ਇਹ ਵੇਖ ਲਿਆ ਸੀ।

ਅਤੇ ਯਿਸੂ ਨੇ ਆਖਿਆ, " ਮੈਂ ਉਹ ਹੀ ਹਾਂ। "

323 ਤਦ ਉਸ ਔਰਤ ਵਿੱਚ ਉਤੇਜਨਾ ਸ਼ੁਰੂ ਹੋ ਗਈ ਸੀ। ਅਤੇ ਉਹ ਰੋਲਾ ਪਾਉਂਦੀ ਹੋਈ ਸ਼ਹਿਰ ਦੇ ਵੱਲ ਭੱਜੀ। ਉਸਨੇ ਆਪਣਾ ਪੁਰਾਣਾ ਪਾਣੀ ਦਾ ਘੜਾ ਉੱਥੇ ਹੀ ਛੱਡ ਦਿੱਤਾ ਸੀ, ਅਤੇ ਉਹ ਉੱਥੇ ਭੱਜੀ ਅਤੇ ਲੋਕਾਂ ਨੂੰ ਕਿਹਾ, "ਆਓ ਵੇਖੋ!"

324 ਹੁਣ ਜੇ ਤੁਸੀਂ ਪੂਰਬ ਦੀਆਂ ਰੀਤਾਂ ਰਿਵਾਜਾਂ ਨੂੰ ਜਾਣਦੇ ਹੋ ਤਾਂ ਤੁਸੀਂ ਜਾਣਦੇ ਹੋਵੋਗੇ ਕਿ ਉਸ ਔਰਤ ਲਈ ਇਹ ਕਰਨਾ ਗਲਤ ਸੀ। ਹਾਂ, ਸ਼੍ਰੀਮਾਨ ਜੀ। ਵੇਖੋ, ਇੱਕ ਇਸ ਕਿਸਮ ਦੀ ਔਰਤ ਕੋਈ ਵੀ ਉਸਦੀ ਗੱਲ ਨਹੀਂ ਸੁਣੇਗਾ। ਨਹੀਂ ਸ਼੍ਰੀਮਾਨ ਜੀ। ਵੇਖੋ, ਉਸਦੀ ਇੱਕ ਪਛਾਣ ਸੀ ਅਤੇ ਜਦ ਉਹ ......ਕਿ ਜੇ ਉਹ ਗਲੀ ਵਿੱਚ ਇਸ ਤਰ੍ਹਾਂ ਜਾਵੇ ਅਤੇ ਇਸ ਤਰ੍ਹਾਂ ਦਾ ਵਰਤਾਵਾ ਕਰੇ ਤਾਂ ਉਸ ਗਲੀ ਦੇ ਲੋਕ ਉਸ ਵੱਲ ਕੋਈ ਧਿਆਨ ਨਹੀਂ ਦੇਣਗੇ।

325 ਪਰ ਭਾਈ ਜੀ ਉਸ ਔਰਤ ਦੇ ਕੋਲ ਜੀਵਨ ਦਾ ਵਚਨ ਸੀ। ਉਸ ਵਿੱਚ ਜੋਸ਼ ਆ ਗਿਆ ਸੀ। ਤੁਸੀਂ ਕਰ ਸਕੋ .....ਇਹ ਤਾਂ ਹਨੇਰੀ ਵਾਲੇ ਦਿਨ ਘਰ ਨੂੰ ਅੱਗ ਲਗਾਉਣ ਵਾਲੀ ਗੱਲ ਸੀ।



23 ਹੁਣ ਆਓ ਜਰਾ ਇਸਦਾ ਪਿਛੋਕੜ ਤਿਆਰ ਕਰਨ ਲਈ ਉਨ੍ਹਾਂ ਮੋਹਰਾਂ ਵੱਲ ਚੱਲੀਏ ਜਿਨ੍ਹਾਂ ਨੂੰ ਅਸੀਂ ਵੇਖ ਚੁੱਕੇ ਹਾਂ। ਕਿਉਂਕਿ, ਅਸੀਂ ਇਸ ਨੂੰ ਇਸ ਲਈ ਵੇਖਦੇ ਹਾਂ ਜਿਵੇਂ ਕਿ ਕਲੀਸਿਯਾਈ ਯੁੱਗਾਂ ਵਿੱਚ ਸੀ ਉਸੇ ਤਰ੍ਹਾਂ ਹੀ ਇਨ੍ਹਾਂ ਵਿੱਚ ਵੀ ਹੈ, ਇਸ ਲਈ ਉਸੇ ਤਰ੍ਹਾਂ ਹੀ ਅਸੀਂ ਇਹਨਾਂ ਦਾ ਪਿਛੋਕੜ ਤਿਆਰ ਕਰਦੇ ਹਾਂ,ਤਾਂ ਇਨ੍ਹਾਂ ਨੂੰ ਇੱਕ ਦੂਸਰੇ ਦੇ ਨਾਲ ਜੋੜ ਸਕੀਏ, ਤਾਂ ਕਿ ਤੁਸੀਂ ਇਸਨੂੰ ਸਮਝ ਸਕੋ ......ਵਚਨ ਵਿੱਚ ਕਲੀਸਿਯਾ ਦੇ ਯੁੱਗ ਇਸ ਤਰ੍ਹਾਂ ਪਾਏ ਜਾਂਦੇ ਹਨ ਇਹ ਇੱਕ ਦੂਸਰੇ ਦੇ ਉੱਤੇ ਚੜੇ ਹੋਏ ਹਨ। ਇਸੇ ਤਰ੍ਹਾਂ ਹੀ ਜਿਵੇਂ ਕਿ ਪੌੜੀ ਤੇ ਚੜ੍ਹਿਆ ਜਾਣਾ। ਅਤੇ ਜਦ ਤੁਸੀਂ ਪੌੜੀ ਦੇ ਕਿਸੇ ਇੱਕ ਪੌਡੇ ਤੇ ਪੈਰ ਰੱਖਦੇ ਹੋ ਤਾਂ ਉਹ ਪੌਡਾ ਪੌੜੀ ਦੇ ਕਿਸੇ ਦੂਸਰੇ ਪੌਡੇ ਨਾਲ ਜੁੜਿਆ ਹੋਇਆ ਹੁੰਦਾ ਹੈ, ਅਤੇ ਪੌੜੀ ਦੇ ਇਹ ਪੌਡੇ ਇੱਕ ਦੂਸਰੇ ਦੇ ਉੱਤੇ ਚੜੇ ਹੋਏ ਹੁੰਦੇ ਹਨ।

24 ਹੁਣ, ਇਹ ਮੋਹਰਾਂ ..... ਇਹ ਇੱਕ ਛੁਟਕਾਰੇ ਦੀ ਪੋਥੀ ਹੈ, ਜੋ ਕਿ ਮੋਹਰਬੰਦ ਹੈ। ਕੀ ਤੁਸੀਂ ਸੱਭ ਇਸਨੂੰ ਸਮਝਦੇ ਹੋ? [ਸੰਗਤ ਕਹਿੰਦੀ ਹੈ, " ਆਮੀਨ। "-ਸੰਪਾ] ਅਤੇ ਇਹ ਪੋਥੀ ਸੱਤ ਮੋਹਰਾਂ ਲਾ ਕੇ ਬੰਦ ਕੀਤੀ ਗਈ ਹੈ। ਇਹ ਸੱਤਾਂ ਮੋਹਰਾਂ ਦੀ ਪੋਥੀ ਹੈ। ਸਮਝ ਲੱਗੀ?

25 ਅਤੇ ਹੁਣ ਯਾਦ ਕਰੋ, ਅਸੀਂ ਤੁਹਾਡੇ ਲਈ ਯਿਰਮਿਯਾਹ ਨਬੀ ਦੀ ਕਿਤਾਬ ਅਤੇ ਹੋਰ ਦੂਸਰੇ ਨਬੀਆਂ ਦੀਆਂ ਕਿਤਾਬਾਂ ਵਿੱਚੋਂ ਲੈ ਕੇ ਇਸਦੀ ਤਸਵੀਰ ਬਣਾਈ ਸੀ। ਅਤੇ ਹੁਣ ਜਦ ਉਨ੍ਹਾਂ ਕੋਲ ਸੀ ......ਉਹ *ਇਸ* ਤਰ੍ਹਾਂ ਲਿਖਣ ਵਾਲੇ ਟੁਕੜੇ ਜਾਂ ਅਸਲ ਵਿੱਚ ਕਾਗਜ਼ ਤੇ ਲਿਖਦੇ ਸਨ ; ਜਾਂ ਕਾਗਜ਼ ਦੇ ਟੁਕੜੇ ਤੇ ਨਹੀਂ ਬਲਕਿ ਉਹ ਤਾਂ ਖੱਲ੍ਹ ਹੁੰਦੀ ਸੀ [ਭਾਈ ਬ੍ਰਾਨਹਾਮ ਕਾਗਜ਼ ਦੇ ਟੁਕੜੇ ਲੈ ਕੇ ਲਪੇਟਵੀਂ ਪੋਥੀ ਦਾ ਮੋੜਿਆ ਜਾਣਾ ਅਤੇ ਉਸਨੂੰ ਮੋਹਰਬੰਦ ਕੀਤਾ ਜਾਣਾ ਸਮਝਾਉਂਦੇ ਹਨ।] ਅਤੇ ਉਹ ਇਸਨੂੰ *ਇਸ* ਤਰ੍ਹਾਂ ਲਪੇਟਦੇ ਜਾਂ ਮੋੜਦੇ ਸਨ। ਅਤੇ ਉਹ .....ਅਤੇ ਇਸਦਾ ਸਿਰਾ *ਇਸ* ਤਰ੍ਹਾਂ ਛੱਡ ਦਿੱਤਾ ਜਾਂਦਾ ਸੀ ; ਜਿਸ ਤੋਂ ਪਤਾ ਲੱਗਦਾ ਸੀ ਕਿ ਉਸਦੇ ਵਿੱਚ ਕੀ ਹੈ। ਅਤੇ ਇਸ ਤੋਂ ਬਾਦ ਉਸ ਤੋਂ ਅਗਲੀ ਨੂੰ ਵੀ *ਇਸੇ* ਤਰ੍ਹਾਂ ਹੀ ਲਪੇਟਿਆ ਜਾਂਦਾ ਸੀ। ਅਤੇ ਫਿਰ ਆਖਰ ਵਿੱਚ ਜਦ ਇਸਨੂੰ ਖੋਲ੍ਹਿਆ ਜਾਂਦਾ ਸੀ ਤਾਂ ਇਸਨੂੰ *ਇਸ* ਤਰ੍ਹਾਂ ਤੋੜ ਦਿੱਤਾ ਜਾਂਦਾ ਸੀ, ਅਤੇ ਦੂਸਰੇ ਨੂੰ ਛੱਡ ਦਿੱਤਾ ਜਾਂਦਾ ਸੀ।

26 ਅੱਛਾ, ਉਹ ਸੱਤਾਂ ਮੋਹਰਾਂ ਨਾਲ ਬੰਦ ਕੀਤੀ ਹੋਈ ਪੋਥੀ ਸੀ। ਹੁਣ ਥੋੜਾ ਸਮਾਂ ਪਹਿਲਾਂ ਸਾਡੇ ਕੋਲ *ਇਸ* ਤਰ੍ਹਾਂ ਦੀਆਂ ਪੁਸਤਕਾਂ ਕਦੇ ਵੀ ਨਹੀਂ ਸਨ। ਪੁਰਾਣੇ ਸਮੇਂ ਵਿੱਚ ਪੁਸਤਕਾਂ ਲਪੇਟਵੀਆਂ ਪੋਥੀਆਂ ਹੁੰਦੀਆਂ ਸਨ। ਉਹ ਲਪੇਟੀਆਂ ਹੋਈਆਂ ਹੁੰਦੀਆਂ ਸਨ। ਅਤੇ ਫਿਰ ਜਦ ਉਹ ਕਿਸੇ ਮਜਮੂਨ ਜਾਂ ਕਿਸੇ ਹੋਰ ਚੀਜ ਨੂੰ ਪੜ੍ਹਨਾ ਚਾਹੁੰਦੇ ਸਨ ......ਜਿਵੇਂ ਕਿ ਜੇਕਰ ਬਾਈਬਲ ਲਪੇਟਵੀਂ ਪੋਥੀ ਵਿੱਚ ਲਿਖ ਕੇ ਲਪੇਟ ਦਿੱਤੀ ਜਾਂਦੀ ਹੈ; ਅਤੇ ਤੁਸੀਂ ਯਸਾਯਾਹ ਦੀ ਪੋਥੀ ਪੜ੍ਹਨਾ ਚਾਹੁੰਦੇ ਹੋ ਤਾਂ ਤੁਹਾਨੂੰ ਯਸਾਯਾਹ ਦੀ ਪੋਥੀ ਕੱਢਣ ਲਈ *ਇਸ* ਤਰ੍ਹਾਂ ਖੋਲ੍ਹਣਾ ਪੈਣਾ ਹੈ, ਅਤੇ ਉਸਨੂੰ ਪੜ੍ਹੋਗੇ। ਅਤੇ ਇਹ ਸੱਤਾਂ ਮੋਹਰਾਂ ਦੀ ਪੋਥੀ ਛੁਟਕਾਰੇ ਦੀ ਪੋਥੀ ਹੈ।

27 ਅਤੇ ਹੁਣ ਅਸੀਂ ਵੇਖਿਆ ਹੈ ਕਿ ਲੇਲਾ ਆਉਂਦਾ ਹੈ ਅਤੇ ਉਹ ਉਸਦੇ ਹੱਥ ਵਿੱਚੋਂ ਜਿਹੜਾ ਕਿ ਸਿੰਘਾਸਣ ਤੇ ਬੈਠਾ ਹੈ ਪੋਥੀ ਲੈ ਲੈਂਦਾ ਹੈ ਅਤੇ ਮੋਹਰਾਂ ਨੂੰ ਖੋਲ੍ਹਦਾ ਹੈ,ਅਤੇ-ਅਤੇ ਤੋੜਦਾ ਹੈ ......ਅਤੇ ਉਨ੍ਹਾਂ ਨੂੰ ਖੋਲ੍ਹਦਾ ਹੈ, ਉਹ ਲੋਕਾਂ ਲਈ ਮੋਹਰਾਂ ਨੂੰ ਖੋਲ੍ਹਦਾ ਹੈ।

28 ਅਤੇ ਉੱਥੇ ਚਾਰ ਜੰਤੂ ਬੈਠੇ ਹੋਏ ਹਨ, ਜਿਨ੍ਹਾਂ ਦੇ ਬਾਰੇ ਅਸੀਂ ਕਲੀਸਿਯਾ ਦੇ ਯੁੱਗਾਂ ਵਿੱਚ ਵੇਖਿਆ ਸੀ, ਤੁਸੀਂ ਲਿਖਤਾਂ ਵਿੱਚ ਹਰ ਜਗ੍ਹਾ ਉਹਨਾਂ ਨੂੰ ਵੇਖਦੇ ਹੋ, ਅਤੇ ਇਹ ਉਹ ਹਨ ਜੋ ਇਹਨਾਂ ਮੋਹਰਾਂ ਦੇ ਤੋੜੇ ਜਾਣ ਦੀ ਘੋਸ਼ਣਾ ਕਰਦੇ ਹਨ। ਹੁਣ, ਅਸੀਂ ਵੇਖਦੇ ਹਾਂ ਕਿ ਇਹ-ਇਹ ਛੁਟਕਾਰੇ ਦੀ ਪੋਥੀ ਹੈ।

29 ਫਿਰ ਅਸੀਂ ਪਿੱਛੇ ਗਏ ਸੀ, ਅਤੇ ਅਸੀਂ ਛੁਡਾਉਣ ਵਾਲੇ ਨੇੜੇ ਦੇ ਰਿਸ਼ਤੇਦਾਰ ਵਾਰੇ ਗੱਲ ਕੀਤੀ ਸੀ, ਅਤੇ ਉਸਨੂੰ ਲੈ ਕੇ ਵੇਖਿਆ ਸੀ ਕਿ ਉਸਦਾ ਕੰਮ ਕੀ ਹੁੰਦਾ ਸੀ। ਅਤੇ ਹੁਣ ਇਨ੍ਹਾਂ ਸਾਰੇ ਸਾਲਾਂ ਵਿੱਚ ਮਸੀਹ ਛੁਡਾਉਣ ਵਾਲੇ ਨੇੜੇ ਦੇ ਸਾਕ ਦਾ ਕੰਮ ਕਰ ਰਿਹਾ ਹੈ। ਹੁਣ ਜਿਹੜਾ ਇਸਨੂੰ ਸਮਝ ਗਿਆ ਹੈ "ਆਮੀਨ" ਕਹੇ। [ਸੰਗਤ ਆਖਦੀ ਹੈ, "ਆਮੀਨ। "-ਸੰਪਾ] ਉਹ ਛੁਡਾਉਣ ਵਾਲੇ ਨੇੜੇ ਦੇ ਸਾਕ ਦਾ ਕੰਮ ਕਰ ਰਿਹਾ ਹੈ।

30 ਪ੍ਰੰਤੂ ਇੱਕ ਅਜਿਹਾ ਸਮਾਂ ਆਵੇਗਾ ਜਦ ਛੁਟਕਾਰੇ ਦਾ ਸਮਾਂ ਖਤਮ ਹੋ ਜਾਵੇਗਾ। ਅਤੇ ਜਦ ਛੁਟਕਾਰੇ ਦਾ ਸਮਾਂ ਸਮਾਪਤ ਹੋ ਜਾਂਦਾ ਹੈ ਤਾਂ ਉਹ ਪਿਤਾ ਦੇ ਸਿੰਘਾਸਣ ਨੂੰ ਛੱਡ ਦਿੰਦਾ ਹੈ ਜਿੱਥੇ ਉਹ ਹੁਣ ਬੈਠਾ ਹੈ। ਪਰ ਇਹ ਸਿੰਘਾਸਣ ਉਹਦਾ ਨਹੀਂ ਹੈ। " ਜਿਹੜਾ ਜਿੱਤਣ ਵਾਲਾ ਹੈ ਮੈਂ ਉਸਨੂੰ ਆਪਣੇ ਸਿੰਘਾਸਣ ਉੱਤੇ ਆਪਣੇ ਨਾਲ ਬਿਠਾਵਾਂਗਾ ਜਿਸ ਪ੍ਰਕਾਰ ਮੈਂ ਵੀ ਜਿੱਤਿਆ ਅਤੇ ਆਪਣੇ ਪਿਤਾ ਦੇ ਸਿੰਘਾਸਣ ਤੇ ਬੈਠਾ। " ਉਹ ਸਿੰਘਾਸਣ ਉਸਦਾ ਨਹੀਂ ਹੈ। ਉਹ ਤਾਂ ਆਤਮਾ, ਪ੍ਰਮੇਸ਼ੁਰ ਦਾ ਸਿੰਘਾਸਣ ਹੈ। ਉਹ ਮਸੀਹ, ਲੇਲੇ ਦਾ ਸਿੰਘਾਸਣ ਨਹੀਂ ਹੈ। ਵੇਖੋ, ਮਸੀਹ ਤਾਂ ਦੇਹਧਾਰੀ ਪਰਮੇਸ਼ੁਰ ਹੈ; ਉਹ ਤਾਂ ਉਹੀ ਪ੍ਰਮੇਸ਼ੁਰ ਹੈ ਜੋ ਦੇਹਧਾਰੀ ਹੋਇਆ ਹੈ। ਉਹ ਸਿੰਘਾਸਣ ਤੋਂ ਉੱਠਦਾ ਹੈ ......

31 ਪਹਿਲੀ ਘੋਸ਼ਣਾ ਇਹ ਹੁੰਦੀ ਹੈ, " ਕੌਣ ਇਸਦੇ ਯੋਗ ਹੈ ਕਿ ਆਵੇ ਅਤੇ-...ਇਸ ਛੁਟਕਾਰੇ ਦੀ ਪੋਥੀ ਨੂੰ ਲਵੇ?" ਵੇਖੋ, ਕਿਉਂਕਿ ਇਹ ਆਦਮ ਤੋਂ ਲੈ ਕੇ ਛੁਟਕਾਰੇ ਦੀ ਸੰਪੂਰਣ ਯੋਜਨਾ ਸੀ, ਉਹ ਸੱਭ ਜੋ ਕੁਝ ਆਦਮ ਨੇ ਗੁਆ ਦਿੱਤਾ ਸੀ।

32 ਆਦਮ ਤੋਂ ਪਹਿਲਾਂ ਕੁਝ ਵੀ ਨਹੀਂ ਗੁਆਚਿਆ ਸੀ। ਅਤੇ ਆਦਮ ਤੋਂ ਬਾਦ ਜੋ ਕੁਛ ਧਰਤੀ ਤੇ ਸੀ ਸੱਭ ਕੁਝ ਗੁਆਚ ਗਿਆ ਸੀ। ਅਤੇ ਧਰਤੀ ਦੀ ਰਚਨਾ ਦੀ ਹਰ ਇੱਕ ਚੀਜ਼ ਗੁਆਚ (ਨਾਸ਼ ) ਹੋ ਗਈ ਸੀ। ਅਤੇ ਹਰ ਇੱਕ ਵਸਤੂ ਆਦਮ ਦੇ ਨਾਲ ਡਿੱਗ ਗਈ ਸੀ, ਅਤੇ ਉਸ ਰੇਖਾ ਤੋਂ ਬਾਹਰ ਨਿੱਕਲ ਗਈ ਸੀ ਜਿੱਥੋਂ ਕੋਈ ਵੀ ਕਿਸੇ ਵੀ ਢੰਗ ਨਾਲ ਵਾਪਿਸ ਮੁੜ ਕੇ ਨਹੀਂ ਆ ਸੱਕਦਾ ਸੀ। ਜਦ ਮਨੁੱਖ ਨੇ ਪਾਪ ਕੀਤਾ ਤਾਂ ਉਸਨੇ ਆਪਣੇ ਵਾਪਿਸ ਮੁੜਨ ਦਾ ਕੋਈ ਵੀ ਰਾਹ ਨਾ ਛੱਡਿਆ। ਅਤੇ ਫਿਰ ......

33 ਜਦ ਇਹ ਪ੍ਰਸ਼ਨ ਪੁੱਛਿਆ ਗਿਆ ਤਾਂ ਯੂਹੰਨਾ ਪ੍ਰਕਾਸ਼ ਦੀ ਪੋਥੀ ਦਾ ਲਿਖਾਰੀ .....ਯੂਹੰਨਾ ਨਬੀ ਦਰਸ਼ਨ ਵੇਖ ਰਿਹਾ ਸੀ ਤੇ ਉਸਨੇ ਇਹ ਦਰਸ਼ਨ ਵਿੱਚ ਵੇਖਿਆ। ਅਤੇ ਨਾ ਹੀ ਕੋਈ ਸੁਰਗ ਵਿੱਚ, ਨਾ ਧਰਤੀ ਤੇ, ਨਾ ਧਰਤੀ ਦੇ ਥੱਲੇ ਹੀ ਕੋਈ ਯੋਗ ਸੀ ਜੋ ਕਿ ਉਸ ਪੋਥੀ ਤੇ ਨਿਗਾਹ ਵੀ ਕਰ ਸੱਕਦਾ। ਸਮਝ ਲੱਗੀ? ਤੁਸੀਂ ਜਰਾ ਇਹਦੇ ਬਾਰੇ ਵਿੱਚ ਸੋਚੋ!ਅਤੇ ਫਿਰ ਲੇਲਾ ਅੱਗੇ ਆਉਂਦਾ ਹੈ ਅਤੇ ਉਸ ਪੁਸਤਕ ਨੂੰ ਲੈ ਲੈਂਦਾ ਹੈ। ਹੁਣ ਯੂਹੰਨਾ ਨੂੰ ਕਿਹਾ ਗਿਆ ਕਿ ਉਹ ਹੋਰ ਨਾ ਰੋਵੇ। ਤਦ ਉਨ੍ਹਾਂ ਬਜ਼ੁਰਗਾਂ ਵਿੱਚੋਂ ਇੱਕ ਨੇ ਉਸਨੂੰ ਕਿਹਾ ਸੀ, " ਵੇਖ ਯਹੂਦਾ ਦੇ ਗੋਤ ਦਾ ਬਬਰ ਸ਼ੇਰ



ਕਿ ਉਹ ਨਸ਼ੇ ਵਿੱਚ ਹਨ ਪ੍ਰੰਤੂ ਉਹਨਾਂ ਵਿੱਚ ਤਾਂ ਪ੍ਰਕਾਸ਼ ਦੇ ਕਾਰਨ ਉਤੇਜਨਾ ਆ ਗਈ ਸੀ। ਪ੍ਰਮੇਸ਼ੁਰ ਦੇ ਦੁਆਰਾ ......ਇੱਥੇ ਇਹ ਹੈ। ਪ੍ਰਮੇਸ਼ੁਰ ਦਾ ਪ੍ਰਮਾਣਤ ਕੀਤਾ ਹੋਇਆ ਵਚਨ ਉਹਨਾਂ ਲਈ ਸਾਫ ਅਤੇ ਸਰਲ ਸਾਫ ਕਰ ਦਿੱਤਾ ਗਿਆ ਸੀ, ਉਹ ਇਹਦੇ ਲਈ ਖੁਸ਼ ਸਨ। ਪ੍ਰਮੇਸ਼ੁਰ ਨੇ ਇਸਦਾ ਕਰਾਰ ਕੀਤਾ ਸੀ। ਇੱਥੇ ਇਹ ਉਹਨਾਂ ਦੇ ਉੱਪਰ ਪ੍ਰਗਟ ਕੀਤਾ ਗਿਆ ਸੀ। ਉਹਨਾਂ ਦੇ ਉੱਤੇ ਸਾਬਤ ਕੀਤਾ ਗਿਆ ਸੀ। ਆਮੀਨ! ਇੱਥੇ ਇੱਕ ਆਦਮੀ ਖੜ੍ਹਾ ਕਹਿ ਰਿਹਾ ਸੀ, "ਇਹ ਉਹ ਹੈ!ਇਹ ਉਹ ਹੈ!" ਅਤੇ ਉੱਥੇ ਇਹ ਉਸ ਚਿੰਨ੍ਹ ਦੇ ਰਾਹੀਂ ਪ੍ਰਗਟ ਹੋਇਆ ਸੀ ਜੋ ਅੱਜ ਸਾਡੇ ਕੋਲ ਹੈ। ਪ੍ਰਕਾਸ਼ ਦੇ ਨਾਲ ਜੋਸ਼ ਆ ਜਾਂਦਾ ਹੈ। ਸਮਝੇ? ਅਤੇ ਹੁਣ, ਉਹਨਾਂ ਦੇ ਕੋਲ ਅਸਲ ਵਿੱਚ ਇਹ ਉਤੇਜਨਾ ਸੀ।

315 ਇਹੀ ਕਾਰਨ ਸੀ ਕਿ ਪਤਰਸ ਉੱਥੇ ਬਾਹਰ ਨਿੱਕਲ ਸਕਿਆ ਅਤੇ ਕਿਹਾ, " ਹੇ ਯਹੂਦੀਓ ਅਤੇ ਯਰੂਸ਼ਲਮ ਦੇ ਸੱਭ ਰਹਿਣ ਵਾਲਿਓ, ਮੇਰੀ ਸੁਣੋ। " ਹੇ ਸੱਭ ਡਾਕਟਰ ਆੱਫ ਡਵੀਨਟੀ ਦੇ ਵਿਦਵਾਨੋ ਜੋ ਮੈਂ ਤੁਹਾਨੂੰ ਦੱਸਣ ਲਈ ਜਾ ਰਿਹਾ ਹਾਂ ਉਹਨੂੰ ਸੁਣੋ। "

316 ਔਹ, ਕਿੰਨੀ ਅਦਭੁਤ ਗੱਲ ਹੈ!ਪ੍ਰਗਟ ! ਹੋਇਆ ਪ੍ਰਗਟ ਕੀਤਾ ਗਿਆ!ਉਹ ਇੰਨੇ ਉਤੇਜਿਤ ਹੋ ਗਏ ਜਦ ਉਹਨਾਂ ਨੇ ਇਹਨੂੰ ਪ੍ਰਮਾਣਿਤ ਹੁੰਦੇ ਹੋਏ ਵੇਖਿਆ। ਇਹ ਹਮੇਸ਼ਾਂ ਏਦਾਂ ਹੀ ਕਰਾਉਂਦਾ ਹੈ। ਇਹ ਪਰਕਾਸ਼ ਹਮੇਸ਼ਾਂ ਇਸੇ ਤਰ੍ਹਾਂ ਹੀ ਕਰਦਾ ਹੈ।

317 ਜਦ ਮੈਂ ਵੇਖਦਾ ਹਾਂ ਕਿ ਖੁਦਾ ਨੇ ਇਹਨਾਂ ਦਿਨਾਂ ਵਿੱਚ ਕਿਸੇ ਕੰਮ ਨੂੰ ਕਰਨ ਦਾ ਕਰਾਰ ਕੀਤਾ ਹੈ ਜਦ ਉਸਨੇ ਇਹਨਾਂ ਅੰਤ ਦੇ ਦਿਨਾਂ ਵਿੱਚ ਇਹਨਾਂ ਮੋਹਰਾਂ ਨੂੰ ਖੋਲ੍ਹਣ ਦਾ ਕਰਾਰ ਕੀਤਾ ਹੈ। ਅਤੇ ਤੁਸੀਂ ਉਸ ਅਨੰਦ, ਉਸ ਮਹਿਮਾਂ ਨੂੰ ਨਹੀਂ ਜਾਣਦੇ ਜਦ ਮੈਂ ਉਹਨੂੰ ਇਹ ਪ੍ਰਗਟ ਕਰਦੇ ਵੇਖਿਆ। ਅਤੇ ਉੱਥੇ ਖੜ੍ਹਾ ਹੋ ਕੇ ਇਸਨੂੰ ਵਾਪਰਦੇ ਹੋਏ ਵੇਖਦਾ ਹਾਂ। ਅਤੇ ਇਹ ਜਾਣ ਲਓ ਕਿ ਮੈਂ ਕਿਸੇ ਵੀ ਆਦਮੀ ਨੂੰ ਕਹਿੰਦਾ ਹਾਂ ਕਿ ਉਹ ਇਸਨੂੰ ਝੂਠ ਸਾਬਤ ਕਰਕੇ ਦਿਖਾਏ ਕਿ ਖੁਦਾ ਨੇ ਕਦੇ ਵੀ ਸਾਨੂੰ ਕੋਈ ਵੀ ਅਜਿਹੀ ਗੱਲ ਦੱਸੀ ਹੋਵੇ ਜੋ ਸੱਚੀ ਸਾਬਤ ਨਾ ਹੋਈ ਹੋਵੇ ਪ੍ਰੰਤੂ ਉਹ ਉਸੇ ਤਰ੍ਹਾਂ ਹੀ ਹੋਈ ਜਿਸ ਤਰ੍ਹਾਂ ਉਹ ਦੱਸਿਆ ਗਿਆ ਹੋਵੇ। ਅਤੇ ਜਦ ਮੈਂ ਉਹਦੇ ਕਰਾਰ ਨੂੰ ਜੋ ਇਹਨਾਂ ਆਖਰੀ ਦਿਨਾਂ ਲਈ ਹੈ ਵੇਖਦਾ ਹਾਂ ਤਾਂ ਤੁਸੀਂ ਮੇਰੇ ਹਿਰਦੇ ਵਿੱਚ ਉਸ ਅਨੰਦ ਨੂੰ ਵੇਖੋ। ਅਤੇ ਇੱਥੇ ਮੈਂ ਉਸਨੂੰ ਪ੍ਰਮਾਣਿਤ ਹੁੰਦੇ ਹੋਏ ਅਤੇ ਸੰਪੂਰਣ ਢੰਗ ਨਾਲ ਠੀਕ ਹੁੰਦੇ ਵੇਖਦਾ ਹਾਂ। ਮੈਂ-ਮੈਂ-ਮੈਂ ਬਸ-ਤੁਸੀਂ ਮੈਨੂੰ ਇਹ ਕਹਿੰਦੇ ਹੋਏ ਨੂੰ ਸੁਣਦੇ ਹੋ ਕਿ, " ਮੈਂ ਧਾਰਮਿਕ ਮਹਿਸੂਸ ਕਰਦਾ ਹਾਂ। " ਇਹੋ ਹੀ ਗੱਲ ਹੈ। ਉਤੇਜਨਾ ਏਨੀ ਡਾਢੀ ਹੈ ਕਿ ਮੈ; ਆਪਣੇ ਅਨੰਦ ਦੇ ਕਾਰਨ ਮਾਰੇ ਜਾਣ ਅਤੇ ਕੱਟੇ ਜਾਣ ਨੂੰ ਤਿਆਰ ਹੋ ਜਾਂਦਾ ਹਾਂ। ਪ੍ਰਕਾਸ਼ ਨਾਲ ਜੋਸ਼ ਉਤੇਜਨਾ ਆਉਂਦੀ ਹੈ। ਇਹ ਠੀਕ ਗੱਲ ਹੈ।

318 ਪ੍ਰਕਾਸ਼ ਨਾਲ ਉਹ ਏਨੇ ਉਤੇਜਿਤ ਹੋ ਗਏ ਕਿ ਉਹਨਾਂ ਨੇ ਉਸ ਕਰਾਰ ਨੂੰ ਸੱਚਾ ਸਾਬਤ ਕੀਤਾ। ਹੇ ਮੇਰੇ ਪ੍ਰਭੂ !ਉਹਨਾਂ ਵਿੱਚ ਅਨੰਦ ਨਾਲ ਭਰਿਆ ਏਨਾ ਜੋਸ਼ ਆ ਗਿਆ ਕਿ ਲੋਕ ਕਹਿ ਉੱਠੇ, " ਇਹ ਲੋਕ ਨਵੀਂ ਮੈ ਦੇ ਨਸ਼ੇ ਵਿੱਚ ਹਨ। " ਜਦਕਿ ਪ੍ਰਮੇਸ਼ੁਰ ਨੇ ਉਹਨਾਂ ਉੱਤੇ ਆਪਣਾ ਕਰਾਰ ਪ੍ਰਗਟ ਕੀਤਾ ਸੀ। ਅਤੇ ਉਸਨੇ ਇਸਨੂੰ ਇਕੱਲਾ ਪ੍ਰਗਟ ਹੀ ਨਹੀਂ ਕੀਤਾ ਬਲਕਿ ਇਸ ਨੂੰ ਸੱਚਾ ਵੀ ਸਾਬਤ ਕੀਤਾ ਸੀ।

309 ਹੁਣ ਜੇ ਤੁਸੀਂ ਇਸਦੇ ਲਈ ਬਾਈਬਲ ਦੀ ਲਿਖਤ ਚਾਹੁੰਦੇ ਹੋ ਤਾਂ ਤਾਂ ਤੁਸੀਂ ਰਸੂਲਾਂ ਦੇ ਕਰਤੱਵ 2 ਬਾਬ ਤੋਂ ਪੜ੍ਹਨਾ ਸ਼ੁਰੂ ਕਰੋ। ਉਹ ਕਿੱਥੇ ਸਨ? ਉਹਨਾਂ ਦੇ ਕੋਲ ਇੱਕ ਕਰਾਰ ਹੈ ਜੋ ਉਹਨਾਂ ਨੂੰ ਦਿੱਤਾ ਗਿਆ ਸੀ। ਤਦ ਪਵਿੱਤਰ ਆਤਮਾ ਦੇ ਸਾਰੇ ਕਰਾਰ ਉਹਨਾਂ ਉੱਤੇ ਵਹਾਏ ਗਏ ਸਨ। ਅਤੇ ਸੀ .....ਇਹ ਵਚਨ ਦੇ ਨਾਲ ਸਾਬਤ ਕੀਤਾ ਗਿਆ ਸੀ। ਹੁਣ ਤੁਸੀਂ ਵੇਖੋ .....

310 ਕੀ ਹੁੰਦਾ ਜੇ ਉਹ ਕਹਿੰਦੇ ....." ਹੁਣ ਜਰਾ ਠਹਿਰੋ, ਉਸਨੇ ਸਾਨੂੰ ਸਾਡੀ ਸੇਵਕਾਈ ਲਈ ਇੱਥੇ ਰੁਕਣ ਲਈ ਕਿਹਾ ਸੀ। " ਅਤੇ ਅੱਠਾਂ ਦਿਨਾਂ ਤੋਂ ਬਾਦ ਉਹ ਕਹਿੰਦੇ, "ਚੰਗਾ, ਮੁੰਡਿਓ ਮੈਂ ਤੁਹਾਨੂੰ ਦੱਸਦਾ ਹਾਂ ....." ਮਰਕੁਸ, ਮੱਤੀ ਨੂੰ ਕਹਿੰਦਾ, " ਮੈਂ ਸੋਚਦਾ ਹਾਂ ਕਿ ਸੱਜਣੋ ਇਹ ਸਾਨੂੰ ਪਹਿਲਾਂ ਹੀ ਮਿਲ ਗਿਆ ਹੈ। ਕੀ ਤੁਸੀਂ ਇਸ ਤਰ੍ਹਾਂ ਨਹੀਂ ਸੋਚਦੇ ਹੋ? ਵੇਖੋ, ਸਾਨੂੰ ਉਹ ਪਹਿਲਾਂ ਹੀ ਮਿਲ ਗਿਆ ਹੈ। ਹੁਣ ਜਦਕਿ ਅਸੀਂ ਅਪਣੀ ਸੇਵਕਾਈ ਲਈ ਉਡੀਕ ਕਰ ਰਹੇ ਹਾਂ ਸਾਨੂੰ ਬਸ ਹੁਣ ਪ੍ਰਚਾਰ ਕਰਨ ਲਈ ਨਿੱਕਲ ਜਾਣਾ ਚਾਹੀਦਾ ਹੈ। ਉਸਨੇ ਸਾਨੂੰ ਇੱਥੇ ਉੱਪਰ ਆਉਣ ਲਈ ਅਤੇ ਉਡੀਕ ਕਰਨ ਲਈ ਕਿਹਾ ਸੀ ਅਤੇ ਸਾਨੂੰ ਇੱਥੇ ਉਡੀਕਦਿਆਂ ਹੁਣ ਅੱਠਵਾਂ ਦਿਨ ਹੋ ਗਿਆ ਹੈ। "

"ਠੀਕ ਹੈ, ਆਓ ਇੱਕ ਦਿਨ ਹੋਰ ਉਡੀਕ ਕਰੀਏ। "

311 ਨੌਵਾਂ ਦਿਨ ਆਉਂਦਾ ਹੈ। ਤਦ ਮਰਕੁਸ ਉੱਥੇ ਆਉਂਦਾ ਹੈ, ਜਾਂ-ਜਾਂ-ਜਾਂ ਉਹਨਾਂ ਬਾਕੀਆਂ ਵਿੱਚੋਂ ਕੋਈ, ਯੂਹੰਨਾ ਕਹਿੰਦਾ ਹੈ, " ਮੇਰਾ ਵਿਸ਼ਵਾਸ਼ ਹੈ ਕਿ ਸਾਨੂੰ ਹੋਰ ਵੱਧ ਉਡੀਕ ਨਹੀਂ ਕਰਨੀ ਚਾਹੀਦੀ ਹੈ। ਮੇਰਾ ਯਕੀਨ ਹੈ ਕਿ ਇਹ ਸਾਨੂੰ ਮਿਲ ਚੁੱਕਾ ਹੈ। ਕੀ ਤੁਸੀਂ ਇਸ ਤਰ੍ਹਾਂ ਵਿਸ਼ਵਾਸ਼ ਨਹੀਂ ਕਰਦੇ ਹੋ?"

312 ਇਸ ਤੋਂ ਬਾਦ ਮੈਂ ਸ਼ਮਊਨ ਨੂੰ ਆਉਂਦੇ ਹੋਏ ਵੇਖ ਸੱਕਦਾ ਹਾਂ ;ਕਿਉਂਕਿ ਤੁਸੀਂ ਜਾਣਦੇ ਹੋ ਕਿ ਉਸਦੇ ਕੋਲ ਕੁੰਜੀਆਂ ਸੀ। " ਮੁੰਡਿਓ ਹਾਲੇ ਜਰਾ ਇੱਕ ਮਿੰਟ ਰੁਕੋ!ਲਿਖਤਾਂ ਇਹਦੇ ਬਾਰੇ ਵਿੱਚ ਕੁਝ ਆਖਦੀਆਂ ਹਨ, ਉਸਨੇ ਸਾਨੂੰ ਕਦੇ ਵੀ ਨਹੀਂ ਆਖਿਆ ਕਿ ਇੰਨੇ ਦਿਨ ਅਸਾਂ ਰੁਕਣਾ ਹੈ। ਉਸਨੇ ਤਾਂ ਕਿਹਾ ਸੀ, ਤੁਸੀਂ ਉੱਥੇ ਤਦ ਤੱਕ ਉਡੀਕ ਕਰਨੀ ਹੈ !ਜਦ ਤੱਕ ਕਿ ਯਏਲ ਨਬੀ ਦੀ ਨਬੂਵਤ ਪੂਰੀ ਨਹੀਂ ਹੋ ਜਾਂਦੀ, ਜਦ ਤੱਕ ਕਿ ਯਸਾਯਾਹ ਨਬੀ ਦੀ ਭਵਿੱਖਬਾਣੀ ਸੱਚ ਸਾਬਤ ਨਹੀਂ ਹੋ ਜਾਂਦੀ। "

313 "ਮੈਂ ਇਹਨਾਂ ਲੋਕਾਂ ਨਾਲ ਥਥਲੇ ਬੁੱਲਾਂ ਅਤੇ ਓਪਰੀ ਜਬਾਨ ਨਾਲ ਬੋਲਾਂਗਾ। ਅਤੇ ਇਹ ਅਰਾਮ ਹੈ। " ਇਹ ਦਾਖਰਸ ਹੈ ਜਿਹੜੀ ਉਲੱਦੀ ਗਈ ਸੀ। ਬਾਈਬਲ ਦੇ ਅੰਦਰ ਦਾਖਰਸ ਕੀ ਹੈ? ਅਰਾਮ/ਤਾਜਗੀ (REFRESHMENT) ਹੈ। ਇਹ ਉਹ ਤਾਜਗੀ ਹੈ ਜਿਹੜੀ ਖੁਦਾ ਦੀ ਹਜ਼ੂਰੀ ਵਿੱਚੋਂ ਆਉਂਦੀ ਹੈ। " ਸਮਝੇ? ਹੁਣ ਇਸਨੇ ਵਚਨ ਦੇ ਅਨੁਸਾਰ ਹੋਣਾ ਹੈ। ਸਮਝ ਲੱਗੀ?

314 ਇਸ ਲਈ, ਤੁਸਾਂ ਵੇਖਿਆ, ਦਾਖਰਸ ਪਰਕਾਸ਼ ਦੀ ਉਤੇਜਨਾ ਨੂੰ ਪ੍ਰਗਟ ਕਰਦੀ ਹੈ। ਅਤੇ ਜਦ ਪਵਿੱਤਰ ਆਤਮਾ ਉਹਨਾਂ ਤੇ ਉੱਤਰਿਆ ਅਤੇ ਉਹਨਾਂ ਨੇ ਖੁਦਾ ਦੀ ਅੱਗ ਨੂੰ ਉਹਨਾਂ ਉੱਪਰ ਡਿੱਗਦੇ ਵੇਖਿਆ ਤਾਂ ਇਸਨੇ ਉਹਨਾਂ ਵਿੱਚ ਉਤੇਜਨਾ ਪੈਦਾ ਕਰਨੀ ਸ਼ੁਰੂ ਕਰ ਦਿੱਤੀ। ਅਤੇ ਪਹਿਲੀ ਗੱਲ ਤੁਸੀਂ ਜਾਣਦੇ ਹੋ, ਉਹ ਏਨੇ ਉਤੇਜਿਤ ਹੋ ਗਏ ਕਿ ਲੋਕਾਂ ਨੇ ਅਸਲ ਵਿੱਚ ਹੀ ਸੋਚ ਲਿਆ



ਜਿੱਤ ਗਿਆ ਹੈ, ਅਤੇ ਉਹ ਪੋਥੀ ਲੈ ਸੱਕਦਾ ਹੈ ਅਤੇ ਇਹਨੂੰ ਖੋਲ੍ਹ ਸੱਕਦਾ ਹੈ। " ਇਸ ਲਈ ਉਹ ਬਬਰ ਸ਼ੇਰ ਨੂੰ ਵੇਖਣ ਲਈ ਮੁੜਿਆ, ਅਤੇ ਉਸਨੇ ਇੱਕ ਲੇਲਾ ਵੇਖਿਆ। ਪ੍ਰੰਤੂ ਬਜ਼ੁਰਗ ਨੇ ਕਿਹਾ ਸੀ, ਬਬਰ ਸ਼ੇਰ ਜਿੱਤਿਆ ਹੈ। ਪ੍ਰੰਤੂ ਜਦੋਂ ਯੂਹੰਨਾ ਆਉਂਦਾ ਹੈ ਅਤੇ ਵੇਖਦਾ ਹੈ ਤਾਂ ਉਹ ਲੇਲਾ ਸੀ ਜਿਹੜਾ ਸਿੰਘਾਸਣ ਤੋਂ ਆ ਰਿਹਾ ਸੀ।

34 ਹੁਣ, ਉਸਨੇ ਇਸ ਤੋਂ ਪਹਿਲਾਂ ਕਦੇ ਵੀ ਉਹਦੇ 'ਤੇ ਧਿਆਨ ਨਹੀਂ ਦਿੱਤਾ ਸੀ। ਕਿਉਂ? ਕਿਉਂਕਿ ਉਹ ਉੱਥੇ ਪਿੱਛੇ ਆਪਣੀ ਵਿਚੋਲਗੀ ਦਾ ਕੰਮ ਕਰ ਰਿਹਾ ਸੀ ; ਕਿਉਂਕਿ ਉਹ ਲੋਕਾਂ ਲਈ ਆਪਣਾ ਲਹੂ ਬਹਾ ਰਿਹਾ ਸੀ, ਅਤੇ ਲੋਕਾਂ ਲਈ ਤਦ ਤੱਕ ਸਿਫਾਰਸ਼ ਦਾ ਕੰਮ ਕਰ ਰਿਹਾ ਸੀ ਜਦ ਤੱਕ ਕਿ ਉਹ ਆਖਰੀ ਰੂਹ ਜਿਹਦਾ ਨਾਮ ਜਗਤ ਦੀ ਨੀਂਹ ਧਰਨ ਤੋਂ ਅਗੇਤਾ ਹੀ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖਿਆ ਹੋਇਆ ਹੈ ਅੰਦਰ ਨਹੀਂ ਆ ਜਾਂਦਾ ਹੈ। ਅਤੇ ਬਹੁਤ ਸਾਰੇ ਉਨ੍ਹਾਂ ਵਿੱਚੋਂ ਉੱਥੇ ਜਾਣਗੇ, ਇਸੇ ਤਰ੍ਹਾਂ ਹੀ ਹੈ। ਬਸ ਇੰਝ ਹੀ ਹੈ। ਦੂਜੇ ਤਾਂ ਅੰਦਰ ਵੀ ਨਾ ਆਉਣਾ ਚਾਹੁਣਗੇ ਉਨ੍ਹਾਂ ਦੇ ਹਿਰਦੇ ਵਿੱਚ ਅੰਦਰ ਆਉਣ ਦੀ ਕੋਈ ਵੀ ਇੱਛਾ ਨਹੀਂ ਹੈ। ਅਤੇ ਇਸ ਲਈ ਜਦੋਂ ਉਹ ਆਖਰੀ ਪ੍ਰਾਣ ਅੰਦਰ ਆ ਜਾਂਦਾ ਹੈ, ਤਦ ਛੁਟਕਾਰੇ ਦਾ ਸਮਾਂ ਖਤਮ ਹੋ ਜਾਂਦਾ ਹੈ।

35 ਫਿਰ ਲੇਲਾ ਆਪਣੇ ਅਧਿਕਾਰਾਂ ਦਾ ਦਾਅਵਾ ਕਰਨ ਲਈ ਅੱਗੇ ਆਉਂਦਾ ਹੈ ਜਿਨ੍ਹਾਂ ਨੂੰ ਉਸਨੇ ਛੁਡਾਇਆ ਹੈ,ਅਤੇ ਉਹ ਸਾਰੀ ਸਰਿਸ਼ਟੀ ਹੈ। ਧਰਤੀ ਅਤੇ ਸੱਭੋ ਕੁਝ ਉਸੇ ਦਾ ਹੀ ਹੈ। ਸਮਝੇ? ਉਸਨੇ ਇਹਨੂੰ ਆਪਣੇ ਲਹੂ ਦੇ ਨਾਲ ਛੁਡਾਇਆ ਹੈ। ਅਤੇ ਜਦ ਉਹ ਇਸ ਪੋਥੀ ਲੈਣ ਲਈ ਅੱਗੇ ਆਉਂਦਾ ਹੈ, ਇਸ ਨੂੰ ਖੋਲ੍ਹਣ ਲਈ ਆਉਂਦਾ ਹੈ, ਕਿਉਂ, ਮੇਰੇ, ਉਹ ਸਨ ....ਤਾਂ ਯੂਹੰਨਾ ਫਿਰ ਨਹੀਂ ਰੋਇਆ। ਜਦ ਯੂਹੰਨਾ ਨੇ ਵੇਖਿਆ ਤਾਂ ਉਸਨੇ ਇਸ ਮੇਮਣੇ ਨੂੰ ਵੇਖਿਆ ਜੋ ਕਿ ਮੰਨੋ ਕੋਹਿਆ ਗਿਆ ਸੀ। ਇਹ ਤਾਂ ਪਹਿਲਾਂ ਹੀ ਮਾਰਿਆ ਜਾ ਚੁੱਕਾ ਸੀ ਪ੍ਰੰਤੂ ਉਹ ਫਿਰ ਜੀਉਂਦਾ ਸੀ। ਅਤੇ ਅਸੀਂ ਵੇਖਿਆ ਸੀ ਕਿ ਇਹ ਕੋਹਿਆ ਹੋਇਆ ਲੇਲਾ ਲਹੂ ਦੇ ਨਾਲ ਲੱਥਪੱਥ ਸੀ, ਉਸਦੇ ਸ਼ਰੀਰ ਤੋਂ ਸੱਭ ਜਗ੍ਹਾ ਖੂਨ ਵਗ ਰਿਹਾ ਸੀ। ਉਸਨੂੰ ਮਾਰ ਦਿੱਤਾ ਗਿਆ ਸੀ। ਮਾਰੇ ਜਾਣ ਤੋਂ ਬਾਦ ਉਹ ਫਿਰ ਦੁਬਾਰਾ ਜੀ ਉੱਠਿਆ ਸੀ। ਉਹ ਸਿੰਘਾਸਣ ਤੇ ਬੈਠਾ ਹੋਇਆ ਸੀ, ਜਾਂ ਇੰਝ ਕਹੀਏ ਕਿ ਉਹ ਸਿੰਘਾਸਣ ਦੇ ਪਿੱਛੇ *ਇਸ* ਤਰ੍ਹਾਂ ਬੈਠਾ ਹੋਇਆ ਸੀ, ਅਤੇ ਉਨ੍ਹਾਂ ਰੂਹਾਂ ਲਈ ਵਿਚੋਲਗੀ ਕਰ ਰਿਹਾ ਸੀ ਜਿਹੜੀਆਂ ਅੰਦਰ ਆਉਣਗੀਆਂ। ਅਤੇ ਜਦ ਆਖਰੀ ਪ੍ਰਾਣ ਅੰਦਰ ਆ ਜਾਂਦਾ ਹੈ ਤਾਂ ਵਿਚੋਲਗੀ ਦਾ ਸਮਾਂ ਸੰਪੂਰਨ ਹੋ ਜਾਂਦਾ ਹੈ .....ਪ੍ਰੰਤੂ ਛੁਟਕਾਰੇ ਦੀ ਪੋਥੀ ਹਾਲੇ ਵੀ ਪਰਮੇਸ਼ੁਰ ਦੇ ਕੋਲ ਸੀ। ਸਮਝੇ?ਬਸ ਉਹ ਤਾਂ ਹੁਣ ਛੁਟਕਾਰੇ ਦਾ ਕੰਮ ਕਰ ਰਿਹਾ ਹੈ।

36 ਜਿਵੇਂ ਕਿ ਬੋਅਜ਼ ਗਿਆ, ਅਤੇ ਰੂਥ ਉੱਥੇ ਬੈਠੀ ਤਦ ਤੱਕ ਉਡੀਕ ਕਰਦੀ ਹੈ ਜਦ ਤੱਕ ਕਿ ਬੋਅਜ਼ ......ਮੇਰੇ ਕਹਿਣ ਦਾ ਮਤਲਬ ਹੈ ਬੋਅਜ਼ ਕਰਦਾ ਹੈ ਛੁ-.....ਛੁਡਾਉਣ ਵਾਲੇ ਨੇੜੇ ਦੇ ਸਾਕ ਦਾ ਕੰਮ। ਤੁਹਾਨੂੰ ਯਾਦ ਹੈ ਬਹੁਤਾ ਚਿਰ ਨਹੀਂ ਹੋਇਆ ਮੈਂ ਇਸ ਤੇ ਪ੍ਰਚਾਰ ਕੀਤਾ ਸੀ?ਰੂਥ ਸਿੱਟੇ ਚੁਗ ਰਹੀ ਸੀ ; ਅਤੇ ਜੋ ਕੁਝ ਵੀ ਰੂਥ ਨੇ ਕੀਤਾ ਉਹ ਆਖਰ ਤੱਕ ਕਰਦੀ ਰਹੀ;ਅਤੇ ਫਿਰ ਆਖਰੀ ਕੰਮ ਜਿਹੜਾ ਰੂਥ ਕਰ ਰਹੀ ਸੀ ਉਹ ਇਹ ਸੀ ਕਿ ਉਹ ਉਡੀਕ ਕਰ ਰਹੀ ਸੀ। ਯਾਦ ਕਰੋ ਮੈਂ ਕਿੰਝ ਇਸਦਾ ਨਮੂਨਾ ਕਲੀਸਿਯਾ ਨਾਲ ਕੀਤਾ ਸੀ?ਜਦਕਿ ਬੋਅਜ਼ ਛੁਡਾਉਣ ਵਾਲੇ ਨੇੜੇ ਦੇ ਸਾਕ ਦਾ ਕੰਮ ਕਰਨ ਲਈ ਜਾਂਦਾ ਹੈ। ਉਹਨੇ ਇਹ ਕੀਤਾ ; ਉਹ ਆਪਣੀ ਜੁੱਤੀ ਉਤਾਰਦਾ ਹੈ ਅਤੇ ਗਵਾਹੀ ਦਿੰਦਾ ਹੈ ਅਤੇ ਨਾਓਮੀ ਨੂੰ ਛੁਡਾਉਂਦਾ ਹੈ ਅਤੇ ਉਸਦੇ ਜਰੀਏ ਰੂਥ ਨੂੰ ਪ੍ਰਾਪਤ

ਕਰਦਾ ਹੈ। ਹੁਣ ਰੂਥ ਤਾਂ ਬਸ ਇਸ ਲਈ ਹੀ ਉਡੀਕ ਕਰ ਰਹੀ ਸੀ ਕਿਉਂਕਿ ਉਸਨੇ ਤਾਂ ਪਹਿਲਾਂ ਹੀ ਮਿਹਨਤ ਕਰ ਲਈ ਸੀ। ਉਸਨੇ ਤਾਂ ਬਾਕੀ ਸਾਰੇ ਕੰਮ ਪਹਿਲਾਂ ਹੀ ਕਰ ਲਏ ਸਨ,ਪਰ ਉਹ ਤਾਂ ਹੁਣ ਉਡੀਕ ਰਹੀ ਸੀ। ਅਤੇ ਜਦ ......ਕਲੀਸਿਯਾ ਇੰਤਜ਼ਾਰ ਕਰ ਰਹੀ ਹੈ,ਅਰਾਮ ਕਰ ਰਹੀ ਹੈ (ਉਹਨਾਂ ਵਿੱਚੋਂ ਬਹੁਤ ਸਾਰੇ ਧਰਤੀ ਦੀ ਮਿੱਟੀ ਵਿੱਚ ਹਨ) ਜਦਕਿ ਉਹ ਆਪਣੇ ਛੁਡਾਉਣ ਵਾਲੇ ਨੇੜੇ ਦੇ ਸਾਕ ਦਾ ਕੰਮ ਕਰ ਰਿਹਾ ਹੈ।

37 ਹੁਣ, ਸੰਸਾਰ ਤਾਂ ਹੋਰ ਵੀ ਬੁਰਾ ਹੁੰਦਾ ਜਾ ਰਿਹਾ ਹੈ। ਅਤੇ ਪਾਪ, ਬੀਮਾਰੀ ਅਤੇ ਪ੍ਰੇਸ਼ਾਨੀ ਅਤੇ ਮੌਤ ਅਤੇ ਦੁੱਖ ਅਤੇ ਗਮ ਬਹੁਤ ਵੱਧ ਗਏ ਹਨ। ਅਤੇ ਅਧਰਮੀ ਔਰਤਾਂ ਅਤੇ ਅਧਰਮੀ ਆਦਮੀ ਮਰ ਰਹੇ ਹਨ। ਕੈਂਸਰ ਉਨ੍ਹਾਂ ਨੂੰ ਖਾ ਲੈਂਦਾ ਹੈ ਜਦਕਿ ਉੱਥੇ ਪਹੁੰਚਣ ਲਈ ਉਨ੍ਹਾਂ ਕੋਲ ਕਾਫੀ ਵਿਸ਼ਵਾਸ ਨੂੰ ਪ੍ਰਾਪਤ ਕਰਨ ਵਾਲਾ ਭਰੋਸਾ ਨਹੀਂ ਹੈ ਕਿ ਉਸਨੂੰ ਪਕੜ ਸਕਣ।

38 ਹੁਣ ਧਿਆਨ ਦਿਓ। ਪ੍ਰੰਤੂ ਜਦ ਉਹ ਪੂਰਾ ਹੋ ਜਾਂਦਾ ਹੈ ਉਸਦਾ ਵਿਚੋਲ-......ਉਸਦਾ ਵਿਚੋਲਗੀ ਦਾ ਕੰਮ ਖਤਮ ਹੋ ਜਾਂਦਾ ਹੈ, ਤਾਂ ਉਹ ਅਗਾਂਹ ਆਉਂਦਾ ਹੈ, ਅਤੇ ਉਸਦੇ ਹੱਥ ਵਿੱਚੋਂ ਪੋਥੀ ਲੈ ਲੈਂਦਾ ਹੈ। ਅਤੇ ਤਦ ਯੂਹੰਨਾ ਅਤੇ ਜੋ ਕੋਈ ਵੀ ਸੁਰਗ ਵਿੱਚ ਸੀ ਅਤੇ ਸ਼ੁਰੂ .....ਤਦ ਉਹ ਰੂਹਾਂ ਜਿਹੜੀਆਂ ਵੇਦੀ ਦੇ ਥੱਲੇ ਸਨ ਵੱਡੀ ਅਵਾਜ ਨਾਲ ਚਿਲਾਉਣਾ ਸ਼ੁਰੂ ਕਰਦੇ ਹਨ। ਅਸੀਂ ਇਸਨੂੰ ਦੁਬਾਰਾ ਵੇਖਾਂਗੇ ਜਦ ਅਸੀਂ ਛੇਵੀਂ ਮੋਹਰ ਨੂੰ ਵੇਖਾਂਗੇ। ਤੇ ਕਿੰਜ ਉਹਨਾਂ ਨੇ ਅਨੰਦ ਮਨਾਇਆ !ਅਤੇ ਉਹ ਬਜ਼ੁਰਗ ਲੇਲੇ ਦੇ ਸਾਹਮਣੇ ਡਿੱਗ ਪੈਂਦੇ ਹਨ ਅਤੇ ਉਹਦੇ ਸਾਮ੍ਹਣੇ ਸੰਤਾਂ ਦੀਆਂ ਪ੍ਰਾਰਥਨਾਵਾਂ ਨੂੰ ਉਲੰਦ ਦਿੰਦੇ ਹਨ। ਅਤੇ ਜਿਹੜੀਆਂ ਰੂਹਾਂ ਵੇਦੀ ਦੇ ਥੱਲੇ ਹਨ ਉਹ ਪੁਕਾਰ ਉੱਠਦੀਆਂ ਹਨ, " ਤੂੰ ਯੋਗ ਹੈਂ, ਕਿਉਂਕਿ ਤੂੰ ਸਾਨੂੰ ਪਰਮੇਸ਼ੁਰ ਲਈ ਛੁਡਾ ਲਿਆ ਹੈ !ਅਤੇ ਅਸੀਂ ਰਾਜੇ ਅਤੇ ਜਾਜਕ ਬਣ ਕੇ ਧਰਤੀ ਤੇ ਰਹਿਣ ਲਈ ਜਾ ਰਹੇ ਹਾਂ। " ਔਹ, ਉੱਥੇ ਬਹੁਤ ਮਹਾਨ........ ਸੀ।

39 ਯੂਹੰਨਾ ਦੱਸਦਾ ਹੈ ਕਿ "ਜੋ ਕੋਈ ਵੀ ਸੁਰਗ ਵਿੱਚ ਸੀ, ਜੋ ਕੁਝ ਵੀ ਧਰਤੀ ਦੇ ਥੱਲੇ ਸੀ; ਉਹ ਸਾਰਿਆਂ ਨੂੰ" ਇਸਦੇ ਲਈ ਖੁਦਾ ਦੀ ਮਹਿਮਾਂ ਕਰਦੇ ਹੋਏ ਸੁਣਦਾ ਹੈ। ਤੁਸੀਂ ਜਾਣਦੇ ਹੋ ਕਿ ਯੂਹੰਨਾ ਨੇ ਜਰੂਰ ਹੀ ਉਸ ਪੋਥੀ ਵਿੱਚ ਆਪਣਾ ਨਾਮ ਵੇਖਿਆ ਹੋਵੇਗਾ। ਉਸ ਸਾਰੇ ਸਮੇਂ !

40 ਤਦ ਉਹ ਕਹਿੰਦਾ ਹੈ, "ਉਹ ਛੁਟਕਾਰੇ ਦੀ ਪੋਥੀ ਨੂੰ ਲੈਣ ਦੇ ਯੋਗ ਹੈ। "ਹੁਣ ਇਹ ਦੁਬਾਰਾ ਨਿਆਂ ਕਰਨ ਵਾਲੇ ਦੀ ਨਹੀਂ ਰਹਿੰਦੀ ਹੈ। ਇਹ ਛੁਡਾਉਣ ਵਾਲੇ ਦੀ ਹੈ, ਅਤੇ ਉਹ ਛੁਟਕਾਰੇ ਦਾ ਕੰਮ ਕਰ ਚੁੱਕਾ ਹੈ।

41 ਹੁਣ ਉਹ ਕਲੀਸਿਯਾ ਨੂੰ ਵਿਖਾਉਣ ਜਾ ਰਿਹਾ ਹੈ ਜੋ ਉਹ ਕਰ ਚੁੱਕਾ ਹੈ। ਆਮੀਨ ! ਸਮਝੇ? ਫਿਰ ਉਹ ਬਸ ਲੈਂਦਾ ਹੈ ....ਪ੍ਰੰਤੂ ਪੋਥੀ ਬੰਦ ਹੈ। ਕੋਈ ਵੀ ਉਹਦੇ ਬਾਰੇ ਵਿੱਚ ਕੁਝ ਨਹੀਂ ਜਾਣਦਾ ਹੈ। ਉਹ ਜਾਣਦੇ ਹਨ ਕਿ ਉੱਥੇ ਇਹ ਛੁਟਕਾਰੇ ਦੀ ਪੋਥੀ ਸੀ, ਪ੍ਰੰਤੂ ਅੰਤ ਦੇ ਦਿਨਾਂ ਵਿੱਚ ਇਸਦਾ ਪ੍ਰਗਟ ਹੋਣਾ ਹੈ। ਪ੍ਰਕਾਸ਼ ਦੀ ਪੋਥੀ 10 ਦੇ ਅਨੁਸਾਰ ਸੱਤਵੇਂ ਦੂਤ ਨੂੰ ਉਸਦਾ ਸੰਦੇਸ਼ ਦਿੱਤਾ ਜਾਣਾ ਹੈ। ਕਿਉਂਕਿ ਇਹ ਕਿਹਾ ਗਿਆ ਹੈ ਕਿ, ਸੱਤਵੀਂ ਕਲੀਸਿਯਾ ਦੇ ਦੂਤ, ਸੱਤਵੇਂ ਦੂਤ ਦੀ ਅਵਾਜ਼ ਦੇ ਦਿਨੀਂ ਜਦ ਉਹ ਤੁਰ੍ਹੀ ਵਜਾਉਂਦਾ ਹੈ, ਤਾਂ ਪਰਮੇਸ਼ੁਰ ਦੇ ਸਾਰੇ ਗੁਪਤ ਭੇਤ ਪ੍ਰਗਟ



303 ਧਿਆਨ ਦਿਓ। ਇੱਥੇ ਬਹੁਤ ਹੀ ਵਧੀਆ ਹਿੱਸਾ ਹੈ। ਧਿਆਨ ਦਿਓ।

*......ਵੇਖੀਂ ਤੂੰ ਇਸ ਦਾਖਰਸ ਅਤੇ ਤੇਲ ਦਾ ਵਿਗਾੜ ਨਾ ਕਰੀਂ।*

304 "ਉੱਥੇ ਇਸਦਾ ਥੋੜਾ ਜਿਹਾ ਭਾਗ ਹੀ ਬਚਿਆ ਹੈ ਪ੍ਰੰਤੂ ਤੂੰ ਉਸਨੂੰ ਛੂਹਣਾ ਵੀ ਨਹੀਂ!"

305 ਹੁਣ ਤੇਲ ਹੈ ......ਤੇਲ ਆਤਮਾ, ਪਵਿੱਤਰ ਆਤਮਾ ਨੂੰ ਦਰਸਾਉਂਦਾ ਹੈ। ਜੇ ਤੁਸੀਂ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਕੁਝ ਹਵਾਲੇ ਦਿੰਦਾ ਹਾਂ। ਇਹਦੇ ਬਾਰੇ ਵਿੱਚ ਦੋ ਲਿਖਤਾਂ ਹਨ। ਤੁਸੀਂ ਜਾਣਦੇ ਹੋ ਲੇਵੀਆ 8:12 ਵਿੱਚ ਜਿੱਥੇ ਕਿ ਹਰੂਨ ਇਸ ਤੋਂ ਪਹਿਲਾਂ ਕਿ ਉਹ ਅੰਦਰ ਜਾਵੇ ਉਸਨੂੰ ਤੇਲ ਦੇ ਨਾਲ ਮਸੱਹ ਕੀਤਾ ਜਾਂਦਾ ਸੀ। ਅਤੇ ਯਕਰਯਾਹ 4:12 ਵਿੱਚ ਕਿਹਾ ਗਿਆ ਹੈ ਕਿ ਨਾਲੀਆਂ ਦੇ ਵਿੱਚੋਂ ਤੇਲ ਬਾਹਰ ਆ ਰਿਹਾ ਸੀ, ਨਾਲੀਆਂ ਵਿੱਚੋਂ ਤੇਲ ਆ ਰਿਹਾ ਸੀ ਉੱਥੇ ਕਿਹਾ ਗਿਆ ਹੈ, "ਇਹ ਤੇਲ ਮੇਰਾ ਆਤਮਾ ਹੈ। " ਅਗਰ ਤੁਸੀਂ ਵੇਖਣਾ ਚਾਹੋ ਤਾਂ ਤੁਸੀਂ ਵੇਖ ਸੱਕਦੇ ਹੋ ਕਿ 14......25 ਜਾਂ ਮੱਤੀ 25:3 ਵਿੱਚ ਉੱਥੇ ਮੂਰਖ ਕੁਅਰੀਆਂ ਸਨ, ਮੂਰਖ ਕੁਆਰੀਆਂ ਕੋਲ ਤੇਲ ਨਹੀਂ ਸੀ, ਆਤਮਾ ਨਹੀਂ ਸੀ। ਅਤੇ 25:4 ਵਿੱਚ ਬੁੱਧੀਮਾਨ ਕੁਆਰੀਆਂ ਕੋਲ ਉਹਨਾਂ ਦੀਆਂ ਮਸ਼ਾਲਾਂ ਵਿੱਚ ਤੇਲ ਸੀ, ਆਤਮਾ ਨਾਲ ਭਰੀਆ ਸਨ। ਆਤਮਾ !ਤੇਲ ਪਵਿੱਤਰ ਆਤਮਾ ਦਾ ਨਮੂਨਾ ਹੈ। ਔਹ, ਮਹਿਮਾਂ ਹੋਵੇ! [ਭਾਈ ਬ੍ਰਾਨਹਾਮ ਆਪਣੇ ਹੱਥਾਂ ਨਾਲ ਤਾੜੀ ਵਜਾਉਂਦੇ ਹਨ-ਸੰਪਾ] ਠੀਕ ਹੈ। ਕੀ ਤੁਸੀਂ ਸਮਝ ਗਏ? [ਸੰਗਤ ਆਖਦੀ ਹੈ, "ਆਮੀਨ। "] ਠੀਕ ਹੈ। ਹੁਣ, ਤੇਲ ਪਵਿੱਤਰ ਆਤਮਾ ਨੂੰ ਦਰਸਾਉਂਦਾ ਹੈ।

306 ਅਤੇ ਦਾਖਰਸ ਪ੍ਰਕਾਸ਼ ਦੇ ਜੋਸ਼ /ਉਤੇਜਨਾ ਨੂੰ ਦਰਸਾਉਂਦਾ ਹੈ। ਔਹ, ਮੈਂ ਇਸ ਥਾਂ ਤੇ ਸਾਰੇ ਪਾਸੇ ਖੁਸ਼ੀ ਦੇ ਮਾਰੇ ਭੱਜਣਾ ਚਹੁੰਦਾ ਹਾਂ। ਮੈਂ ਹੈਰਾਨ ਹਾਂ ਕਿ ਮੈਂ ਆਪਣੇ ਗੁਆਂਢੀਆਂ ਨੂੰ ਨਹੀਂ ਉਠਾ ਦਿੱਤਾ, ਜਦ ਖੁਦਾ ਨੇ ਮੈਨੂੰ ਇਹ ਵਿਖਾਇਆ ਸੀ, ਵੇਖੋ, "ਪਰਕਾਸ਼ ਦਾ ਜੋਸ਼। " ਸਮਝੇ?

307 ਤੇਲ ਅਤੇ ਦਾਖਰਸ ਬਾਈਬਲ ਵਿੱਚ ਹਮੇਸ਼ਾਂ ਇਕੱਠੇ ਹੀ ਪਾਏ ਜਾਂਦੇ ਹਨ। ਮੈਂ ਇਸਨੂੰ ਬਾਈਬਲ ਕਾੱਨਕੋਰਡਸ ਵਿੱਚ ਵੇਖਿਆ ਹੈ। ਉਸ ਵਿੱਚ ਇੱਕ ਤਰ੍ਹਾਂ ਦਾ ਇਕੱਠ ਪਾਇਆ ਜਾਂਦਾ ਹੈ ਕਿ ਸਦਾ ਹੀ ਤੇਲ ਅਤੇ ਦਾਖਰਸ ਇਕੱਠੇ ਹੀ ਪਾਏ ਜਾਂਦੇ ਹਨ।

308 ਜਦ ਖੁਦਾ ਦੇ ਵਾਇਦਾ ਕੀਤੇ ਵਚਨ ਦੀ ਸੱਚਾਈ ਪੂਰੀ ਸੱਚਾਈ ਦੇ ਨਾਲ ਉਸਦੇ ਪਵਿੱਤਰ ਲੋਕਾਂ ਤੇ ਜੋ ਕਿ ਤੇਲ ਨਾਲ ਭਰੇ ਹੋਏ ਹਨ ਪ੍ਰਗਟ ਕੀਤੀ ਜਾਂਦੀ ਹੈ ਤਾਂ ਉਹਨਾਂ ਵਿੱਚ ਜੋਸ਼ ਆ ਜਾਂਦਾ ਹੈ। ਦਾਖਰਸ ਉਤੇਜਨਾ ਹੈ। ਮਹਿਮਾਂ ਹੋਵੇ !ਮੈਂ ਇਸ ਸਮੇਂ ਇਸ ਉਤੇਜਨਾ ਨੂੰ ਮਹਿਸੂਸ ਕਰ ਰਿਹਾ ਹਾਂ। ਅਨੰਦ ਨਾਲ ਉਤੇਜਿਤ ਹੋ ਕੇ ਜੈ ਕਾਰੇ ਗਜਾਉਂਦੇ ਹਨ ! ਸਮਝੇ? ਅਤੇ ਜਦ ਇਹ ਇਸ ਤਰ੍ਹਾਂ ਕਰਦਾ ਹੈ ਤਾਂ ਉਹਨਾਂ ਉੱਤੇ ਇਸਦਾ ਬਿਲਕੁੱਲ ਉਸੇ ਤਰ੍ਹਾਂ ਹੀ ਅਸਰ ਪੈਂਦਾ ਹੈ ਜਿਵੇਂ ਮੈ ਦਾ ਸ਼ਰੀਰਕ ਮਨੁੱਖ ਤੇ ਪ੍ਰਭਾਵ ਪੈਂਦਾ ਹੈ। ਕਿਉਂਕਿ ਜਦ ਤੇਲ ਨਾਲ ਭਰੇ ਹੋਏ ਸੱਚੇ ਵਿਸ਼ਵਾਸ਼ੀ ਨੂੰ ਪ੍ਰਮੇਸ਼ੁਰ ਦੀ ਸੱਚਾਈ ਦਾ ਪਰਕਾਸ਼ ਦਿੱਤਾ ਜਾਂਦਾ ਹੈ, ਜਦ ਉਸ ਤੇ ਪ੍ਰਕਾਸ਼ ਪ੍ਰਗਟ ਕੀਤਾ ਜਾਂਦਾ ਹੈ ਤਾਂ ਉਸ ਵਿੱਚ ਏਨੀ ਵਧੀਕ ਉਤੇਜਨਾ ਆ ਜਾਂਦੀ ਹੈ ਕਿ ਉਹ ਨਿਹਚਾਵਾਨ ਆਪਣੇ ਆਪ ਵਿੱਚ ਵੱਖਰੇ ਤਰ੍ਹਾਂ ਦਾ ਵਿਵਹਾਰ ਕਰਨ ਲੱਗ ਪੈਂਦਾ ਹੈ। ਇਹ ਸੱਚ ਹੈ। ਵਡਿਆਈ ਹੋਵੇ ! [ਸੰਗਤ ਅਨੰਦ ਕਰਦੀ ਹੈ-ਸੰਪਾ]ਵੇਖੋ, ਬਿਲਕੁੱਲ ਇਹੋ ਗੱਲ ਅੱਜ ਉਹਨਾਂ ਦੇ ਨਾਲ ਹੈ। ਇਹ ਠੀਕ ਗੱਲ ਹੈ, ਉਹਨਾਂ ਨੂੰ ਇਹ ਉਤੇਜਨਾ ਬੜਾ ਅਜੀਬ ਜਿਹਾ ਸਲੂਕ ਕਰਵਾਉਂਦੀ ਹੈ।

ਚੀਜ਼ਾਂ ਬਣਦੀਆਂ ਹਨ। ਪ੍ਰੰਤੂ ਤੁਸੀਂ ਵੇਖਦੇ ਹੋ ਕਿ ਉਹ ਇਸਦੇ ਲਈ ਪੈਸੇ ਲੈ ਰਿਹਾ ਸੀ। ਇਸਦਾ ਅਰਥ ਕੀ ਹੈ ਕਿ ਉਹ ਆਪਣੀ ਪਰਜਾ ਦੇ ਕੋਲੋਂ ਜੀਉਣ ਦੀ ਆਸ ਦੇ ਲਈ ਪੈਸੇ ਲੈ ਰਿਹਾ ਸੀ। ਇਹਦਾ ਕੀ ਅਰਥ ਹੈ ਕਿ ਉਹ ਆਪਣੀ ਪਰਜਾ ਦੇ ਕੋਲੋਂ ਜੀਉਣ ਦੀ ਉਸ ਆਸ ਦੇ ਲਈ ਜਿਹੜੀ ਉਹ ਉਹਨਾਂ ਦੇ ਲਈ ਬਾਹਰ ਭੇਜ ਰਿਹਾ ਸੀ ਪੈਸੈ ਲੈ ਰਿਹਾ ਸੀ .......ਉਸੇ ਸਮੇਂ ਉਹ ਉਹਨਾਂ ਲੋਕਾਂ ਤੋਂ ਦੁਆ ਕਰਨ ਲਈ ਪੈਸੇ ਲੈ ਰਿਹਾ ਸੀ, ਦੁਆਵਾਂ ਕਰਨ ਦੇ ਪੈਸੇ ਲੈਣੈ ਸ਼ੁਰੂ ਕਰ ਦਿੱਤੇ ਸਨ। ਉਹ ਹਾਲੇ ਵੀ ਇਹੋ ਕਰ ਰਿਹਾ ਹੈ। ਉਹ ਹਾਲੇ ਵੀ ਨੋਵੀਨਾ ਕਰ ਰਿਹਾ ਹੈ।

299 ਕਿਉਂਕਿ, ਉਹ ਕੀ ਕਰ ਰਿਹਾ ਸੀ?ਸੰਸਾਰ ਦੇ ਧਨ ਨੂੰ ਕਬਜੇ ਵਿੱਚ ਲੈ ਰਿਹਾ ਸੀ। ਉਹ ਤੱਕੜੀ ਦੇ ਨਾਲ ਤੋਲ ਰਿਹਾ ਸੀ, " ਕਣਕ ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ। " ਵੇਖੋ ਉਹ ਕਾਲੇ ਘੋੜੇ ਤੇ ਸਵਾਰ ਹੋ ਕੇ .....ਆਪਣੇ ਲੋਕਾਂ ਦੇ ਧਨ ਨੂੰ ਹੜੱਪ ਕਰ ਰਿਹਾ ਸੀ। ਬਾਈਬਲ ਭਵਿੱਖਬਾਣੀ ਕਰਦੀ ਹੈ ਕਿ ਸਾਰੇ ਜਗਤ ਦਾ ਧਨ ਉਸਦੇ ਕੋਲ ਹੈ। ਜਿਵੇਂ ਕਿ ਪਿਛਲੀ ਰਾਤ ਅਸੀਂ ਰੂਸ ਦੇ ਬਾਰੇ ਵਿੱਚ ਆਖਿਆ ਸੀ, ਅਤੇ ਉਹਨਾਂ ਕੋਲ ਜਿੰਨਾ ਵੀ ਧਨ ਹੈ ਉਹਨਾਂ ਨੇ ਉਹ ਲੈ ਲਿਆ ਹੈ ਅਤੇ ਲੋਕਾਂ ਨੂੰ ਕਗਾਲ ਕਰ ਦਿੱਤਾ ਹੈ। ਸੋਇਹ ਹੀ ਗੱਲ ਹੈ।

300 ਹੁਣ ਧਿਆਨ ਦਿਓ। ਤੁਸੀਂ ਜਾਣਦੇ ਹੋ ਕਿ ਗਿਰਜੇ ਵਿੱਚ ਪੈਸੈ ਲੈਣ ਦੀ ਪੁਰਾਣੀ ਰੀਤ ਕਿੱਥੋਂ ਆਈ?ਕਿਸੇ ਜੱਥੇਬੰਦੀ ਨੂੰ ਬਣਾਉਣਾ,ਕਰੋੜਾਂ ਡਾਲਰਾਂ ਦਾ ਕੋਈ ਵੱਡਾ ਸਾਰਾ ਜੁਗਾੜ ਬਣਾਉਣਾ ਇਸ ਤਰ੍ਹਾਂ ਦੇ ਕੰਮ ਤੋਂ ਦੂਰ ਹੋ ਜਾਓ। ਅਤੇ ਤੁਸੀਂ ਵੇਖਦੇ ਹੋ ਕਿ ਇਸਦੀ ਮਾਂ ਕੌਣ ਹੈ?

301 ਪ੍ਰਭੂ ਤੇਰਾ ਧੰਨਵਾਦ। ਹੇ ਮੇਰੇ ਪ੍ਰਭੂ !ਮੈਂ ਬਹੁਤ ਖੁਸ਼ ਹਾਂ। ਜੀ ਹਾਂ, ਸ਼੍ਰੀਮਾਨ। ਠੀਕ ਹੈ। ਇਹ ਉਸਦੀ ਕਿਰਪਾ ਰਹੀ ਹੈ। ਇਹ ਹੀ ਸੱਭ ਕੁਝ ਹੈ। ਸੱਭ ਠੀਕ ਹੈ। ਠਕਿ ਹੈ।

302 ਇਹ ਅੱਧੀ ਰਾਤ ਦਾ ਵੇਲਾ ਸੀ। ਕੀ ਹੁਣ ਤੁਸੀਂ ਇਸਨੂੰ ਸਮਝ ਗਏ ਹੋ? [ਸੰਗਤ ਆਖਦੀ ਹੈ, "ਅਮੀਨ। "-ਸੰਪਾ]ਅਤੇ ਇੱਥੇ ਉਹ ਭੋਜਨ ਲਈ ਜੋ ਕਿ ਜੀਵਨ ਦੀ ਇੱਕ ਕਿਸਮ ਹੈ ਪੈਸੇ ਲੈ ਰਿਹਾ ਸੀ, ਇਹ ਤਾਂ ਸ਼ਰੀਰਕ ਸੀ, ਇਹ ਆਤਮਿਕ ਨਹੀਂ ਸੀ। ਇਹ ਤਾਂ ਜੌਂ ਸਨ, ਵੇਖੋ, ਜੌਆਂ ਦੀ ਰੋਟੀ ਅਤੇ ਕਣਕ ਦੀ ਰੋਟੀ ਸੀ। ਉਹ ਜੀਵਨ ਲਈ ਇਸ ਤਰ੍ਹਾਂ ਦੀ ਚੀਜ਼ ਦੇਣ ਲਈ ਲੋਕਾਂ ਤੋਂ ਪੈਸੇ ਲੈ ਰਿਹਾ ਸੀ। ਉਹ ਪਾਦਰੀਆਂ ਰਾਹੀਂ ਕੀਤੀ ਗਈ ਦੁਆ ਦੇ ਪੈਸੇ ਲੈਂਦਾ ਸੀ, ਉਹ ਲੋਕਾਂ ਕੋਲੋਂ ਨਰਕ ਵਿੱਚੋਂ ਲੋਕਾਂ ਨੂੰ ਕੱਢਣ ਲਈ ਪ੍ਰਾਰਥਨਾ ਦੇ ਪੈਸੇ ਲੈਂਦਾ ਸੀ। ਪੈਸੇ ਲੈਂਦਾ ਸੀ!ਹੁਣ ਮੈਂ ਇਹ ਇਤਿਹਾਸ ਵਿੱਚੋਂ ਬੋਲ ਰਿਹਾ ਹਾਂ। ਮੈਂ ਸੋਚਦਾ ਹਾਂ ਕਿ ਇਹ ਨੋਵੀਨਾ ਹੈ ਜਿਹਦੇ ਲਈ ਉਹ ਲੋਕਾਂ ਤੋਂ ਪੈਸੇ ਵਸੂਲ ਕਰ ਰਿਹਾ ਸੀ, ਇਹ ਨੋਵੀਨਾ ਹੀ ਸੀ ਜਿਹਦੇ ਬਾਰੇ ਵਿੱਚ ਤੁਸੀਂ ਸੱਭ ਜਾਣਦੇ ਹੋ। ਮੈਂ ਸੋਚਦਾ ਹਾਂ ਕਿ ਤੁਸੀਂ ਜਾਣਦੇ ਹੋ ਕਿ ਨੋਵੀਨਾ ਵਿੱਚ ਤੁਹਾਨੂੰ ਕੋਈ ਤਪ ਕਰਨ ਲਈ ਕੁਝ ਕਰਨਾ ਹੁੰਦਾ ਹੈ। ਕਿਸੇ ਨੇ ਇਹਦੇ ਲਈ ਵਸੂਲੀ ਕਰਨੀ ਹੁੰਦੀ ਹੈ। ਉਹ ਸੰਸਾਰ ਦਾ ਧਨ ਉਸਦੇ ਕੋਲ ਲਿਆ ਰਿਹਾ ਸੀ ਉਹ ਖੁਦ ਆਪਣੀ ਕਲੀਸਿਯਾ ਵਿੱਚ ਪੈਸਾ ਲੈ ਕੇ ਆਉਂਦਾ ਹੈ। ਅਤੇ ਉਹ ਹਾਲੇ ਵੀ ਓਸੇ ਘੋੜੇ ਤੇ ਹੀ ਸਵਾਰੀ ਕਰ ਰਿਹਾ ਹੈ। ਔਹ, ਯਕੀਨਨ ਉਹ ਸਵਾਰ ਹੈ। ਜੀ ਹਾਂ ਸ਼੍ਰੀਮਾਨ। ਉਹ ਹਾਲੇ ਵੀ ਸਵਾਰੀ ਕਰ ਰਿਹਾ ਹੈ!



ਹੋ ਜਾਣਗੇ। " ਤਦ ਇਸਦੇ ਖੁੱਲ੍ਹ ਜਾਣ ਤੋਂ ਬਾਦ ਸੁਰਗ ਤੋਂ ਇੱਕ ਦੂਤ ਥੱਲੇ ਆਉਂਦਾ ਹੈ, ਜੋ ਮਸੀਹ ਸੀ। ਹੁਣ ਯਾਦ ਰੱਖੋ, ਇਹ ਦੂਤ ਧਰਤੀ ਦੇ ਉੱਤੇ ਹੈ ਜੋ ਕਿ ਇੱਕ ਸੰਦੇਸ਼ਵਾਹਕ ਹੈ।

42 ਮਸੀਹ ਹੇਠਾਂ ਆਉਂਦਾ ਹੈ,ਤੁਸੀਂ ਉਸਨੂੰ ਪ੍ਰਕਾਸ਼ ਦੀ ਪੋਥੀ ਦੇ 10ਵੇਂ ਬਾਬ ਵਿੱਚ ਵੇਖਦੇ ਹੋ ; ਉਹ ਆਪਣਾ ਇੱਕ ਪੈਰ ਧਰਤੀ ਤੇ ਅਤੇ ਦੂਸਰਾ ਪੈਰ ਸਮੁੰਦਰ ਤੇ ਰੱਖਦਾ ਹੈ, ਉਸਦੇ ਸਿਰ ਤੇ ਮੇਘ ਧਨੁੱਖ ਸੀ, ਉਸ ਦੀਆਂ ਅੱਖਾਂ .....ਉਸਦੇ ਪੈਰ ਅਗਨ ਦਿਆਂ ਥੰਮ੍ਹਾਂ ਵਰਗੇ ਆਦਿ ਆਦਿ ਸਨ;ਉਸਨੇ ਆਪਣਾ ਹੱਥ ਅਕਾਸ਼ ਵੱਲ ਉਤਾਂਹ ਉਠਾਇਆ ਅਤੇ ਜਿਹੜਾ ਯੁੱਗੋ-ਯੁੱਗ ਜੀਉਂਦਾ ਹੈ ਅਤੇ ਸਿੰਘਾਸਣ 'ਤੇ ਬਿਰਾਜਮਾਨ ਹੈ ਉਸਦੀ ਸਹੁੰ ਖਾਧੀ ਤੇ ਕਿਹਾ, " ਭਈ ਹੋਰ ਚਿਰ ਨਹੀਂ ਲੱਗੇਗਾ। " ਅਤੇ ਜਦ ਉਸਨੇ ਇਹ ਸਹੁੰ ਖਾਧੀ ਤਾਂ ਸੱਤਾਂ ਗਰਜ਼ਾਂ ਨੇ ਆਪਣੀਆਂ ਅਵਾਜ਼ਾਂ ਦਿੱਤੀਆ।

43 ਅਤੇ ਲਿਖਾਰੀ ਜੋ ਕਿ ਯੂਹੰਨਾ ਸੀ ਜਦ ਉਹ ਉਤਾਂਹ ਉਠਾ ਲਿਆ ਗਿਆ ਸੀ, ਅਤੇ ਫਿਰ ਉਸਨੇ ਜੋ ਵੇਖਿਆ ਸੀ ਉਹ ਉਸਨੂੰ ਲਿਖਣ ਵਾਲਾ ਸੀ। ਉਸਨੇ ਲਿਖਣਾ ਸ਼ੁਰੂ ਕੀਤਾ ਤਾਂ ਜਿਹੜਾ ਯੂਹੰਨਾ ਨਾਲ ਗੱਲਾਂ ਕਰਦਾ ਸੀ, ਉਸਨੇ ਆਖਿਆ, "ਇਸਨੂੰ ਨਾ ਲਿਖ। " ਕਿਉਂਕਿ ....ਉਸਨੂੰ ਨਾ ਲਿਖ। " ਇਹ ਹੈ ......ਉਸਨੇ ਕਿਹਾ, " ਇਸਨੂੰ ਮੋਹਰਬੰਦ ਕਰ ਦੇ। " ਕਿਹਦੇ ਵਿੱਚ? ਇਸਨੂੰ ਮੋਹਰਬੰਦ ਕਰ ਦੇ। ਇਸਨੂੰ ਨਾ ਕਹਿ। " ਵੇਖੋ, ਇਸਨੇ ਤਾਂ ਪ੍ਰਗਟ ਹੋਣਾ ਹੈ, ਪ੍ਰੰਤੂ ਇਨ੍ਹਾਂ ਗਰਜ਼ਾਂ ਦੇ ਬਾਰੇ ਵਿੱਚ ਤਾਂ ਵਚਨ ਵਿੱਚ ਵੀ ਨਹੀਂ ਲਿਖਿਆ ਹੋਇਆ ਹੈ।

44 ਅਤੇ ਫਿਰ ਜਦ ਉਹ ਮੋਹਰਾਂ ਨੂੰ ਖੋਲ੍ਹਣਾ ਸ਼ੁਰੂ ਕਰਦਾ ਹੈ, ਸਾਨੂੰ ਪਤਾ ਲੱਗਦਾ ਹੈ ਕਿ ਇਹ ਸੱਭ ਗੜਬੜ ਵਿੱਚ ਪਏ ਹੋਏ ਸਨ। ਸਮਝੇ? ਜਦ ਉਹਨੇ ਪਹਿਲੀ ਮੋਹਰ ਖੋਲ੍ਹੀ ਤਾਂ ਉਸਨੇ ਇਹ ਸੋਚਿਆ ਸੀ ਕਿ, ਹੁਣ ਇੱਥੇ ਇਹ ਆਹ ਆਖੇਗਾ, ਕਿ ਹੁਣ *ਫਲਾਣਾ-ਫਲਾਣਾ* ਆਵੇਗਾ ਅਤੇ ਸਿੰਘਾਸਣ ਨੂੰ ਲੈ ਲਵੇਗਾ ਅਤੇ *ਕੋਈ* ਇਹ ਕਰੇਗਾ, *ਕੋਈ ਉਹ* ਕਰੇਗਾ। "

45 ਪ੍ਰੰਤੂ ਜਦ ਇਹ ਹੋਇਆ ਉੱਥੇ ਇੱਕ ਨੁਕਰਾ ਘੋੜਾ ਗਿਆ ਅਤੇ ਉਸਤੇ ਇੱਕ ਸਵਾਰ ਸੀ। ਯੂਹੰਨਾ ਨੇ ਕਿਹਾ, " ਉਸ ਘੋੜੇ ਦੇ ਸਵਾਰ ਦੇ ਹੱਥ ਵਿੱਚ ਇੱਕ ਧਨੁੱਖ ਸੀ ਅਤੇ ਕੁਝ ਦੇਰ ਬਾਦ ਉਸਨੂੰ ਇੱਕ ਤਾਜ ਦਿੱਤਾ ਗਿਆ। " ਇਹ ਸੱਭ ਕੁਝ ਉਸ ਮੋਹਰ ਵਿੱਚ ਸੀ।

46 ਅਤੇ ਲੇਲਾ ਫਿਰ ਦੁਬਾਰਾ ਪਿਛਾਂਹ ਪਰਤਿਆ ਅਤੇ ਇੱਕ ਹੋਰ ਮੋਹਰ ਤੋੜੀ, ਅਤੇ ਵੇਖੋ ਇੱਕ ਕਾਲਾ ......ਲਾਲ ਘੋੜੇ ਦਾ ਸਵਾਰ ਬਾਹਰ ਨਿੱਕਲਦਾ ਹੈ। ਅਤੇ ਉਸਨੂੰ ਇੱਕ ਤਲਵਾਰ ਦਿੱਤੀ ਗਈ ਸੀ ਅਤੇ ਉਹ ਯੁੱਧ ਕਰਨ ਲਈ ਅੱਗੇ ਵੱਧਦਾ ਹੈ ਅਤੇ ਉਸਨੂੰ ਇੱਕ ਵੱਡੀ ਸ਼ਕਤੀ ਦਿੱਤੀ ਗਈ ਸੀ ਕਿ ਉਹ ਧਰਤੀ ਉੱਤੋਂ ਸੁਲਾਹ ਨੂੰ ਚੁੱਕ ਲਵੇ ਅਤੇ ਲੋਕ ਇੱਕ ਦੂਸਰੇ ਨੂੰ ਮਾਰ ਘੱਤਣ। " ਇਹ ਇੱਕ ਕਿਸਮ ਦਾ .....ਹਾਲੇ ਤੱਕ ਇੱਕ ਭੇਤ ਹੀ ਸੀ ( ਕੀ ਇਹ ਭੇਤ ਨਹੀਂ ਸੀ?)ਜਦ ਤੱਕ ਕਿ ਉਹਨੇ ਇਸਨੂੰ ਖੋਲ੍ਹਿਆ ਨਹੀਂ ਸੀ।

47 ਅਤੇ ਇਸ ਤਰ੍ਹਾਂ ਇਹ ਅਗਾਂਹ ਵੱਧਦਾ ਹੈ, ਅਤੇ ਕਿਹਾ, " ਇਹਨਾਂ ਦਿਨਾਂ ਵਿੱਚ ਇਹਨਾਂ ਸੱਤਾਂ ਗਰਜ਼ਾਂ ਤੋਂ ਪਹਿਲਾਂ ਸਾਰੇ ਭੇਤ ਪ੍ਰਗਟ ਹੋਣ ਹਨ। "

48 ਹੁਣ ਵੇਖੋ। ਜਿਵੇਂ ਕਿ ਅਸੀਂ ਇਸਦਾ ਅਧਿਐਨ ਕਲੀਸਿਯਾਈ ਯੁੱਗਾਂ ਰਾਹੀਂ ਕਰਦੇ ਆਏ ਹਾਂ, ਅਸੀਂ ਵੇਖਿਆ ਕਿ ਸਾਡੇ ਕੋਲ ਸੁਧਾਰਕ ਤਾਂ ਸਨ ਪਰ ਨਬੀ ਨਹੀਂ ਸਨ। ਸੁਧਾਰਕ !ਹਰੇਕ ਆਹੁਦੇ ਦਾ ਆਪਣਾ-ਆਪਣਾ ਕੰਮ ਹੈ।

49 ਜਿਵੇਂ ਕਿ ਇੱਕ ਆਦਮੀ ਜੋ ਕਿ ਟੈਲੀਫੂਨ ਦਾ ਚਲਾਉਣ ਵਾਲਾ ਹੈ ਉਹ ਪੂਰੀ ਤਰ੍ਹਾਂ ਇੱਕ ਬਿਜਲੀ ਦਾ ਕੰਮ ਕਰਨ ਵਾਲਾ ਨਹੀਂ ਹੈ। ਹੋ ਸੱਕਦਾ ਹੈ ਕਿ ਉਹ ਥੋੜਾ ਬਹੁਤਾ ਬਿਜਲੀ ਦਾ ਕੰਮ ਕਰ ਲੈਂਦਾ ਹੋਵੇ। ਅਤੇ ਇਸੇ ਤਰ੍ਹਾਂ ਜਿਹੜਾ ਆਦਮੀ ਬਿਜਲੀ ਦੀਆਂ ਤਾਰਾਂ ਦਾ ਕੰਮ ਕਰਦਾ ਹੈ ਤਾਂ ਉਹ ਜਰੂਰ ਹੀ .......ਜਿਦਾਂ ਕੋਈ ਆਦਮੀ ਖੱਡੇ ਪੁੱਟਣ ਵਾਲਾ ਹੋਵੇ ਅਤੇ ਕਦੇ ਵੀ ਕੋਈ ਲਾਈਨ ਦਾ ਕੰਮ ਨਾ ਕੀਤਾ ਹੋਵੇ, ਉਸਨੂੰ ਜਰੂਰੀ ਹੈ ਕਿ ਉਹ ਲਾਈਨ ਤੋਂ ਦੂਰ ਰਹੇ ;ਪ੍ਰੰਤੂ ਹੋ ਸੱਕਦਾ ਹੈ ਕਿ ਉਹ ਥੋੜਾ ਬਹੁਤਾ ਤਾਰ ਜੋੜਨ ਦਾ ਕੰਮ ਕਰ ਲੈਂਦਾ ਹੋਵੇ।

50 ਪਰ ਜਦ ਅਸਲੀ ਚੀਜ਼ ਅੰਤ ਦੇ ਦਿਨਾਂ ਵਿੱਚ, ਕਲੀਸਿਯਾ ਆਖਰੀ ਭਾਗ ਵਿੱਚ ਪ੍ਰਗਟ ਹੋਵੇਗੀ, ਤਾਂ ਖੁਦਾ ਦੇ ਵਾਇਦਾ ਕੀਤਾ ਹੈ ਕਿ ਉਹ ਅਪਣੀ ਲਿਖਤ ਦੇ ਅਨੁਸਾਰ ਸਾਡੇ ਕੋਲ ਭੇਜੇਗਾ। ਅਤੇ ਅਸੀਂ ਬਹੁਤ ਹੀ ਚਗੀ ਤਰ੍ਹਾਂ ਨਾਲ ਇਹਦੀ ਖੋਜ ਕੀਤੀ ਹੈ ਕਿ ਪ੍ਰਮੇਸ਼ੁਰ ਨੇ ਭਵਿੱਖਬਾਣੀ ਕੀਤੀ ਹੈ ਕਿ ਉਹ ਏਲੀਯਾਹ ਦਾ ਆਤਮਾ ਦੁਬਾਰਾ ਕਿਸੇ ਮਨੁੱਖ ਵਿੱਚ ਅਵੇਗਾ। ਹੁਣ ਮੈਂ ਸੋਚਦਾ ਹਾਂ ਕਿ ਇਸਨੂੰ ਚੰਗੀ ਤਰ੍ਹਾਂ ਸਾਫ ਕਰ ਦਿੱਤਾ ਗਿਆ ਹੈ। ਅਤੇ ਅਸੀਂ ....ਅਤੇ ਅਸੀਂ ਇਸਦੇ ਪੂਰਾ ਹੋਣ ਦੀ ਉਡੀਕ ਕਰ ਰਹੇ ਹਾਂ ; ਉਸ ਮਸ੍ਹਾ ਕੀਤੇ ਹੋਏ ਆਦਮੀ ਦੇ ਆਉਣ ਦੀ ਇਨ੍ਹਾਂ ਅੰਤ ਦੇ ਦਿਨਾਂ ਵਿੱਚ ਉਡੀਕ ਕਰ ਰਹੇ ਹਾਂ। ਹੁਣ ਤੁਸੀਂ ਬਹੁਤ ਸਾਰੇ ਕੱਟੜਵਾਦੀਆਂ ਅਤੇ ਹੋਰ ਸਭਨਾਂ ਚੀਜ਼ਾਂ ਦੇ ਬਾਰੇ ਵਿੱਚ ਸੁਣਦੇ ਹਾਂ, ਪਰ ਉਹ ਸੱਭ ਕੋਸ਼ਿਸ਼ ਕਰਦਾ ਹੈ ਕਿ ....ਸ਼ੈਤਾਨ ਦੇ ਵੱਲੋਂ ਹੈ ਜਿਹੜਾ ਇਹ ਯਤਨ ਕਰ ਰਿਹਾ ਹੈ ਕਿ ਜਦੋਂ ਉਹ ਮਸ੍ਹਾ ਕੀਤਾ ਹੋਇਆ ਆਦਮੀ ਇੱਥੇ ਆਉਂਦਾ ਹੈ ਤਾਂ ਉਹ ਲੋਕਾਂ ਨੂੰ ਉਸ ਤੋਂ ਦੂਰ ਲੈ ਜਾਵੇ। ਪ੍ਰੰਤੂ ਉਸ ਮਨੁੱਖ ਦੀ ਪੁਰੀ ਤਰ੍ਹਾਂ ਪਛਾਣ ਕਰਾਈ ਜਾਵੇਗੀ। ਤੁਸੀਂ ਜਾਣਦੇ ਹੋ ਕਿ ਏਲੀਯਾਹ ਕੀ ਸੀ ; ਅਤੇ ਤੁਸੀਂ ਬਸ ਉਹਦੇ ਤੇ ਧਿਆਨ ਦਿਓ, ਤਦ ਤੁਸੀਂ ਉਸਨੂੰ ਜਾਣ ਜਾਓਗੇ। ਅਤੇ ਤਦ ਜਦੋਂ ਉਹ .....ਹੁਣ, ਚੁਣੇ ਹੋਏ ਉਸਨੂੰ ਪਹਿਚਾਣ ਲੈਣਗੇ।

51 ਦੂਸਰੇ ਨਹੀਂ ;ਦੂਸਰੇ ਉਸਨੂੰ ਬਿਲਕੁੱਲ ਨਹੀਂ ਪਛਾਨਣਗੇ। ਉਹ ਉਸ ਤੋਂ ਕਰੋੜਾਂ ਮੀਲ ਦੂਰ ਰਹਿ ਜਾਣਗੇ। ਜਿਵੇਂ ......ਅਸੀਂ ਉਨ੍ਹਾਂ ਸਭਨਾਂ ਦਾ ਅਧਿਐਨ ਕੀਤਾ ਹੈ ਅਤੇ ਵਿਖਾਇਆ ਸੀ ਕਿ ਕਿਵੇਂ ਉਨ੍ਹਾਂ ਨੇ ਯੂਹੰਨਾ ਨੂੰ ਨਹੀਂ ਪਛਾਣਿਆ, ਕਿਵੇਂ ਉਹ ਏਲੀਯਾਹ ਨੂੰ ਪਛਾਨਣ ਵਿੱਚ ਅਸਫਲ ਰਹੇ ਸਨ, ਕਿਵੇਂ ਉਹ ਯਿਸੂ ਨੂੰ ਪਛਾਨਣ ਵਿੱਚ ਫੇਲ ਹੋ ਗਏ ਸਨ ਕਿਵੇਂ ਉਹ ਉਨ੍ਹਾਂ ਸਾਰਿਆਂ ਨੂੰ ਪਛਾਣ ਨਾ ਸਕੇ ਸਨ। ਅਤੇ ਉਹ ਹੁਣ ਵੀ ਬਿਲਕੁੱਲ ਇਸੇ ਤਰ੍ਹਾਂ ਹੀ ਕਰਨਗੇ, ਕਿਉਂਕਿ ਬਾਈਬਲ ਨੇ ਆਖਿਆ ਹੈ ਕਿ ਉਹ ਕਰਨਗੇ। ਸਮਝੇ?ਉਸ ਸਮੇਂ ਵਿੱਚ ਇਹ ਤਾਂ ਬਹੁਤ ਹੀ ਹਲੀਮ ਹੋਵੇਗਾ। ਇਹ ਬੜਾ ਹੀ ਸਧਾਰਨ ਹੋਵੇਗਾ। ਇਹ ਹੀ ਹੈ ਜੋ....ਜਿਹਦੇ ਕਾਰਨ ਲੋਕ ਉਸਨੂੰ ਪਛਾਨਣ ਤੋਂ ਰਹਿ ਜਾਣਗੇ। ਉਹ ਉਨ੍ਹਾਂ ਲਈ ਬਹੁਤ ਹੀ ਸਧਾਰਨ ਹੋਵੇਗਾ। ਅਸੀਂ ਵੇਖਿਆ ਸੀ ਅਤੇ ਤੁਸੀਂ ਵੀ ਜਾਣਦੇ ਹੋ ਕਿ ਇਹ ਹਮੇਸ਼ਾਂ ਇਸੇ ਤਰ੍ਹਾਂ ਹੀ ਹੋਇਆ ਹੈ, ਜਦੋਂ ਲੋਕ ਬੜੇ ਤੇਜ਼ ਅਤੇ ਚਲਾਕ ਅਤੇ ਪੜ੍ਹੇ-ਲਿਖੇ ਅਤੇ ਸਾਰੇ ਤਰ੍ਹਾਂ ਦੇ ਗਿਆਨ ਨਾਲ ਭਰ ਜਾਂਦੇ ਹਨ ਤਾਂ ਫਿਰ ਉਹ .....ਇਸ ਤਰ੍ਹਾਂ ਦੀ ਕਿਸਮ ਦੇ ਲੋਕ ਉਹਨੂੰ ਪਛਾਨਣ ਵਿੱਚ ਫੇਲ ਹੋ ਜਾਂਦੇ ਹਨ। ਸਮਝੇ?

52 ਯਿਸੂ ਨੇ ਕਦੇ ਵੀ ਇਸ ਤਰ੍ਹਾਂ ਦੇ ਲੋਕਾਂ ਨੂੰ ਆਪਣੇ ਚੇਲੇ ਹੋਣ ਲਈ ਨਹੀਂ ਲਿਆ ਸੀ। ਉਸਨੇ ਤਾਂ ਅਨਪੜ੍ਹ ਲੋਕਾਂ ਨੂੰ, ਮਛੇਰਿਆਂ ਨੂੰ ਆਪਣੇ ਚੇਲੇ ਬਣਾਉਣ ਨੂੰ ਚੁਣਿਆ ਸੀ ਅਤੇ ਇਨ੍ਹਾਂ ਵਿੱਚੋਂ ਕਿਸੇ ਦਾ ਵੀ ਉਨ੍ਹਾਂ ਦੀਆਂ ਕਲੀਸਿਯਾਵਾਂ ਅਤੇ ਕਲੀਸਿਯਾਵਾਂ ਦੇ ਰੀਤਾਂ-ਰਿਵਾਜਾਂ ਨਾਲ ਕੋਈ ਵਾਸਤਾ ਨਹੀਂ ਸੀ। ਉਸਨੇ ਤਾਂ ਸਧਾਰਨ ਜਿਹੇ ਲੋਕਾਂ ਨੂੰ, ਚੁੰਗੀ ਲੈਣ ਵਾਲਿਆਂ ਨੂੰ, ਅਤੇ ਕਿਸਾਨਾਂ



ਕੀਤਾ ਅਤੇ ਇਸਦੀ ਭਾਲ ਕੀਤੀ। ਉੱਥੇ ਇਹ ਸੀ, ਹੁਣ ਤੱਕ ਉਹਨਾਂ ਵਿੱਚੋਂ ਤਿੰਨਾਂ ਨੂੰ ਬੜੇ ਅਲੌਕਿਕ ਢੰਗ ਦੇ ਨਾਲ ਪ੍ਰਗਟ ਕੀਤਾ ਗਿਆ ਹੈ। ਹਾਂ ਜੀ। ਹੁਣ ਇੱਥੇ ਕਾਲੇ ਘੋੜੇ ਦਾ ਭੇਤ ਹੈ ਜਿਵੇਂ ਕਿ ਮੇਰੇ ਉੱਤੇ ਪ੍ਰਗਟ ਕੀਤਾ ਗਿਆ ਸੀ।

295 ਉਹ ਉਸ ਕਾਲੇ ਘੋੜੇ ਤੇ ਹਨੇਰੇ ਦੇ ਯੁੱਗਾਂ ਵਿੱਚ ਸਵਾਰ ਹੁੰਦਾ ਹੈ ਇਹੋ ਕੁਝ ਹੀ ਕਾਲਾ ਘੋੜਾ ਦਰਸਾ ਰਿਹਾ ਹੈ, ਹਨੇਰ ਕਾਲ ਦੇ ਯੁੱਗ, ਉਹ ਉਹਨਾਂ ਹਨੇਰ ਕਾਲ ਦੇ ਯੁੱਗਾਂ ਨੂੰ ਦਰਸਾਉਂਦਾ ਹੈ ਜਿਹੜੇ ਉਹਨਾਂ ਵਿਸ਼ਵਾਸ਼ੀਆਂ ਦੇ ਲਈ ਜਿਹੜੇ ਰਹਿ ਗਏ ਸਨ ਅੱਧੀ ਰਾਤ ਦਾ ਸਮਾਂ ਸੀ। ਧਿਅਨ ਦਿਓ ਕਿ ਉਹ ਕਿੰਝ ਆਖਦਾ ਹੈ, " ਤੇਰੇ ਕੋਲ ਥੋੜਾ ਜਿਹਾ ਬਲ ਹੈ। " ਸੱਚੇ ਨਿਹਚਾਵਾਨਾਂ ਲਈ ਇਹ ਅੱਧੀ ਰਾਤ ਦਾ ਵੇਲਾ ਸੀ। ਹੁਣ ਧਿਆਨ ਦਿਓ। ਵਿਵਹਾਰਕ ਤੋਰ ਤੇ ਸੱਚੀ ਕਲੀਸਿਯਾ ਕੋਲੋਂ ਸਾਰੀਆਂ ਉਮੀਦਾਂ ਲੈ ਲਈਆਂ ਗਈਆਂ ਸਨ ਕਿਉਂਕਿ ਕਲੀਸਿਯਾ ਅਤੇ ਰਾਜ ਦੋਨੋਂ ਇਸ ਕਾਲੇ ਘੋੜੇ ਦੇ ਸਵਾਰ ਦੇ ਕਾਬੂ ਵਿੱਚ ਸਨ। ਉਹ ਕੀ ਕਰਨਗੇ? ਵੇਖੋ, ਕੈਥੋਲਿਕਵਾਦ ਨੇ ਕਲੀਸਿਯਾ ਅਤੇ ਰਾਜ ਦੋਹਾਂ ਨੂੰ ਆਪਣੇ ਅਧੀਨ ਲੈ ਲਿਆ ਸੀ। ਅਤੇ ਉਹ ਸੱਭ ਜਿਹੜੇ ਕੈਥਲਿਕਵਾਦ ਨਾਲ ਸਹਿਮਤ ਨਹੀਂ ਸਨ ਉਹਨਾਂ ਨੂੰ ਮਾਰ ਦਿੱਤਾ ਗਿਆ ਸੀ। ਇਹ ਹੀ ਕਾਰਨ ਸੀ ਕਿ ਉਹ ਕਾਲੇ ਘੋੜੇ ਤੇ ਸੀ। ਹੁਣ ਵੇਖੋ ਕਿ ਉਸਨੇ ਕਿਹੋ ਜਿਹਾ ਹਨੇਰੇ ਦਾ ਕੰਮ ਕੀਤਾ ਸੀ ਤਦ ਤੁਸੀਂ ਇਸ ਵੇਖ ਸਕੋਗੇ। ਅਤੇ ਤੁਸੀਂ ਬਸ .....ਜੇ ਤੁਸੀਂ ਆਪਣਾ ਇਤਿਹਾਸ ਜਾਣਦੇ ਹੋ ਤੁਸੀਂ ਇਸਨੂੰ ਵੇਖੋ ਤਾਂ ਤੁਸੀਂ .....ਇਸਨੂੰ ਜਾਣ ਕੇ,ਤਹਾਨੂੰ ਤਾਂ ਇਸਨੂੰ ਜਾਨਣ ਦੀ ਵੀ ਲੋੜ ਨਹੀਂ ਹੈ। ਹੁਣ ਧਿਆਨ ਦਿਓ। ਸਾਰੀਆਂ ਆਸਾਂ ਜਾਂਦੀਆਂ ਰਹੀਆਂ ਸਨ। ਇਹ ਉਸਦਾ ਕਾਕਲਾ ਘੋੜਾ ਸੀ।

ਹੁਣ, ਉਹ ਅਪਣੀ ਚਲਾਕੀ ਨਾਲ ਚਿੱਟੇ ਘੋੜੇ ਤੇ ਸਵਾਰ ਸੀ।

296 ਤਦ ਉਹਨੂੰ ਸ਼ਕਤੀ ਦਿੱਤੀ ਗਈ ;ਉਸਨੇ ਸੁਲਾਹ ਨੂੰ ਚੁੱਕ ਲਿਆ ਅਤੇ ਕਰੋੜਾਂ ਲੋਕਾਂ ਦਾ ਘਾਤ ਕੀਤਾ ਸੀ। ਇਹ ਹੀ ਸੀ ਉਦੋਂ ਜੋ ਉਸਨੇ ਕੀਤਾ ਸੀ ਜਦ ਉਹ ਕਾਲੇ ਘੋੜੇ ਤੇ ਸਵਾਰ ਹੋ ਕੇ ਅਗਾਂਹ ਵਧਿਆ ਸੀ। ਅਤੇ ਉਹ ਹਾਲੇ ਵੀ ਇਹੋ ਹੀ ਕਰਦਾ ਹੈ ਸਮਝੇ?

297 ਹੁਣ ਉਹ ਇੱਥੇ ਆਪਣੇ ਕਾਲੇ ਘੋੜੇ ਤੇ ਸਵਾਰ ਹੋ ਕੇ ਆ ਰਿਹਾ ਹੈ। ਇਹ ਤਾਂ ਹਨੇਰ ਯੁੱਗ ਦਾ ਸਮਾਂ ਸੀ। ਬਸ ਉਸੇ ਵੇਲੇ ਜਦ ਰੋਮਨ ਕਲੀਸਿਯਾ ਪੂਰੀ ਤਰ੍ਹਾਂ ਨਾਲ ਉੱਸਰ ਚੁੱਕੀ ਸੀ ਅਤੇ ਫਿਰ ਉਹਨਾਂ ਕੋਲ ਸ਼ਕਤੀ ਆ ਗਈ ਸੀ ਤਦ ਉਹਨਾਂ ਨੇ ਬਾਕੀ ਸੱਭ ਗੱਲਾਂ ਨੂੰ ਦਬਾ ਦਿੱਤਾ। ਅਤੇ ਸੱਚੀ ਕਲੀਸਿਯਾ ਸੈਂਕੜੇ-ਸੈਂਕੜੇ ਸਾਲਾਂ ਤੱਕ ਹਨੇਰੇ ਦੇ ਯੁੱਗ ਥਾਣੀਂ ਲੰਘੀ, ਜਿਹਨੂੰ ਹਰ ਇੱਕ ਪਾਠਕ ਹਨੇਰ ਕਾਲ ਦੇ ਯੁੱਗ ਨਾਲ ਜਾਣਦਾ ਹੈ। ਕਿੰਨੇ ਇਹ ਜਾਣਦੇ ਹਨ?[ ਸੰਗਤ ਆਖਦੀ ਹੈ, "ਆਮੀਨ। "-ਸੰਪਾ]ਯਕੀਨਨ ਹੀ ਇਹ ਹਨੇਰ ਦੇ ਯੁੱਗ ਸਨ। ਇਹ ਕਾਲਾ ਘੋੜਾ ਉਸ ਹਨੇਰੇ ਯੁੱਗ ਨੂੰ ਦਰਸਾਉਂਦਾ ਹੈ। ਹੁਣ ਸੱਭ ਆਸਾਂ ਜਾਂਦੀਆਂ ਰਹੀਆਂ ਸਨ ; ਕੋਈ ਵੀ ਉਮੀਦ ਬਾਕੀ ਨਹੀਂ ਰਹੀ ਸੀ। ਉਹਨਾਂ ਥੋੜੇ ਜਿਹੇ ਨਿਹਚਾਵਾਨਾਂ ਲਈ ਸਾਰਾ ਕੁਝ ਹਨੇਰਾ ਹੀ ਜਾਪਦਾ ਸੀ। ਇਹੋ ਹੀ ਕਾਰਨ ਹੈ ਕਿ ਇਹ ਹਨੇਰ ਯੁੱਗ ਸਦਾਇਆ, ਕਾਲਾ ਘੋੜਾ ਹਨੇਰ ਯੁੱਗ ਦਾ ਹੀ ਪ੍ਰਤੀਕ ਹੈ।

298 "ਉਸਦੀ ਤੱਕੜੀ ਜਾਂ ਉਸਦਾ ਮਾਪ ਉਸਦੇ ਹੱਥ ਵਿੱਚ ਹੈ। " ਅਤੇ ਆਖ ਰਿਹਾ ਸੀ, " ਭਈ ਕਣਕ ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ। " ਵੇਖੋ ਅਸਲ ਵਿੱਚ ਕਣਕ ਅਤੇ ਜੌਂ ਸ਼ਰੀਰਕ ਜੀਵਨ ਦਾ ਭੋਤਿਕ ਅਧਾਰ ਹੈ। ਇਸਦੇ ਨਾਲ ਹੀ ਰੋਟੀ ਅਤੇ ਹੋਰ ਖਾਣ ਦੀਆਂ

287 ਹੁਣ ਵੇਖੋ ਉਹ ਕਿਸੇ ਗੱਲ ਨੂੰ ਲੈ ਕੇ ਕਾਂ-ਕਾਂ ਕਰਦੇ ਹਨ ਜਿਵੇਂ ਕਿ ਮੈਂ ਜਾਣਦਾ ਹੀ ਨਹੀਂ। ਹੁਣ, ਇੱਥੇ ਇਹ ਹੈ। ਮੈਂ ਲੋਕਾਂ ਦੇ ਨਾਲ ਬਹਿਸ ਕਰਨ ਵਿੱਚ ਵਿਸ਼ਵਾਸ਼ ਨਹੀਂ ਰੱਖਦਾ ਹਾਂ, ਪਰ ਜਦ ਗੱਲ ਅਜਿਹੀ ਥਾਂ ਤੇ ਪਹੁੰਚਦੀ ਹੈ ਜਿੱਥੇ ਕਿ ਉਹ ਤੁਹਾਨੂੰ ਇਸ ਵਿੱਚ ਫਸਾਉਣ ਦੀ ਕੋਸ਼ਿਸ਼ ਕਰਦੇ ਹਨ। ਹੋ ਸੱਕਦਾ ਹੈ ਕਿ ਮੈਂ ਨਾ ਹੀ ਜਾਂਦਾ, ਪਰ ਪਵਿੱਤਰ ਆਤਮਾ ਨੇ ਮੈਨੂੰ ਆਖਿਆ ਕਿ "ਉੱਥੇ ਜਾ। ਮੈਂ ਤੇਰੇ ਨਾਲ ਖੜਾ ਹੋਵਾਂਗਾ। "

288 ਮੈਂ ਤਿੰਨ ਜਾਂ ਚਾਰ ਦਿਨ ਪਹਿਲਾਂ ਹੀ ਉਨ੍ਹਾਂ ਨੂੰ ਇਹਦੇ ਬਾਰੇ ਵਿੱਚ ਦੱਸ ਦਿੱਤਾ ਸੀ। ਸ਼੍ਰੀ ਕਾੱਰਲਸਨ ਅਤੇ ਟੋਮੀ ਹਿੱਕਸ ਅਤੇ ਤੁਸੀਂ ਸੱਭ ਅਤੇ ਉਹ ਉੱਥੇ ਸਨ ਅਤੇ ਉਹਨਾਂ ਨੇ ਇਹ ਸੁਣਿਆ ਸੀ। ਅਤੇ ਉਹ ਸੱਭ ਉੱਥੇ ਬੈਠੇ ਹੋਏ ਸਨ। ਅਤੇ ਮੈਂ ਤਿੰਨ ਦਿਨ ਪਹਿਲਾਂ ਉੱਥੇ ਗਿਆ ਅਤੇ ਮੈਂ ਕਿਹਾ," ਤੁਸੀਂ ਇਸ ਜਗ੍ਹਾ ਨੂੰ ਬਦਲਣ ਲਈ ਜਾ ਰਹੇ ਹੋ। "

289 ਇਹ ਤੂਫਾਨੀ ਰਾਤ ਸੀ। ਮੇਰੀ ਇੱਕ ਸੰਗਤੀ ਹੋ ਰਹੀ ਸੀ। ਉਹਨੇ ਕਿਹਾ, " ਜਾ ਅਤੇ ਉਸ ਖਿੜਕੀ ਦੇ ਲਾਗੇ ਜੋ ਕਿ ਉੱਥੇ ਉਸ ਤੀਸਰੇ ਛੋਟੇ ਦਰਵਾਜੇ ਦੇ ਲਾਗੇ ਹੈ ਖੜਾ ਹੋ ਜਾ। " ਅਤੇ ਮੈਂ ਉੱਥੇ ਗਿਆ ਅਤੇ ਉਸਦੇ ਲਾਗੇ ਖੜਾ ਹੋ ਗਿਆ। ਮੈਂ ਉੱਥੇ ਬਾਹਰ ਨੂੰ ਝਾਤੀ ਮਾਰ ਕੇ ਵੇਖਿਆ।

290 ਉਸਨੇ ਆਖਿਆ, "ਉਹਨਾਂ ਨੇ ਤੇਰੇ ਲਈ ਇੱਕ ਫੰਦਾ ਲਾਇਆ ਹੋਇਆ ਹੈ। ਉਹ ਤੈਨੂੰ ਸੇਵਾਦਾਰਾਂ ਦੀ ਜਥੇਬੰਦੀ ਜੋ ਕਿ ਸ਼ਿਕਾਗੋ ਦੀ ਹੈ ਵਿੱਚ ਬੋਲਣ ਲਈ ਕਹਿਣਗੇ। " ਕਿਹਾ, " ਉਹਨਾਂ ਨੇ ਮੇਰੇ ਵਚਨ ਦੀ ਤੇਰੀ ਸਿੱਖਿਆ ਲਈ ਇੱਕ ਫੰਦਾ ਲਾਇਆ ਹੋਇਆ ਹੈ। "

291 ਉਹਨੇ ਕਿਹਾ, "ਹੁਣ ਉਹ ਉਸ ਸਥਾਨ ਨੂੰ ਰੱਦ ਦੇਣਗੇ ਜਿਹੜਾ ਉਹਨਾਂ ਨੇ ਉੱਥੇ ਪਹਿਲਾਂ ਚੁਣਿਆ ਸੀ। ਉਹ ਸਥਾਨ ਉਹਨਾਂ ਨੂੰ ਨਹੀਂ ਮਿਲੇਗਾ ਅਤੇ ਉਹ ਇੱਕ ਅਜਿਹੇ ਸਥਾਨ ਤੇ ਜਾਣਗੇ ਜਿਹੜਾ ਭੂਰੇ ਰੰਗ ਦਾ ਹੈ। " ਆਖਿਆ, "ਉਹ ਇੱਥੇ ਵਿਖਾਈ ਦਿੰਦੀਆਂ ਹਨ। " ਮੈਂ ਰੁਕਿਆ ਅਤੇ ਉੱਥੇ ਪਿੱਛੇ ਰੁਕਿਆ ਅਤੇ ਮੈਂ ਆਪਣੇ ਆਪ ਨੂੰ ਇੱਕ ਨੁੱਕਰ ਵਿੱਚ ਦੇਖਿਆ ;ਮੈਂ ਉੱਥੇ ਪਿੱਛੇ ਨੂੰ ਵੇਖਿਆ। ਮੈਂ ਉਹਨਾਂ ਸਾਰਿਆਂ ਨੂੰ ਉੱਥੇ ਵੇਖਿਆ। ਮੈਂ ਉਹਨਾਂ ਸੇਵਾਦਾਰਾਂ ਨੂੰ ਉੱਥੇ ਬੈਠੇ ਉਸੇ ਤਰ੍ਹਾਂ ਵੇਖਿਆ ਜਿਵੇਂ ਉਹ ਬੈਠੇ ਹੋਏ ਸਨ। ਮੈਂ ਉਹਨਾਂ ਨੂੰ ਚੰਗੀ ਤਰ੍ਹਾਂ ਵੇਖਿਆ ਸੀ। ਅਤੇ ਉਸਨੇ ਕਿਹਾ....

292 ਔਹ, "ਮੈਂ ਸੋਚਿਆ, ਪ੍ਰਭੂ ਜੇ ਉਹ ਇਸ ਤਰ੍ਹਾਂ ਕਰਨ ਜਾ ਰਹੇ ਹਨ ਤਾਂ ਮੇਰੇ ਲਈ ਚੰਗਾ ਇਹ ਹੀ ਹੋਵੇਗਾ ਕਿ ਮੈਂ ਉੱਥੇ ਨਾ ਜਾਵਾਂ। ਮੈਂ ਉਹਨਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਹੁੰਦਾ ਹਾਂ ਜਾਂ ਮੈਂ ਕੁਝ ਗਲਤ ਨਹੀਂ ਕਰਨਾ ਚਹੁੰਦਾ ਹਾਂ। "

ਉਸਨੇ ਕਿਹਾ, "ਜਾ ਮੈਂ ਤੇਰੇ ਨਾਲ ਖੜਾ ਹੋਵਾਂਗਾ। " ਉਹ ਖੜਾ ਹੋਇਆ। ਇਹ ਸੱਚ ਹੈ।

293 ਹੁਣ ਤੁਸੀਂ ਇੱਥੇ ਸਾਰੇ ਇਸ ਗੱਲ ਦੇ ਗਵਾਹ ਹੋ ਕਿਉਂਕਿ ਤੁਸੀਂ ਉੱਥੇ ਬੈਠੇ ਹੋਏ ਸੀ ਅਤੇ ਤੁਸੀਂ ਜਾਣਦੇ ਹੋ ਕਿ ਇਹ ਸੱਚ ਹੈ। ਇਹ ਠੀਕ ਹੈ। ਚੰਗਾ, ਇੱਥੇ ਤੁਹਾਡੇ ਕੋਲ ਉਸ ਦੀਆਂ ਟੇਪਾਂ ਵੀ ਹਨ। ਪ੍ਰੰਤੂ ਤੁਸੀਂ ਵੇਖੋ ਕਿ ਤੁਸੀਂ ਉੱਥੇ ਹੋ।

294 ਹੁਣ, ਵੇਖੋ ਇੱਥੇ ਇਸਦਾ ਭੇਤ ਹੈ। ਅਤੇ ਜਦ ਇਹ ਗੱਲ ਅੱਜ ਸੁਵਖਤੇ ਦਿਨ ਚੜ੍ਹਨ ਤੋਂ ਪਹਿਲਾਂ ਮੇਰੇ ਉੱਤੇ ਪ੍ਰਗਟ ਹੋਈ ਸੀ ਤਾਂ ਮੈਂ ਇੱਕ ਦਮ ਲਿਖਤਾਂ ਵੱਲ ਮੁੜਿਆ ਅਤੇ ਵੇਖਣਾ ਅਰੰਭ



ਨੂੰ, ਅਤੇ ਮਛੇਰਿਆਂ ਨੂੰ ਅਤੇ ਇਸੇ ਤਰ੍ਹਾਂ ਦੇ ਦੂਜੇ ਲੋਕਾਂ ਨੂੰ ਆਪਣਾ ਕੰਮ ਕਰਨ ਲਈ ਚੁਣਿਆ ਸੀ। ਸਮਝੇ? ਕਿਉਂਕਿ ਉਹ ਜਾਣਦੇ ਸਨ ਕਿ ਉਹ ਕੁਝ ਨਹੀਂ ਹਨ, ਇਸੇ ਲਈ ਪਰਮੇਸ਼ੁਰ ਉਨ੍ਹਾਂ ਵਿੱਚੋ ਕੁਝ ਬਣਾ ਸੱਕਦਾ ਸੀ, ਸਮਝੇ। ਜਦ ਤੱਕ ਲੋਕ ਇਸ ਗੱਲ ਨੂੰ ਆਪਣੇ ਵਿੱਚ ਬਣਾਈ ਰੱਖਦੇ ਹਨ ਕਿ ਉਹ ਕੁਝ ਨਹੀਂ ਹਨ ਉਸੇ ਸਮੇਂ ਤੱਕ ਪਰਮੇਸ਼ੁਰ ਉਹਨਾਂ ਤੋਂ ਕੰਮ ਲੈ ਸੱਕਦਾ ਹੈ।

53 ਪਰ ਜਦੋਂ ਉਹ ਇਹ ਸੋਚਣ ਲੱਗ ਪੈਂਦੇ ਹਨ ਕਿ ਉਹ ਕੁਝ ਜਾਣਦੇ ਹਨ, ਤਾਂ ਫਿਰ ਤੁਸੀਂ "ਜੋ ਤੁਹਾਨੂੰ ਜਾਨਣਾ ਚਾਹੀਦਾ ਹੈ ਉਸਦੇ ਬਾਰੇ ਵਿੱਚ ਕੁਝ ਵੀ ਨਹੀਂ ਜਾਣਦੇ ਹੋ ",ਬਾਈਬਲ ਇਸੇ ਤਰ੍ਹਾਂ ਹੀ ਕਹਿੰਦੀ ਹੈ। ਅਤੇ ਇਸ ਲਈ ਇਸੇ ਤਰ੍ਹਾਂ ਹੀ ਸਾਨੂੰ ਪਤਾ ਲੱਗਦਾ ਹੈ।

54 ਅਤੇ ਹੁਣ, ਅਸੀਂ ਵੇਖਿਆ ਹੈ ਕਿ ਇਹਨਾਂ ਭੇਤਾਂ ਨੇ ਪ੍ਰਗਟ ਹੋਣਾ ਹੈ।

55 ਕਿਉਂ ਇਹ ਦੂਸਰੇ ਆਦਮੀ ਵੈਜ਼ਲੀ, ਲੂਥਰ ਅਤੇ ਬਾਕੀ ਦੂਸਰੇ ਮਹਾਨ ਸੁਧਾਰਕ ਜਿਹੜੇ ਕਿ ਧਰਮੀ ਠਹਿਰਾਏ ਜਾਣਾ, ਪਵਿੱਤਰ ਠਹਿਰਾਏ ਜਾਣਾ ਅਤੇ ਪੈਂਟੀਕਾਸਟਲ ਯੁੱਗ ਨਾਲ ਪਵਿੱਤਰ ਆਤਮਾ ਦਾ ਬਪਤਿਸਮਾ ਅਤੇ ਹੋਰ ਦੂਸਰੀਆਂ ਗੱਲਾਂ ਲੈ ਕੇ ਆਏ,ਉਹ ਇਨ੍ਹਾਂ ਸੰਦੇਸ਼ਾਂ ਨੂੰ ਨਹੀਂ ਫੜ ਸਕੇ ਸਨ?ਕਿਉਂ ਉਹਨਾਂ ਨੂੰ ਇਹ ਸੰਦੇਸ਼ ਨਹੀਂ ਮਿਲੇ ਸਨ?ਕਿਉਂਕਿ ਉਹ ਸੁਧਾਰਕ ਸਨ। ਸਮਝੇ?

56 ਉਸੇ ਤਰ੍ਹਾਂ ਹੀ ਇਹਨੂੰ ਦੂਜੇ ਪਾਸੇ ਵੱਲ ਲਓ, ਕੁਝ ਅਜਿਹੇ ਲੋਕ ਆਏ "ਜਿਹਨਾਂ ਕੋਲ ਰਾਜਿਆਂ ਵਾਂਗ ਸ਼ਕਤੀ ਤਾਂ ਸੀ ਪਰ ਉਹ ਰਾਜੇ ਨਹੀਂ ਸਨ। " ਸਮਝੇ? ਸਮਝੇ? ਕਿਸੇ ਵੀ ਚੀਜ਼ ਦੇ ਬਾਰੇ ਵਿੱਚ ਤੁਹਾਨੂੰ ਬਾਈਬਲ ਦੀ ਸ਼ਬਦਾਵਲੀ ਵੱਲ ਧਿਆਨ ਦੇਣਾ ਪਵੇਗਾ। ਸਮਝੇ? ਹੁਣ ਧਿਆਨ ਦਿਓ। ਉਸ ਵੇਲੇ ਉਹ ਸਾਰੇ ਗੁਪਤ ਭੇਤ, ਧਰਮੀਂ ਠਹਿਰਾਏ ਜਾਣ ਦਾ ਭੇਤ, ਪਵਿੱਤਰ ਠਹਿਰਾਏ ਜਾਣ ਦਾ ਭੇਤ, ਪਵਿੱਤਰ ਆਤਮਾ ਦੇ ਬਪਤਿਸਮੇ ਦੇ ਭੇਤ ਭਰੇ ਹਿੱਸੇ ਦੇ ਬਾਰੇ ਵਿੱਚ ਖਿੱਲਰੇ ਹੋਏ ਸਿਰੇ ਹੋਣ ਦਾ ਕਾਰਨ ਇਹ ਹੈ। ਕਿਸ ਕਿਸਮ ਦਾ ......ਹੱਵਾਹ ਨੇ ਕਿਸ ਤਰ੍ਹਾਂ ਦਾ ਫਲ ਖਾਧਾ ਸੀ, ਹੱਵਾਹ ਨੇ ਸੇਬ ਖਾਧਾ ਸੀ ਜਾਂ ਉਸਨੇ ਅਨਾਰ ਖਾਧਾ ਸੀ ਜਾਂ ਕੁਝ ਹੋਰ ਖਾਧਾ ਸੀ? ਸਮਝੇ? ਕੀ ....ਸੱਪ ਦੀ ਸੰਤਾਨ ਕੀ ਸੀ? ਅਤੇ-ਅਤੇ ਕੀ ਬਪਤਿਸਮਾ "ਪਿਤਾ, ਪੁੱਤਰ ਪਵਿੱਤਰ ਆਤਮਾ " ਦੇ ਨਾਮ ਵਿੱਚ ਲੈਣਾ ਠੀਕ ਹੈ ਜਾਂ "ਪ੍ਰਭੂ ਯਿਸੂ ਮਸੀਹ " ਦੇ ਨਾਮ ਵਿੱਚ ਠੀਕ ਹੈ?ਅਤੇ ਉਹਨਾਂ ਸੈਂਕੜੇ ਗੱਲਾਂ ਨੂੰ ਬਿਨਾਂ ਸਮਝਾਏ ਹੀ ਛੱਡ ਦਿੱਤਾ ਗਿਆ ਸੀ। ਵੇਖਿਆ?

57 ਅਤੇ ਫਿਰ ਅੰਤ ਦੇ ਸਮੇਂ ਵਿੱਚ ਇਸ ਆਦਮੀ ਨੇ ਆਉਣਾ ਹੈ ਅਤੇ ਉਹ ਲਿਖਤਾਂ ਨੂੰ ਲੈ ਕੇ ਇਹਨਾਂ ਸਾਰੇ ਭੇਤਾਂ ਨੂੰ ਪ੍ਰਗਟ ਕਰੇਗਾ। ਉਸਦੀ ਪਛਾਣ ਪੂਰੀ ਤਰ੍ਹਾਂ ਨਾਲ ਕਰਵਾਈ ਜਾਵੇਗੀ। ਹਾਂ ਜੀ ਸ਼੍ਰੀਮਾਨ। ਵੇਖੋ। ਅਤੇ ਹੁਣ, ਇਹ ਕੋਈ ਬਹੁਤ ਮਹਾਨ,ਵੱਡੀ ਚੀਜ਼ ਨਹੀਂ ਹੋਵੇਗੀ। ਇੱਥੇ ਬਾਈਬਲ ਵਿੱਚ ਵੇਖਣ ਨੂੰ ਤਾਂ ਇੰਝ ਲੱਗਦਾ ਹੈ ਜਿਵੇਂ ਇਹ ਕੋਈ ਵੱਡੀ ਚੀਜ਼ ਹੋਵੇਗੀ।

58 ਜਦ ਯੂਹੰਨਾ ਨੇ ਆਉਣਾ ਸੀ ਅਤੇ ਬਪਤਿਸਮਾ ਦੇਣਾ ਸੀ ਤਾਂ ਇਹ ਕੇਡੀ ਕੁ ਵੱਡੀ ਗੱਲ ਸੀ !ਹੁਣ ਤੁਸੀਂ ਜਰਾ ਇਸਦੇ ਬਾਰੇ ਵਿੱਚ ਸੋਚੋ। ਪਿਛਲੇ ਸਮੇਂ ਵਿੱਚ ਜਿਹੜੇ ਨਬੀ ਹੋਏ ਉਨ੍ਹਾਂ ਸਾਰਿਆਂ ਨੇ, ਯਸਾਯਾਹ, ਮਲਾਕੀ ਅਤੇ ਉਨ੍ਹਾਂ ਸਭਨਾਂ ਨੇ ਉਸਦੇ ਬਾਰੇ ਵਿੱਚ ਕਿਹਾ ਸੀ ਕਿ ਉਹ ਕਦੋਂ ਆਵੇਗਾ। ਅਤੇ ਜਦੋਂ ਉਹ ਆਇਆ ਤਾਂ ਉਹ ਸਿਰਫ ਇਕੱਲਾ ਬੁੱਢਾ, ਅਨਪੜ੍ਹ ਮਨੁੱਖ ਸੀ, ਉਸਦੇ ਸਾਰੇ ਚਿਹਰੇ ਤੇ ਦਾੜ੍ਹੀ ਸੀ ਅਤੇ ਉਸਦੇ ਸਿਰ ਦੇ ਵਾਲ ਇੱਧਰ-ਉੱਧਰ ਖਿੱਲਰੇ ਹੋਏ ਕੀੜਿਆਂ

ਵਾਂਗ ਲਗ ਰਹੇ ਸਨ, ਅਤੇ ਉਸਨੇ ਆਪਣੇ ਦੁਆਲੇ ਭੇਡ ਦੀ ਖੱਲ੍ਹ ਲਪੇਟੀ ਹੋਈ ਸੀ, ਉਹ ਬਿਲਕੁੱਲ ਵੀ ਪੜ੍ਹਿਆ ਲਿਖਿਆ ਨਹੀਂ ਸੀ, ਜਿੱਥੋਂ ਤੱਕ ਅਸੀਂ ਜਾਣਦੇ ਹਾਂ ਉਹ ਜੀਵਨ ਵਿੱਚ ਕਦੇ ਵੀ ਸਕੂਲ ਨਹੀਂ ਗਿਆ ਸੀ। ਸਮਝੇ? ਉਹ ਜੰਗਲ ਵਿੱਚੋਂ ਨਿੱਕਲ ਕੇ ਆਉਂਦਾ ਹੈ ਅਤੇ ਉਸਦਾ ਇਸ ਤਰ੍ਹਾਂ ਦਾ ਸੁਆਗਤ ਵੀ ਨਹੀਂ ਹੋਇਆ ਸੀ ਜਿਸ ਤਰ੍ਹਾਂ ਪ੍ਰਚਾਰ ਦੀਆਂ ਸਟੇਜ਼ਾਂ ਤੇ ਹੁੰਦਾ ਹੈ, ਅਤੇ ਯਰਦਨ ਨਦੀ ਦੇ ਕੰਢੇ ਤੇ ਖੜਾ ਹੁੰਦਾ ਹੈ ਅਤੇ ਲੋਕਾਂ ਨੂੰ ਤੋਬਾ ਕਰਨ ਲਈ ਸੱਦਦਾ ਹੈ। ਕੀ ਤੁਸੀਂ ਇਸਦੀ ਕਲਪਨਾ ਕਰ ਸੱਕਦੇ ਹੋ !

59 ਬਾਈਬਲ ਨੇ ਆਖਿਆ ਹੈ ਕਿ "ਉਸ ਦਿਨ ਸੱਭ ਕੁਝ ਏਨਾ ਮਹਾਨ ਹੋਵੇਗਾ ਕਿ ਜੋ ਉੱਚਾ ਹੈ ਉਹ ਨੀਵਾਂ ਕੀਤਾ ਜਾਵੇਗਾ ਅਤੇ ਜੋ ਨੀਵਾਂ ਹੈ ਉਹ ਉੱਚਾ ਕੀਤਾ ਜਾਵੇਗਾ। " ਜੀ ਹਾਂ ਸ਼੍ਰੀਮਾਨ। "ਅਤੇ ਜਿਹੜਾ ਖੁਰਦਰਾ ਹੈ ਉਹ ਪੱਧਰਾ ਕੀਤਾ ਜਾਵੇਗਾ। "

60 ਮੈਂ ਉੱਥੇ ਲੋਕਾਂ ਨੂੰ ਵੇਖਦੇ ਹੋਏ ਕਲਪਨਾ ਕਰ ਸੱਕਦਾ ਹਾਂ, ਮੈਂ ਸੋਚ ਸੱਕਦਾ ਹਾਂ ਕਿ ਯੂਹੰਨਾ ਜਾਂ ਮਸੀਹ ਦੇ ਅੱਗੇ ਚੱਲਣ ਵਾਲਾ ਦੂਤ ਬਾਹਰ ਨਿੱਕਲ ਕੇ ਆਉਂਦਾ ਹੈ ਅਤੇ ਉਹ ਸਾਰੀਆਂ ਮਾਰੂਥਲ ਥਾਵਾਂ ਨੂੰ ਪੱਧਰਾ ਕਰਦਾ ਹੈ ਅਤੇ ਉਨ੍ਹਾਂ ਵਿੱਚ ਫਿਰ ਘਾਹ ਉਗਾ ਦਿੰਦਾ ਹੈ। ਸਮਝੇ? ਔਹ, ਮੇਰਾ ਅੰਦਾਜ਼ਾ ਹੈ ਕਿ ਉਨ੍ਹਾਂ ਨੇ ਬਿਲਕੁੱਲ ਇਸ ਤਰ੍ਹਾਂ ਹੀ ਸੋਚ ਕੇ ਰੱਖਿਆ ਹੋਇਆ ਸੀ ਜਿਵੇਂ ਕਿ ਅੱਜ ਲੋਕਾਂ ਨੇ ਕੀਤਾ ਹੋਇਆ ਹੈ।

61 ਪ੍ਰੰਤੂ ਉਹ ਇੰਨਾ ਹਲੀਮ ਸੀ ਕਿ ਇੱਥੋਂ ਤੱਕ ਕਿ ਚੇਲੇ ਵੀ ਉਹਨੂੰ ਪਛਾਣ ਨਾ ਸਕੇ। ਉਨ੍ਹਾਂ ਆਖਿਆ, " ਤੇ ਫਿਰ ਲਿਖਤਾਂ ਕਿਉਂ ਆਖਦੀਆਂ ਹਨ .....ਤੂੰ ਹੁਣ ਉੱਥੇ ਕੁਰਬਾਨ ਹੋਣ ਲਈ ਜਾ ਰਿਹਾਂ ਹੈਂ ?ਪ੍ਰੰਤੂ ਲਿਖਤਾਂ ਕਿਉਂ ਕਹਿੰਦੀਆਂ ਹਨ ਕਿ ਏਲੀਯਾਹ ਦਾ ਪਹਿਲਾਂ ਆਉਣਾ ਜਰੂਰ ਹੈ?"

62 ਯਿਸੂ ਨੇ ਕਿਹਾ, "ਏਲੀਯਾਹ ਤਾਂ ਆ ਚੁੱਕਿਆ ਅਤੇ ਤੁਸਾਂ ਉਹਨੂੰ ਨਾ ਪਛਾਣਿਆ। ਅਤੇ ਮਨੁੱਖ ਦੇ ਪੁੱਤਰ ਦੇ ਨਾਲ ਵੀ ਇਹੋ ਹੀ ਕਰਨਗੇ। ਪ੍ਰੰਤੂ ਯੂਹੰਨਾ ਨੇ ",ਅਤੇ ਉਸਨੇ ਕਿਹਾ, "ਯੂਹੰਨਾ ਆਇਆ ਅਤੇ ਉਸਨੇ ਉਹੋ ਕੁਝ ਹੀ ਕੀਤਾ ਜੋ ਉਸਦੇ ਬਾਰੇ ਵਿੱਚ ਲਿਖਿਆ ਸੀ ਕਿ ਉਹ ਕਰੇਗਾ। ਅਤੇ ਉਨ੍ਹਾਂ ਨੇ ਉਹਦੇ ਨਾਲ ਉਹੋ ਹੀ ਕੀਤਾ ਜੋ ਉਨ੍ਹਾਂ ਤੋਂ ਆਸ ਕੀਤੀ ਜਾਂਦੀ ਸੀ ਕਿ ਉਹ ਕਰਨਗੇ। " ਅਤੇ ਕਿਹਾ, "ਇਸੇ ਢੰਗ ਦੇ ਨਾਲ ਹੀ ਮਨੁੱਖ ਦਾ ਪੁੱਤਰ ਵੀ ਦੁੱਖ ਉਠਾਏਗਾ।"

63 ਕਿਉਂ, ਮੇਰਾ ਅੰਦਾਜ਼ਾ ਹੈ ਕਿ ਉਸ ਸਮੇਂ ਯਹੂਦੀ ਜਾਤੀ ਦਾ ਤੀਜਾ ਹਿੱਸਾ ਵੀ ਨਹੀਂ ਜਾਣਦਾ ਸੀ ਕਿ ਯਿਸੂ ਮਸੀਹ ਧਰਤੀ ਤੇ ਹੈ। ਨਹੀਂ ਸੀ ...ਹੋ ਸੱਕਦਾ ਹੈ ਕਿ ਉਨ੍ਹਾਂ ਨੇ ਸੁਣਿਆ ਹੋਵੇ ਕਿ ਉੱਥੇ ਕੋਈ ਕੱਟੜਵਾਦੀ ਬੋਲ ਰਿਹਾ ਹੈ ਅਤੇ ਉਸ ਤੇ ਕੋਈ ਧਿਆਨ ਨਾ ਦਿੱਤਾ ਹੋਵੇ ਅਤੇ ਉਹ ਬਸ ਇਸ ਤਰ੍ਹਾਂ ਹੀ ਕਰਦੇ ਰਹੇ ਹੋਣ। "ਉਹ ਅਪਣਿਆਂ ਦੇ ਕੋਲ ਆਇਆ ਅਤੇ ਉਸਦੇ ਆਪਣਿਆਂ ਨੇ ਉਸਨੂੰ ਕਬੂਲ ਨਹੀਂ ਕੀਤਾ। " ਹੁਣ, ਇਹ ਉਹ ਜਗ੍ਹਾ ਹੈ ......ਜਿੱਥੇ ਮੈਂ ਨਿਹਚਾ ਕਰਦਾ ਹਾਂ ਕਿ .....ਹੁਣ ਇਹ ਨਹੀਂ ਕਿਹਾ ਗਿਆ ਸੀ ਕਿ ਉਹ ਗੁਪਤ ਢੰਗ ਨਾਲ ਆਵੇਗਾ।

64 ਪ੍ਰੰਤੂ ਸੁਰਗ ਤੇ ਉਠਾਇਆ ਜਾਣਾ ਗੁਪਤ ਹੈ। ਇਸ ਲਈ ਜੇ ਇਹ ਇੰਨਾ ਗੁਪਤ ਸੀ ਤਾਂ ਫਿਰ ਸਵਰਗ ਤੇ ਉਠਾਇਆ ਜਾਣਾ ਕਿੰਨਾ ਵੱਧ ਗੁਪਤ ਹੋਵੇਗਾ ਸਮਝੇ ? ਉਹ ਇਸਦੇ ਬਾਰੇ ਵਿੱਚ ਨਹੀਂ ਜਾਣ ਸਕਣਗੇ। ਉਹ ਸਿੱਧਾ ਇਹ ਤਾਂ ਕਹਿਣਗੇ, " ਠੀਕ ਹੈ ਮੈਂ ਸੋਚਦਾ ਹਾਂ ਕਿ ਸਾਡਾ ਸਵਰਗ ਤੇ ਉਠਾਇਆ ਜਾਣਾ ਹੋਣਾ ਹੈ, ਅਤੇ ਇਹ ਸਾਰਾ ਨਿਆਂ ਧਰਤੀ ਤੇ ਆਉਣਾ ਹੈ। "



ਸਮਝੇ? ਸੋ ਉਸਨੇ ਆਪਣੇ ਪ੍ਰਤੀਕ ਲਾਲ ਘੋੜੇ ਦੀ ਸਵਾਰੀ ਕੀਤੀ ਜੋ ਕਿ ਮਨੁੱਖੀ ਲਹੂ ਸੀ ਜਦ ਤੱਕ ਕਿ ਇਹ ਮਨੁੱਖੀ ਲਹੂ ਦੇ ਨਾਲ ਲਾਲ ਘੋੜਾ ਨਹੀਂ ਬਣ ਗਿਆ।

282 ਹੁਣ ਯੂਹੰਨਾ ਉਸਨੂੰ ਕਾਲੇ ਘੋੜੇ ਤੇ ਦੇਖਦਾ ਹੈ। ਉਹਨੇ ਕੁਝ ਹੋਰ ਬਦਲ ਲਿਆ।

283 ਹੁਣ ਮੈਂ ਤਾਂ ਤੁਹਾਨੂੰ ਇਹ ਉਸੇ ਤਰ੍ਹਾਂ ਹੀ ਦੱਸਣਾ ਹੈ ਜਿਸ ਤਰ੍ਹਾਂ ਇਹ ਮੇਰੇ ਕੋਲ ਆਇਆ। ਅਤੇ ਫਿਰ ਜੇ ਇਹ ਮੇਰੇ ਕੋਲ ਆਉਂਦਾ ਹੈ ਅਤੇ ਜੇ ਬਾਕੀ ਦੀਆਂ ਲਿਖਤਾਂ ਨਾਲ ਮੇਲ ਨਹੀਂ ਖਾਂਦਾ ਤਾਂ ਪ੍ਰਮੇਸ਼ੁਰ ਨੇ ਇਹ ਕਦੇ ਵੀ ਨਹੀਂ ਦਿੱਤਾ ਹੈ। ਵੇਖੋ, ਹਰੇਕ ਲਿਖਤ ਨੇ ਮੇਲ ਖਾਣਾ ਹੈ ਅਤੇ ਇਹ ਉਸ ਤਰ੍ਹਾਂ ਵੀ ਇੱਕ ਬਹੁਤ ਵੱਡੀ ਚੀਜ ਹੈ। ਹਰੇਕ ਲਿਖਤ ਨੇ ਲਿਖਤ ਨਾਲ ਮੇਲ ਖਾਣਾ ਹੈ। ਅਤੇ ਜੋ ਕੁਝ ਵੀ ਵਚਨ ਦੇ ਉਲਟ ਹੈ .....ਅਤੇ ਜੇ ਖ਼ੁਦਾ ਦਾ ਦੂਤ ਮੈਨੂੰ ਕੋਈ ਅਜਿਹੀ ਗੱਲ ਦੱਸਦਾ ਹੈ ਜਿਹੜੀ ਵਚਨ ਦੇ ਅਨੁਸਾਰ ਨਹੀਂ ਹੈ ਤਾਂ ਮੈਂ ਉਹਦੇ ਤੇ ਵਿਸ਼ਵਾਸ਼ ਨਹੀਂ ਕਰਾਂਗਾ।

284 ਮੈਂ ਕਿਹਾ, " ਕਿਸੇ ਦੂਜੇ ਦਿਨ ਜਦ ਉੱਥੇ ਸ਼ਿਕਾਗੋ ਵਿੱਚ ਸੈਂਕੜੇ ਸੇਵਕ ਸਨ .....ਕੀ ਤੁਹਾਡੇ ਵਿੱਚੋਂ ਕੋਈ ਉਸ ਸਭਾ ਵਿੱਚ ਸੀ? ਯਕੀਨਨ ਹੀ। ਉਸ ਸ਼ਿਕਾਗੋ ਦੀ ਮਿਟਿੰਗ ਵਿੱਚ ਮੈਂ ਕਿਹਾ ਸੀ, "ਹੁਣ ਤੁਸੀਂ ਸੱਭ ਗੱਲ ਬਾਤ ਕਰਦੇ ਹੋ .....ਤੁਸੀਂ ਮੈਨੂੰ ਇੱਥੇ ਕਿਸੇ ਗੱਲ ਤੇ ਫਸਾਉਣ ਦਾ ਸੋਚਿਆ ਹੈ। ਲੱਗ ਭੱਗ ਇਸੇ ਤਰ੍ਹਾਂ ਦੇ ਕਮਰੇ ੍ਵਿਚ ਉਹ ਸੰਗਤ ਹੋਈ ਸੀ। ਮੈਂ ਕਿਹਾ, " ਇਹ ਕੀ ਹੈ? ਤੁਸੀਂ ਇਹ ਮੇਰੇ ਵਿਰੁੱਧ ਲਈ ਬੈਠੇ ਹੋ। " ਮੈਂ ਕਿਹਾ, " ਤਿੰਨ ਰਾਤਾਂ ਪਹਿਲਾਂ ਹੀ ਪਵਿੱਤਰ ਆਤਮਾ ਨੇ ਮੈਨੂੰ ਵਿਖਾ ਦਿੱਤਾ ਸੀ ਕਿ ਤੁਹਾਡੇ ਵਿੱਚੋਂ ਹਰ ਇੱਕ ਕਿੱਥੇ -ਕਿੱਥੇ ਬੈਠਾ ਹੋਵੇਗਾ। ਅਤੇ ਉੱਥੇ ਨਹੀਂ ਹੋਵਾਂਗੇ .....ਇੱਥੇ ਕਾੱਰਲ ਨੂੰ ਪੁੱਛੋ ਕਿ ਇਹ ਸੱਚ ਹੈ ਜਾਂ ਨਹੀਂ। "

285 ਅਤੇ ਉੱਥੇ ਹੈਕ ਅਤੇ ਉਹ ਸੱਭ ਸਨ, " ਇਹ ਠੀਕ ਹੈ। " ਤੁਸੀਂ ਸੱਭ ਸੁਣਨ ਲਈ ਉੱਥੇ ਆਏ ਹੋਏ ਸੀ।

286 ਮੈਂ ਕਿਹਾ "ਹੁਣ ਤੁਸੀਂ ਮੇਰੀ ਸਿੱਖਿਆ ਦੇ ਵਿਰੁੱਧ ਵਿੱਚ ਹੋ। ਹੁਣ ਮੈਂ ਚਾਹੁੰਦਾ ਹਾਂ ਕਿ ਤੁਹਾਡੇ ਵਿੱਚੋਂ ਇੱਕ ਇੱਥੇ ਮੇਰੇ ਕੋਲ ਆਪਣੀ ਬਾਈਬਲ ਲੈ ਕੇ ਆਵੇ ਅਤੇ ਮੇਰੇ ਬਰਾਬਰ ਖੜਾ ਹੋ ਜਾਵੇ ਅਤੇ ਇਸਨੂੰ ਗਲਤ ਸਾਬਤ ਕਰੇ। " ਅਤੇ ਉੱਥੇ ਸੱਭ ਤੋਂ ਵੱਧ ਚੁੱਪ ਲੋਕਾਂ ਦਾ ਝੁੰਢ ਸੀ ਜੋ ਤੁਸੀਂ ਕਦੇ ਸੁਣਿਆ ਹੋਵੇ। ਮੈਂ ਕਿਹਾ, " ਤੁਹਾਨੂੰ ਕੀ ਗੱਲ ਹੈ?" ਅਤੇ ਮੈਂ ਆਖਿਆ ਜੇ ਤੁਸੀਂ ਜਾਣਦੇ ਹੋ ਕਿ ਤੁਸੀਂ ਵਚਨ ਦੇ ਵਿਰੁੱਧ ਖੜੇ ਨਹੀਂ ਰਹਿ ਸੱਕਦੇ ਤਾਂ ਤੁਸੀਂ ਮੇਰੇ ਪਿੱਛਿਓਂ ਹੱਟ ਜਾਓ। " ਤੁਸੀਂ ਬੜੀਆਂ ਵੱਡੀਆਂ-ਵੱਡੀਆਂ ਡਿਗਰੀਆਂ ਪ੍ਰਾਪਤ ਕੀਤੇ ਲੋਕ ਕਿੱਦਾਂ ਗੱਲਾਂ ਕਰਦੇ ਹੋ ਅਤੇ ਆਪਣੀ ਪਛਾਣ ਡਾਕਟਰ, ਡਾਕਟਰ ਕਹਿ ਕੇ ਕਰਾਉਂਦੇ ਹੋ। ਅਤੇ ਮੈਂ ਹਾਂ .....ਔਹ, ਭਾਈ ਵੁੱਡ ਨੇ ਅਤੇ ਮੈਂ ਕਿਹਾ, "ਚੀਚੈਕਰ" ਜਾਂ "ਗ੍ਰੀਨ ਹੋਰਨ। ")" ਮੇਰੇ ਕੋਲ ਕੋਈ ਵੀ ਪੜ੍ਹਾਈ ਲਿਖਾਈ ਨਹੀਂ ਹੈ ਅਤੇ ਨਾ ਹੀ ਮੈਂ ਕਿਸੇ ਬਾਈਬਲ ਸਕੂਲ ਜਾਂ ਸੈਮਨਰੀ ਵਿੱਚ ਗਿਆ ਹਾਂ। ਪ੍ਰੰਤੂ ਤੁਹਾਡੇ ਕੋਲ ਤੁਹਾਡੀ ਬਾਈਬਲ ਹੈ ਅਤੇ ਤੁਸੀਂ ਇੱਥੇ ਆਓ ਅਤੇ ਮੇਰੇ ਕੋਲ ਖੜੇ ਹੋ ਕੇ, ਸੱਪ ਦੀ ਸੰਤਾਨ, ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਨੂੰ ਜਾਂ ਉਹਨਾਂ ਵਿੱਚੋਂ ਕਿਸੇ ਵੀ ਗੱਲ ਨੂੰ ਜਿਹੜੀਆਂ ਮੈਂ ਸਿਖਾਉਂਦਾ ਹਾਂ ਗਲਤ ਸਿੱਧ ਕਰੋ। " ਪਰ ਕਿਸੇ ਨੇ ਵੀ ਇੱਕ ਸ਼ਬਦ ਤੱਕ ਨਹੀਂ ਆਖਿਆ। ਤੁਸੀਂ ਸੱਭ ਹ ਜਾਣਦੇ ਹੋ। ਅਤੇ ਇਹ ਸੱਭ ਤੋਂ ਵੱਧਾਂਤ ਲੋਕਾਂ ਦਾ ਸਮੂਹ ਸੀ ਜੋ ਤੁਸੀਂ ਕਦੇ ਦੇਖਿਆ ਹੋਵੇ।

279 ਹੁਣ ਫਿਰ ਉਸਨੂੰ ਕੀ ਦਿੱਤਾ ਗਿਆ ਸੀ? ਪਹਿਲਾਂ ਉਸਦੇ ਕੋਲ ਇੱਕ ਕਮਾਨ ਸੀ, ਪ੍ਰੰਤੂ ਉਸਦੇ ਕੋਲ ਕੋਈ ਵੀ ਤੀਰ ਨਹੀਂ ਸੀ। ਪ੍ਰੰਤੂ ਹੁਣ ਉਸਦੇ ਹੱਥ ਵਿੱਚ ਇੱਕ ਬਹੁਤ ਵੱਡੀ ਤਲਵਾਰ ਹੈ। ਹੁਣ ਉਹ ਕੁਝ ਕਰ ਸੱਕਦਾ ਹੈ। ਫਿਰ ਉਹ ਚਿੱਟੇ ਘੋੜੇ ਤੋਂ ਥੱਲੇ ਉੱਤਰ ਆਉਂਦਾ ਹੈ ਅਤੇ ਇਹ ਚਿੱਟਾ ਘੋੜਾ ਬਾਹਰ ਚਲਾ ਜਾਂਦਾ ਹੈ। ਅਤੇ ਹੁਣ ਉਹ ਕਿਸ ਤੇ ਸਵਾਰ ਹੁੰਦਾ ਹੈ? ਇੱਕ ਲਾਲ ਘੋੜੇ ਤੇ ਖੂਨ ਵਰਗੇ ਲਾਲ ਰੰਗ ਦੇ ਘੋੜੇ ਉੱਤੇ। ਉਹ ਅਸਲ ਵਿੱਚ ਹੀ ਉਸ ਤੇ ਸਵਾਰ ਹੁੰਦਾ ਹੈ। ਔਹ, ਯਕੀਨਨ। ਹੁਣ ਉਸਨੂੰ ਵੱਡੀ ਸਾਰੀ ਤਲਵਾਰ ਅਤੇ ਵੱਡੀ ਸ਼ਕਤੀ ਮਾਰ ਘੱਤਣ ਲਈ ਦਿੱਤੀ ਗਈ, ਤਦ ਉਹ ਆਪਣੇ ਲਾਲ ਸੂਹੇ ਘੋੜੇ ਉੱਤੇ ਸਵਾਰੀ ਕਰਦਾ ਹੈ।

280 ਕੱਲ ਰਾਤ ਜਦ ਦੂਸਰੀ ਮੋਹਰ ਨੂੰ ਤੋੜਿਆ ਗਿਆ ਤਾਂ ਅਸੀਂ ਵੇਖਿਆ ਕਿ ਉਸਨੇ ਧਰਤੀ ਉੱਤੋਂ ਸੁਲਾਹ ਨੂੰ ਚੁੱਕ ਲਿਆ ਸੀ ਅਤੇ ਇੱਕ ਦੂਸਰੇ ਦਾ ਕਤਲ ਕੀਤਾ ਸੀ। ਅਤੇ ਉਸਦੀ ਆਪਣੀ ਰੋਮਨ ਕੈਥੋਲਿਕ ਦੀ ਸ਼ਹੀਦਾਂ ਦੀ ਪੁਸਤਕ ਦੱਸਦੀ ਹੈ ਕਿ ਉਹਨਾਂ ਨੇ ਸੰਤ ਹਿੱਪੋ ਦੇ ਸਮੇਂ ਤੋਂ ......ਹਿੱਪੋ ਦੇ ਸੰਤ ਅਗਸਟੀਨ ਦੇ ਬਾਦ ਪੰਦਰਾਂ ਸੋ ਅੱਸੀ ਤੱਕ ਦੇ ਲਾਗੇ ਛੇ ਕਰੋੜ ਅੱਸੀ ਲੱਖ ਪ੍ਰੋਟੈਸਟੈਂਟਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ!ਜੇ ਤੁਸੀਂ ਇਸਨੂੰ ਪੜ੍ਹਨਾ ਚਾਹੁੰਦੇ ਹੋ ਤਾਂ ਤੁਸੀਂ ਇਸਨੂੰ ਸਮੂਕਰ ਦੀ ਕਿਤਾਬ *ਸ਼ਾਨਦਾਰ ਸੁਧਾਰ* ਪੜ੍ਹ ਸੱਕਦੇ ਹੋ। ਹੁਣ ਵੇਖੋ ਉਹਨਾਂ ਦੀ ਆਪਣੀ ਸ਼ਹੀਦੀ ਕਿਤਾਬ ਵਿੱਚ ਛੇ ਕਰੋੜ ਅੱਸੀ ਲੱਖ ਦਾ ਜਿਕਰ ਹੈ ਜਦ ਉਹਨਾਂ ਦੇ ਅਖੋਤੀ ਸੰਤਾਂ ਵਿੱਚੋਂ ਕਿਸੇ ਨੂੰ ਕੋਈ ਪ੍ਰਕਾਸ਼ ਮਿਲਦਾ ਸੀ ਤਾਂ ਜੇ ਕੋਈ ਉਸ ਤੇ ਰੋਮਨ ਕੈਥੋਲਿਕ ਕਲੀਸਿਯਾ ਨਾਲ ਸਹਿਮਤ ਨਹੀਂ ਹੁੰਦਾ ਸੀ ਤਾਂ ਉਸਨੂੰ ਧਰਮ ਵਿਰੋਧੀ ਜਾਂ ਨਾਸਤਿਕ ਦੇ ਰੂਪ ਵਿੱਚ ਮਰ ਜਾਣਾ ਹੁੰਦਾ ਸੀ। ਅਤੇ ਫਿਰ ਉਹ ਉਸ ਪ੍ਰਕਾਸ਼ ਨੂੰ ਚਾਰੇ ਪਾਸੇ ਫੈਲਾ ਦਿੰਦੇ ਸਨ। ਉਹ ਘੋੜ ਸਵਾਰ ਲਹੂ ਵਹਾਉਣ ਲਈ ਗਿਆ। ਔਹ, ਉਹ ਆਪਣੇ ਚਿੱਟੇ ਘੋੜੇ ਤੋਂ ਥੱਲੇ ਉੱਤਰਿਆ .....ਅਤੇ ਆਪਣੇ ਲਾਲ ਘੋੜੇ ਤੇ ਜਾ ਬੈਠਾ, ਅਤੇ ਹ ਸਵਾਰੀ ਕਰਦਾ ਰਿਹਾ। ਔਹ !

281 ਹੁਣ ਉਸਦੀ ਵੱਡੀ ਸ਼ਕਤੀ ਆ ਗਈ। ਉਸਨੂੰ ਸੁਰਗ ਦਾ ਵਿਕਾਰ/ਪ੍ਰਤੀਨਿਧੀ ਬਣਾ ਦਿੱਤਾ ਗਿਆ ਸੀ ਅਤੇ ਉਹਦੀ ਪ੍ਰਮੇਸ਼ੁਰ ਦੇ ਵਾਂਗੂੰ ਭਗਤੀ ਕੀਤੀ ਗਈ। ਕਲੀਸਿਯਾ ਅਤੇ ਰਾਜ ਦਾ ਇਕੱਠ ਜੋੜ ਕਰਨ ਦੇ ਦੁਆਰਾ ਉਸਨੂੰ ਧਰਤੀ ਦਾ ਹਾਕਮ ਬਣਾ ਦਿੱਤਾ ਗਿਆ ਸੀ ਅਤੇ ਇਸਦੇ ਉੱਪਰ ਉਸਨੂੰ ਇੱਕ ਮੁਕਟ ਦਿੱਤਾ ਗਿਆ। ਉਹ ਪ੍ਰਾਣਾਂ ਨੂੰ ਪੁਰਗੇਟਰੀ ਵਿੱਚੋਂ ਕੱਢਣ ਲਈ ਦੁਆ ਕਰ ਸੱਕਦਾ ਸੀ। ਉਹ ਵਿਚੋਲਗੀ ਵੀ ਕਰ .....ਉਹ ਧਰਤੀ ਤੇ ਖੁਦਾ ਦੇ ਵਾਂਗ ਹੀ ਸੀ, ਉਹ ਧਰਤੀ ਤੇ ਪ੍ਰਮੇਸ਼ੁਰ ਦੀ ਥਾਂ ਤੇ ਸੀ। ਉਸਦੇ ਕੋਲ ਉਹਨਾਂ ਲੋਕਾਂ ਨੂੰ ਮਾਰ ਘੱਤਣ ਦੀ ਪੂਰੀ ਤਾਕਤ ਸੀ ਜੋ ਉਸਦੀ ਆਗਿਆ ਦੇ ਨਾਲ ਸਹਿਮਤ ਨਹੀਂ ਸਨ। ਕੌਣ ਉਸਦੇ ਵਿਰੁੱਧ ਕੁਝ ਕਹਿਣ ਜਾ ਰਿਹਾ ਹੈ?ਨਾਮਧਾਰੀ ਕਲੀਸਿਯਾ ਉਸਦੇ ਵਿਰੁੱਧ ਕੁਝ ਨਹੀਂ ਕਹਿ ਸੱਕਦੀ ਹੈ ; ਕਿਉਂਕਿ ਉਹ ਤਾਂ ਉਸਦਾ ਪ੍ਰਧਾਨ ਹੈ। ਰਾਜ ਉਸਦੇ ਵਿਰੁੱਧ ਕੁਝ ਨਹੀਂ ਕਹਿ ਸੱਕਦਾ ਸੀ ਕਿਉਂਕਿ ਉਹ ਉਸਦਾ ਵੀ ਪ੍ਰਧਾਨ ਹੈ। ਇਸ ਲਈ ਉਹ ਕਰੋੜਾਂ ਦੀ ਗਿਣਤੀ ਵਿੱਚ ਮਰੇ ਸਨ। ਭਾਈਓ, ਉਹ ਛੋਟੀਆਂ-ਛੋਟੀਆਂ ਸੱਚੀਆਂ ਕਲੀਸਿਯਾਵਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ ;ਅਤੇ ਉਹਨਾਂ ਨੂੰ ਮਾਰ ਦਿੱਤਾ ਗਿਆ ਸੀ ਅਤੇ ਉਸਦੀ ਹੱਤਿਆ ਕਰ ਦਿੱਤੀ ਗਈ ਸੀ,ਉਹਨਾਂ ਨੰ ਸ਼ੇਰਾਂ ਨੂੰ ਖੁਆ ਦਿੱਤਾ ਗਿਆ ਸੀ ਅਰ ਉਹਨਾਂ ਦੇ ਨਾਲ ਬਾਕੀ ਸੱਭ ਕੁਝ ਕੀਤਾ ਗਿਆ ਸੀ। ਸਮਝ ਲੱਗੀ? ਰੋਮ ਨੇ " ਉਸ ਵੱਡੇ ਅਜਗਰ ਨੂੰ ਆਪਣਾ ਅਧਿਕਾਰ ਅਤੇ ਸਿੰਘਾਸਣ ਦਿੱਤਾ। " ਬਾਈਬਲ ਇਸੇ ਤਰ੍ਹਾਂ ਹੀ ਦੱਸਦੀ ਹੈ।



65 ਅਤੇ ਉਹ ਆਖੇਗਾ, "ਇਹ ਤਾਂ ਹੋ ਵੀ ਚੁੱਕਾ ਹੈ, ਅਤੇ ਤੁਹਾਨੂੰ ਇਸਦਾ ਪਤਾ ਹੀ ਨਹੀਂ ਲੱਗਾ। " ਸਮਝੇ? ਇਹ ਇਸ ਤਰ੍ਹਾਂ ਹੋਵੇਗਾ, ਜਿਵੇਂ ਰਾਤ ਨੂੰ ਚੋਰ ਆਉਂਦਾ ਹੈ।

66 ਜਿਵੇਂ ਕਿ ਮੈਂ ਇੱਕ ਵਾਰੀ ਇੱਕ ਕਿਤਾਬ ਪੜ੍ਹੀ ਸੀ। ਉਸ ਪੁਸਤਕ ਦਾ ਨਾਮ ਕੀ ਹੈ ? ਰੋਮੀਓ ਅਤੇ ਜੂਲੀਅਟ, ਕੀ ਇਹ ਹੀ ਉਹ ਕਿਤਾਬ ਸੀ ਜਾਂ ਕੋਈ ਹੋਰ ਸੀ?ਕੁਝ ਲੋਕ ਆਖਦੇ ਹਨ ਉਹਨੇ ਘਰ ਦੇ ਉੱਤੇ ਪੌੜੀ ਲਾ ਦਿੱਤੀ। ਮੈਂ ....ਇਸਨੂੰ ਪੜ੍ਹੇ ਹੋਏ ਬੜੀ ਦੇਰ ਹੋ ਗਈ ਹੈ। ਅਤੇ ਉਹ ਉਸ ਪੌੜੀ ਦੇ ਸਹਾਰੇ ਜੂਲੀਅਟ ਨੂੰ ਲੈਣ ਲਈ ਰਾਤ ਨੂੰ ਆਇਆ।

67 ਹੁਣ, ਬਿਲਕੁੱਲ ਇਸੇ ਤਰ੍ਹਾਂ ਹੀ ਇਹ ਹੋਵੇਗਾ, ਅਤੇ ਇਹ ਹੋ ਚੁੱਕਾ ਹੋਵੇਗਾ। ਪਰਮੇਸ਼ੁਰ ਕੁਝ ਸਵਰਗ ਦੂਤਾਂ ਦੇ ਜੱਥੇ ਨੂੰ ਕੁਝ ਕਹੀਆਂ ਅਤੇ ਬੇਲਚੇ ਦੇ ਕੇ ਧਰਤੀ ਤੇ ਨਹੀਂ ਘੱਲੇਗਾ ਕਿ ਉਹ ਆ ਕੇ ਕਬਰਾਂ ਪੁੱਟਣ। ਬਾਈਬਲ ਆਖਦੀ ਹੈ, " ਅਸੀਂ ਅੱਖ ਝਮਕਣ ਤੋਂ ਵੀ ਪਹਿਲਾਂ ਬਦਲ ਜਾਵਾਂਗੇ। " ਇਹ ਇੰਨੀ ਤੇਜ਼ੀ ਨਾਲ ਹੋਵੇਗਾ ਕਿ ਅੱਖ ਝਪਕਣ ਦੀ ਦੇਰੀ ਵਿੱਚ ਹੀ ਇਹ ਸੱਭ ਮੁੱਕ ਜਾਵੇਗਾ।

ਤਦ ਬਸ ਲੋਕ ਇਹ ਹੀ ਕਹਿਣਗੇ, " ਕੋਈ ਗਾਇਬ ਹੋ ਗਿਆ ਹੈ। "

68 ਠੀਕ ਹੈ, ਮੈਂ ਕਲਪਨਾ ਕਰਦਾ ਹਾਂ ਕਿ ਜੇ ਅਸੀਂ ਅੱਜ ਸਾਰੇ ਸੰਸਾਰ ਵਿੱਚ ਖੋਜ ਕਰੀਏ ਤਾਂ ਹਰ ਦਿਨ ਪੰਜ ਸੋ ਲੋਕ ਲਾਪਤਾ ਹੋ ਜਾਂਦੇ ਹਨ,ਅਤੇ ਵੇਖੋ ਲੋਕ ਉਨ੍ਹਾਂ ਦੇ ਬਾਰੇ ਵਿੱਚ ਕੁਝ ਵੀ ਨਹੀਂ ਜਾਣਦੇ ਹਨ। ਉਹ ਤਾਂ ਬਸ ਗਾਇਬ ਹੋ ਜਾਂਦੇ ਹਨ।

ਚੰਗਾ, ਇਹ ਸੱਚ ਹੈ ਕਿ ਸੁਰਗ ਵਿੱਚ ਬਹੁਤ ਜਿਆਦਾ ਜਣੇ ਨਹੀਂ ਉਠਾਏ ਜਾਣਗੇ।

69 ਹੁਣ ਮੈਂ ਤੁਹਾਨੂੰ ਡਰਾਉਣਾ ਨਹੀਂ ਚਾਹੁੰਦਾ ਹਾਂ ਅਤੇ ਮੈਂ ਇਹ ਨਹੀਂ ਸੋਚਦਾ ਹਾਂ ਕਿ ਇਹ ਇਸ ਤਰ੍ਹਾਂ ਹੋਵੇਗਾ ਪ੍ਰੰਤੂ ਮੈਂ ਤਾਂ ਤੁਹਾਨੂੰ ਬਸ ਉਹ ਦੱਸਣਾ ਚਾਹੁੰਦਾ ਹਾਂ ਜੋ ਉਸਨੇ ਕਿਹਾ ਸੀ। ਅਤੇ ਤੁਸੀਂ ਖੁਦ ਆਪ ਵੀ ਇਹ ਜਾਣਦੇ ਹੋ। " ਜਿਵੇਂ ਨੂਹ ਦੇ ਦਿਨਾਂ ਵਿੱਚ ਹੋਇਆ ਸੀ, ਜਦ ਸਿਰਫ ਅੱਠ ਜਾਨਾਂ ਹੀ ਜਲ ਪਰਲੋ ਤੋਂ ਬਚੀਆ ਸਨ। ਉਸ ਸਮੇਂ ਸੰਸਾਰ ਵਿੱਚੋਂ ਸਿਰਫ ਅੱਠ ਜਣੇ ਹੀ ਜਲ ਪਰਲੋ ਤੋਂ ਬਚੇ ਸਨ। "

70 ਚੰਗਾ, ਤੁਸੀਂ ਕਹਿੰਦੇ ਹੋ, " ਹੇ ਮੇਰੇ ਪ੍ਰਭੂ !ਤਾਂ ਫਿਰ ਮੈਨੂੰ ਕੋਸ਼ਿਸ਼ ਕਰਨ ਦੀ ਕੋਈ ਵੀ ਲੋੜ ਨਹੀਂ ਹੈ। " ਏਹ ਇਹ ਦੱਸਦਾ ਹੈ ਕਿ ਤੁਹਾਡੇ ਕੋਲ ਉਸ ਤਰ੍ਹਾਂ ਦਾ ਵਿਸ਼ਵਾਸ਼ ਨਹੀਂ ਹੈ ਜਿਸ ਤਰ੍ਹਾਂ ਦੇ ਵਿਸ਼ਵਾਸ ਦੀ ਤੁਹਾਨੂੰ ਲੋੜ ਹੈ।

71 ਜੇ ਉਸ ਵਿੱਚ ਇੱਕ ਹੀ ਆਦਮੀ ਜਾਵੇਗਾ ਤਾਂ ਉਹ ਮੈਂ ਹੋਵਾਂਗਾ, ਆਮੀਨ, ਕਿਉਂਕਿ ਮੈਂ ਨਿਹਚਾ ਕਰਦਾ ਹਾਂ। ਸਮਝੇ?ਵੇਖਿਆ ਤੁਹਾਨੂੰ ਇਸ ਢੰਗ ਨਾਲ ਨਿਹਚਾ ਕਰਨੀ ਚਾਹੀਦੀ ਹੈ ਕਿ ਜ਼ਰੂਰ ਹੀ "ਉਹ ਮੈਂ ਹੋਵਾਂਗਾ। " ਯਕੀਨਨ। ਮੈਂ ਯਿਸੂ ਮਸੀਹ ਦੀ ਜਿਆਦਾ ਨੇੜਤਾ ਵਿੱਚ ਰਹਿਣਾ ਚਾਹੁੰਦਾ ਹਾਂ ਕਿ ਮੈਨੂੰ ਇਹ ਪਤਾ ਹੋਵੇ ਕਿ ਜਦ ਉਹ ਆਉਂਦਾ ਹੈ ਤਾਂ ਮੈਨੂੰ ਲੈ ਜਾਵੇਗਾ। ਇਹ ਸੱਚ ਹੈ। ਕਿ ਮੈਂ ਨਿਹਚਾ ਕਰਦਾ ਹਾਂ। ਇਸ ਲਈ ਜੇ .....ਹੋ ਦੂਸਰੇ ਇਸ ਵਿੱਚ ਜਾਣ ਤੋਂ ਰਹਿ ਜਾਂਦੇ ਹਨ ਪ੍ਰੰਤੂ ਉਸਦੀ ਕਿਰਪਾ ਨਾਲ ਮੈਂ ਉੱਥੇ ਹੋਵਾਂਗਾ। ਕਿਉਂਕਿ ਉਸਨੇ ਮੇਰੇ ਨਾਲ ਇਹਦਾ ਵਾਇਦਾ ਕੀਤਾ ਹੈ ਅਤੇ ਮੈਂ ਜਾਣਦਾ ਹਾਂ ਕਿ ਮੈਂ ਉੱਥੇ ਹੋਵਾਂਗਾ ਕਿਉਂਕਿ ਉਹ ਝੂਠ ਨਹੀਂ ਬੋਲ

ਸੱਕਦਾ ਹੈ। ਅਤੇ ਮੈਂ ਜਾਣਦਾ ਹਾਂ ਕਿ ਮੇਰਾ ਜੀਵਨ ਅਤੇ ਪ੍ਰਾਣ ਇਸਦੀ ਸਾਖੀ ਭਰਦਾ ਹੈ ਕਿ ਮੈਂ ਹਰ ਰੋਜ ਇਸ ਤਰ੍ਹਾਂ ਜੀਵਨ ਜੀਉਣ ਦਾ ਯਤਨ ਕੀਤਾ ਹੈ ਕਿ ਜਿਵੇਂ ਉਹ ਅੱਜ ਆ ਰਿਹਾ ਹੈ, ਇਸ ਲਈ ਉਸ ਸੁਰਗ ਤੇ ਉਠਾਏ ਜਾਣ ਵਾਲਾ ਇੱਕ ਮਨੁੱਖ ਮੈਂ ਹੀ ਹਾਂ। ਇਸ ਤਰ੍ਹਾਂ ਹੀ ਤੁਹਾਨੂੰ ਮਹਿਸੂਸ ਕਰਨਾ ਚਾਹੀਦਾ ਹੈ ਕਿ "ਜੇ ਅੱਠ ਜਾਂਦੇ ਹਨ ਤਾਂ ਉਨ੍ਹਾਂ ਵਿੱਚੋਂ ਇੱਕ ਮੈਂ ਹੋਵਾਂਗਾ। ਜੇ ਪੰਜ ਸੋ ਜਾਂਦੇ ਹਨ ਤਾਂ ਉਨ੍ਹਾਂ ਪੰਜ ਸੋ ਦੇ ਵਿੱਚੋਂ ਇੱਕ ਮੈਂ ਹੋਵਾਂਗਾ। ਮੈਂ ਹੋਰਨਾਂ ਦੇ ਬਾਰੇ ਵਿੱਚ ਨਹੀਂ ਜਾਣਦਾ ਹਾਂ। ਪ੍ਰੰਤੂ ਮੈਂ ਉਨ੍ਹਾਂ ਪੰਜ ਸੋ ਲੋਕਾਂ ਵਿੱਚੋਂ ਇੱਕ ਹੋਣਾ ਚਾਹੁੰਦਾ ਹਾਂ। " ਸਮਝੇ ?ਤੁਹਾਨੂੰ ਇਸੇ ਢੰਗ ਨਾਲ ਹੀ ਇਹਨੂੰ ਯਾਦ ਰੱਖਣਾ ਚਾਹੀਦਾ ਹੈ। ਸਮਝੇ?

72 ਅਤੇ ਜੇ ਤੁਸੀਂ ਇਹਨੂੰ ਇਸ ਢੰਗ ਨਾਲ ਯਾਦ ਨਹੀਂ ਰੱਖਦੇ ਹੋ ਤਾਂ ਤੁਹਾਡੇ ਵਿਸ਼ਵਾਸ਼ ਵਿੱਚ ਜਰੂਰ ਕੋਈ ਗੜਬੜ ਹੈ। ਸਮਝ ਲੱਗੀ? ਇਸ ਤਰ੍ਹਾਂ ਤਾਂ ਤੁਹਾਨੂੰ ਯਕੀਨ ਹੀ ਨਹੀਂ ਕਿ ਤੁਸੀਂ ਬਚ ਗਏ ਹੋ। ਇਹ ਸਹੀ ਗੱਲ ਹੈ। ਤੁਸੀਂ ਤਾਂ ਫਿਰ ਇਹਦਾਅੰਦਾਜ਼ਾ ਲਗਾ ਰਹੇ ਹੋ। ਤੁਸੀਂ ਇਸ ਤਰ੍ਹਾਂ ਬਿਲਕੁੱਲ ਵੀ ਨਾ ਕਰੋ। ਠੀਕ ਹੈ।

73 ਅਸੀਂ ਇਸ ਮੋਹਰ ਵਿੱਚ ਨਹੀਂ ਜਾ ਰਹੇ ਹਾਂ, ਕੀ ਅਸੀਂ ਜਾ ਰਹੇ ਹਾਂ ? ਠੀਕ ਹੈ। ਮੈਂ ਹਰੇਕ ਰਾਤ ਚਾਹੁੰਦਾ ਹਾਂ .....ਮੈਂ ਨਹੀਂ ਜਾਣਦਾ ਹਾਂ ਕਿ ਤੁਹਾਨੂੰ ਇਸ ਤੋਂ ਬੁਰਾ ਲੱਗਾ ਹੈ ਕਿ ਮੈਂ ਤੁਹਾਡਾ ਸਮਾਂ ਲੈ ਰਿਹਾ ਹਾਂ। ਅਸੀਂ ਇੱਥੋਂ ਥੋੜਾ ਜਿਹਾ ਪਹਿਲਾਂ ਨਿੱਕਲ ਸੱਕਦੇ ਹਾਂ। ਬਹੁਤ ਜਿਆਦਾ ਨਹੀਂ.....

74 ਯਾਦ ਰੱਖੋ ਇਹਨਾਂ ਮੋਹਰਾਂ ਦੇ ਪ੍ਰਗਟ ਹੋਣ ਵਿੱਚ ਅਸਲ ਵਿੱਚ ਇੱਕ ਹੀ ਆਇਤ ਹੈ। ਮੋਹਰ ਦੀ ਪਹਿਲੀ ਆਇਤ ਤਾਂ ਉਸਦੀ ਘੋਸ਼ਣਾ ਦੇ ਬਾਰੇ ਵਿੱਚ ਹੈ ਜਦਕਿ ਦੂਸਰੀ ਆਇਤ ਮੋਹਰ ਦੇ ਬਾਰੇ ਵਿੱਚ ਦੱਸਦੀ ਹੈ। ਮੈਂ ਵੱਧ ਤੋਂ ਵੱਧ ਉਨ੍ਹਾਂ ਦੂਸਰੇ ਲੇਖਾਂ ਅਤੇ ਵਿਵਰਣਾਂ ਨੂੰ ਜੋ ਇਹਨਾਂ ਮੋਹਰਾਂ ਦੇ ਬਾਰੇ ਵਿੱਚ ਦਿੱਤੇ ਗਏ ਹਨ ਪੜ੍ਹਿਆ ਹੈ, ਮੈਂ ਇਨ੍ਹਾਂ ਦੇ ਬਾਰੇ ਵਿੱਚ ਲੋਕਾਂ ਦੇ ਵਿਚਾਰਾਂ ਨੂੰ ਪੜ੍ਹਿਆ ਹੈ, ਅਤੇ ਮੈਂ ਇਸਦੇ ਬਾਰੇ ਵਿੱਚ ਉਸੇ ਤਰ੍ਹਾਂ ਹੀ ਵਿਸ਼ਵਾਸ਼ ਕਰਦਾ ਸੀ ਜਿਵੇਂ ਕਿ ਦੂਸਰੇ ਲੋਕ ਕਰਦੇ ਸਨਕਿ ਪਹਿਲੇ ਘੋੜੇ ਦਾ ਸਵਾਰ ਪਹਿਲੀ ਕਲੀਸਿਯਾ ਸੀ। ਪ੍ਰੰਤੂ ਜਦੋਂ ਪਵਿੱਤਰ ਆਤਮਾ ਨੇ ਇਹ ਪ੍ਰਗਟ ਕੀਤਾ ਤਾਂ ਇਹ ਉਸ ਤੋਂ ਬਿਲਕੁੱਲ ਹੀ ਅਲੱਗ ਸੀ। ਅਤੇ ਫਿਰ ਇਸੇ ਤਰ੍ਹਾਂ ਹੀ ਉਸਨੇ ਇਨ੍ਹਾਂ ਸਾਰੀਆਂ ਨੂੰ ਪ੍ਰਗਟ ਕੀਤਾ ਕਿ ਉਹ ਸਾਨੂੰ ਦਿਖਾਵੇ ਕਿ ਇਹ ਕੀ ਹੈ। ਅਤੇ ਫਿਰ ਮੈਂ ਕੋਸ਼ਿਸ਼ ਕੀਤੀ।

75 ਹੁਣ, ਮੇਰੇ ਲਈ ਤਾਂ ਇਹ ਬਹੁਤ ਹੀ ਪਵਿੱਤਰ ਹੈ। ਅਸਲ ਵਿੱਚ ਇਹੋ ਹੀ ਕਾਰਨ ਹੈ ਕਿ ਮੈਂ ਇਹਨਾਂ ਪ੍ਰਸ਼ਨਾਂ ਦੇ ਉੱਤਰ ਦੇਵਾਂਗਾ। ਅਤੇ ਆਓ ਅਸੀਂ ਹੁਣ ਤੀਜੀ ਮੋਹਰ ਨੂੰ ਵੇਖੀਏ, ਹਰ ਕੋਈ ਇਨ੍ਹਾਂ ਪਿਛਲੀਆਂ ਮੋਹਰਾਂ ਦੇ ਬਾਰੇ ਵਿੱਚ ਚੰਗੀ ਤਰ੍ਹਾਂ ਜਾਣਦਾ ਹੈ, ਅਤੇ ਉਹ ਟੇਪਾਂ ਦੇ ਉੱਤੇ ਵੀ ਹਨ, ਇਸ ਲਈ ਲੋਕ ਇਸਨੂੰ ਚੰਗੀ ਤਰ੍ਹਾਂ ਸਮਝ ਜਾਣਗੇ। ਸਮਝੇ?ਮੈਂ ਅੱਜ ਰਾਤ ਇਨ੍ਹਾਂ ਤੇ ਥੋੜੀ ਦੇਰ ਬੋਲਣ ਦੀ ਕੋਸ਼ਿਸ਼ ਕੀਤੀ ਹੈ, ਤਾਂ ਕਿ ਇਸਦਾ ਪਿਛੋਕੜ ਤਿਆਰ ਕਰ ਸਕਾਂ ਤੇ ਲੋਕ ਇਸਨੂੰ ਠੀਕ ਢੰਗ ਨਾਲ ਸਮਝ ਜਾਣ ........

76 ਅੰਦਰ ਨੂੰ ਧੱਕਣਾ-ਬਾਹਰ ਨੂੰ ਭੱਜਣਾ ਤੁਹਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਹੈ।



ਤਦ ਬਾਈਬਲ ਨੇ ਉਸਨੂੰ ਪੋਪ ਨਹੀਂ ਕਿਹਾ ਸੀ। ਬਾਈਬਲ ਨੇ ਉਸਨੂੰ "ਝੂਠਾ ਨਬੀ" ਕਿਹਾ ਸੀ। ਕਿਉਂ? ਜੀ ਹਾਂ। ਕਿਉਂਕਿ ਅਸਲ ਵਿੱਚ ਉਸਨੂੰ ਇੱਕ ਝੂਠਾ ਨਬੀ ਹੋਣਾ ਚਾਹੀਦਾ ਹੈ, ਕਿਉਂਕਿ ਉਹ ਮਸੀਹ ਵਿਰੋਧੀ ਦੇ ਆਤਮਾ ਦੁਆਰਾ ਨਬੀ ਹੋਣਾ ਚਾਹੀਦਾ ਹੈ, ਉਹ ਮਸੀਹ ਵਿਰੋਧੀ ਮੂਲ ਵਚਨ ਦੇ ਓਲਟ ਸਿੱਖਿਆ ਦਿੰਦਾ ਹੈ। ਕਿਉਂਕਿ ਜੇ ਉਹ ਮੂਲ ਵਚਨ ਦੇ ਵਿਰੁੱਧ ਸਿੱਖਿਆ ਦਿੰਦਾ ਸੀ ਤਾਂ ਉਹ ਮਸੀਹ ਵਿਰੋਧੀ ਸੀ। ਉਹ ਮਸੀਹ ਵਿਰੋਧੀ ਸੀ। ਅਤੇ ਵੇਖੋ, ਵਚਨ ਪ੍ਰਮੇਸ਼ੁਰ ਹੈ, ਵਚਨ ਮਸੀਹ ਹੈ। ਠੀਕ ਹੈ। ਹੁਣ ਇਸ ਤੋਂ ਬਾਦ ਅਸੀਂ ਵੇਖਿਆ ਸੀ ਕਿ ਉਸਨੂੰ ਮੁਕਟ ਪਹਿਨਾਇਆ ਗਿਆ ਸੀ। ਅਤੇ ਹੁਣ ਜਦ ਉਸਨੂੰ ਮੁਕਟ ਮਿਲਦਾ ਹੈ ਤਾਂ ਉਹ ਬਹੁਤ ਹੀ ਮਸੂਮ ਅਤੇ ਬੇਸਹਾਰਾ ਜਿਹਾ ਹੈ। ਉਹ ਤਾਂ ਬਸ ਇੱਕ ਛੋਟਾ ਜਿਹਾ ਆਦਮੀ ਸੀ।

274 ਅਤੇ ਤਦ ਨੀਸੀਆ ਸਭਾ ਵਿੱਚ ਉਸਨੂੰ ਇਹ ਬਣਾਇਆ ਗਿਆ ਸੀ, ਅਤੇ ਕੰਸਟਨਟਾਈਨ ਨੇ ਉਸਨੂੰ ਸਾਰੀ ਜਾਇਦਾਦ ਦੇ ਦਿੱਤੀ ਸੀ। ਅਤੇ ਫਿਰ ਉਸਨੇ ਕੀ ਕੀਤਾ ਸੀ? ਫਿਰ ਉਸਨੇ ਵੇਖੋ, ਸ਼ੈਤਾਨ ਨੇ ਉਸਨੂੰ ਆਪਣਾ ਸਿੰਘਾਸਣ ਅਤੇ ਇਖਤਿਆਰ ਦੇ ਦਿੱਤਾ। ਜਿਵੇਂ ਕਿ ਅਸੀਂ ਇਸਦਾ ਅਧਿਐਨ ਕੀਤਾ ਹੈ ਬਾਦਬਲ ਨੇ ਇਸੇ ਤਰ੍ਹਾਂ ਹੀ ਕਿਹਾ ਹੈ।

275 ਹੁਣ, ਅਗਲੀ ਗੱਲ ਅਸੀਂ ਵੇਖੀ ਕਿ ਸ਼ੈਤਾਨ ਦੇ ਹੱਥ ਵਿੱਚ ਸੱਭ ਰਾਜਨਿਤਕ ਸ਼ਕਤੀਆਂ ਹਨ ਜੋ ਕਦੇ ਹੋਈਆਂ ਅਤੇ ਜੋ ਕਦੇ ਹੋਣਗੀਆਂ। ਅਸੀਂ ਇਹ ਮੱਤੀ 4:11 ਵਿੱਚ ਵੇਖਿਆ ਸੀ। ਅਤੇ ਹੁਣ ਅਸੀਂ ਵੇਖਿਆ ਸੀ ਕਿ ਸ਼ੈਤਾਨ ਦੇ ਕੋਲ ਪਹਿਲਾਂ ਤੋਂ ਹੀ ਸਿਆਸਤਾਂ ਸਨ।

276 ਪ੍ਰੰਤੂ ਉਹ ਕਲੀਸਿਯਾ ਨੂੰ ਆਪਣੇ ਅਧਿਕਾਰ ਵਿੱਚ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ, ਇਸ ਲਈ ਉਹ ਇਸਨੂੰ ਧੋਖਾ ਦੇਣ ਲਈ ਜਾਂਦਾ ਹੈ। ਉਹ ਆਪਣੇ ਸੁਪਰਮੈਨ ਨੂੰ ਲੈਂਦਾ ਹੈ ਉਸਦੇ ਕੋਲੋਂ ਇੱਕ ਜੱਥੇਬੰਦੀ ਰਾਹੀਂ ਕੰਮ ਕਰਾਉਂਦਾ ਹੈ ਅਤੇ ਉਸਨੂੰ "ਮਸੀਹ ਦੇ ਥਾਂ " ਤੇ ਮੁਕਟ ਪੁਆਉਂਦਾ ਹੈ। ਮਸੀਹ ਨੇ ਪ੍ਰਮੇਸ਼ੁਰ ਦੀ ਥਾਂ ਕੰਮ ਕੀਤਾ ਸੀ। ਪਰ ਵੇਖੋ, ਇਹ ਮਨੁੱਖ ਤਾਂ ਪ੍ਰਮੇਸ਼ੁਰ ਦੀ ਥਾਂ ਤੇ ਹੈ। ਸਮਝੇ? ਇਸੇ ਤਰ੍ਹਾਂ ਹੀ ਹੈ, "ਪ੍ਰਮੇਸ਼ੁਰ ਦੀ ਥਾਂ ਤੇ",ਪ੍ਰੰਤੂ ਉਸਨੂੰ ਮਸੀਹ ਦੇ ਅਧੀਨ ਵਿਕਾਰ ਹੋਣਾ ਚਾਹੀਦਾ ਹੈ।

277 ਹੁਣ, ਹੁਣ ਜਦ ਉਸਨੇ ਇਹ ਕੀਤਾ ਸੀ ਤਾਂ ਉਸਨੇ ਤਦ ਕੀ ਕੀਤਾ ਸੀ? ਉਸਨੇ ਆਪਣੀ ਸਿਆਸਤੀ ਸ਼ਕਤੀ ਲੈ ਲਈ ਸੀ ਜਿਸਦੇ ਉੱਤੇ ਕਿ ਉਸਦਾ ਪਹਿਲਾਂ ਤੋਂ ਹੀ ਅਧਿਕਾਰ ਸੀ ਅਤੇ ਉਸਨੇ ਧਾਰਮਿਕ ਸ਼ਕਤੀ ਲੈ ਲਈ ਸੀ ਜਿਹਦੇ ਲਈ ਉਹਨੂੰ ਪਹਿਲਾਂ ਹੀ ਮੁਕਟ ਪੁਆ ਦਿੱਤਾ ਗਿਆ ਸੀ, ਅਤੇ ਉਹਨੇ ਇਨ੍ਹਾਂ ਦੋਹਾਂ ਨੂੰ ਇੱਕਠੇ ਕਰ ਦਿੱਤਾ ਸੀ।

278 ਅਤੇ ਫਿਰ ਉਸਨੇ ਆਪਣੇ ਆਪ ਨੂੰ ਨਰਕ ਦਾ ਸ਼ਾਸ਼ਕ ਵੀ ਬਣਾ ਦਿੱਤਾ। ਅਤੇ ਜੋ ਮਰ ਚੁੱਕੇ ਸਨ ਜੇ ਉਹ ਬਹੁਤ ਸਾਰਾ ਪੈਸਾ ਉਸਨੂੰ ਦੇਣ ਤਾਂ ਉਹ ਉਹਨਾਂ ਨੂੰ ਉਹਦੇ ਵਿੱਚੋਂ ਬਾਹਰ ਕੱਢ ਦੇਵੇਗਾ। ਸਮਝੇ? ਇਸ ਲਈ ਹੁਣ ਉਹ ਸੁਰਗ ਦੇ ਉੱਤੇ ਪੁਰਗੇਟਰੀ ਦੇ ਉੱਤੇ ਵਿਕਾਰ ਸ਼ਾਸ਼ਕ ਸੀ। ਜਿਵੇਂ ਕਿ ਉਹ ਇਹਨੂੰ ਕਹਿਣਾ ਚਾਹੁੰਦੇ ਹਨ। ਬਾਈਬਲ ਵਿੱਚ ਕੋਈ ਵੀ ਇਸ ਤਰ੍ਹਾਂ ਦੀ ਚੀਜ਼ ਨਹੀਂ ਹੈ ਪ੍ਰੰਤੂ ਵੇਖੋ, ਉਸਨੇ ਤਾਂ ਕੁਝ ਬਣਾਉਣਾ ਹੀ ਸੀ। ਬਾਈਬਲ ਦੱਸਦੀ ਹੈ ਕਿ ਉਹ ਅਥਾਹ ਕੁੰਡ ਵਿੱਚੋਂ ਬਾਹਰ ਨਿੱਕਲਿਆ ਅਤੇ ਉੱਥੇ ਹੀ ਵਾਪਸ ਜਾਂਦਾ ਹੈ। ਅਤੇ ਧਰਤੀ ਉੱਤੇ ਉਹ ਇੱਕ ਹਾਕਮ ਹੈ।

"ਨਹੀਂ ਮੈਂ ਨਹੀਂ ਜਾਣਦੀ ਹਾਂ। ਪ੍ਰੰਤੂ ਖੁਦਾ ਨੇ ਕਿਹਾ ਹੈ ਇਸ ਤਰ੍ਹਾਂ ਨਹੀਂ ਕਰਨਾ। "

"ਪ੍ਰੰਤੂ, ਔਹ, ਠੀਕ ਹੈ, ਮੈਂ ਜਾਣਦਾ ਹਾਂ, ਪਰ ......."

"ਖੁਦਾ ਨੇ ਆਖਿਆ ਹੈ ਕਿ ......ਅਸੀਂ ਮਰ ਜਾਵਾਂਗੇ। "

269 ਸ਼ੈਤਾਨ ਨੇ ਕਿਹਾ, "ਯਕੀਨਨ ਉਹ ਇਸ ਤਰ੍ਹਾਂ ਨਹੀਂ ਕਰੇਗਾ। " ਵੇਖੋ, ਇਹ ਗੱਲ ਇੰਨੀ ਹੀ ਮਿੱਠੀ ਹੈ ਜਿੰਨੀ ਕਿ ਇਹ ਹੋ ਸੱਕਦੀ ਹੈ। ਵੇਖੋ ਇਸਨੇ ਕੀ ਕੀਤਾ ਸੀ।

270 ਗੋਹ ਕਰੋ ਕਿ ਇਹ ਮਸੀਹ ਵਿਰੋਧੀ ਆਤਮਾ ਸ਼ੁਰੂ ਦੀ ਕਲੀਸਿਯਾ ਵਿੱਚ ਨਿਕੁਲਾਈਆਂ ਦੀ ਸਿੱਖਿਆ ਦੇ ਰੂਪ ਵਿੱਚ ਉੱਠ ਖੜੀ ਹੋਈ। *ਨਿਕੋ* ਦਾ ਅਰਥ ਹੈ "ਜਿੱਤਣਾ " ਸਧਾਰਨ ਮੈਂਬਰਾਂ ਨੇ ਇੱਕ ਆਦਮੀ ਨੂੰ ਪਵਿੱਤਰ ਬਣਾ ਦਿੱਤਾ। ਅਤੇ ਇਹ ਇਸ ਤਰ੍ਹਾਂ ......"ਠੀਕ ਹੈ ਸਾਨੂੰ ਤਾਂ ਬਸ ਸੰਗਤ ਚਾਹੀਦੀ ਹੈ। ਕਿਉਂ ਤੁਸੀਂ ਭਲਾ ਖੇਰੂ-ਖੇਰੂ ਹੋ ; ਕੋਈ ਵੀ ਨਹੀਂ ਜਾਣਦਾ ਕੌਣ ਕਿੱਥੇ ਹੈ। ਮੈਂ ਸੋਚਦਾ ਹਾਂ ਕਿ ਸਾਡੀ ਸਾਰਿਆਂ ਦੀ ਇੱਕ ਸੰਸਥਾ ਹੋਣੀ ਚਾਹੀਦੀ ਹੈ ਅਤੇ ਉਹ ਇੱਕ ਵੱਖਰੀ ਕਿਸਮ ਦੀ ਹੋਣੀ ਚਾਹੀਦੀ ਹੈ। ਵੇਖੋ ਅਸੀਂ ਜਾਵਾਂਗੇ ਅਤੇ ਆਪਣੇ ਆਪ ਨੂੰ ਇੱਕ ਕਰ ਲਵਾਂਗੇ। ਸਾਨੂੰ ਇਸ ਵਿੱਚੋਂ ਇੱਕ ਨਿਵਾਸ ਘਰ ਬਣਾਉਣਾ ਚਾਹੀਦਾ ਹੈ। " ਅਤੇ ਇਹੋ ਹੀ ਇਹ ਹੈ। ਮਸੀਹੀ ਕਲੀਸਿਯਾ ਮੈਥੋਡਿਸਟ ਨਾਮ ਦੀ ਕੋਈ ਚੀਜ਼ ਨਹੀਂ ਹੈ। ਇਹ ਕੋਈ ਕਲੀਸਿਯਾ ਨਹੀਂ ਹੈ ਇਹ ਤਾਂ ਇੱਕ ਨਿਵਾਸ ਘਰ ਹੈ। ਬੈਪਟਿਸਟ ਕੋਈ ਕਲੀਸਿਯਾ ਨਹੀਂ ਹੈ ; ਇਹ ਤਾਂ ਇੱਕ ਲੋਜ ਅਰਥਾਤ ਨਿਵਾਸ ਘਰ ਹੈ।

271 ਸਿਰਫ ਇੱਕ ਹੀ ਕਲੀਸਿਯਾ ਹੈ, ਅਤੇ ਉਹ ਯਿਸੂ ਮਸੀਹ ਦੀ ਮਹਿਮਾਂਮਈ ਦੇਹ ਹੈ। ਅਤੇ ਤੁਸੀਂ ਉਸ ਵਿੱਚ ਅਗੇਤਰੇ ਠਹਿਰਾਏ ਜਾਣ ਦੇ ਰਾਹੀਂ ਜਨਮ ਲੈਂਦੇ ਹੋ। ਇਹ ਠੀਕ ਹੈ। ਇਹ ਸੱਚ ਹੈ। "ਜਿੰਨਿਆਂ ਨੂੰ ਪਿਤਾ ਨੇ ਮੈਨੂੰ ਦਿੱਤਾ ਹੈ ਉਹ ਮੇਰੇ ਕੋਲ ਆਉਣਗੇ। ਕੋਈ ਵੀ ਤਦ ਤੱਕ ਮੇਰੇ ਕੋਲ ਨਹੀਂ ਆ ਸੱਕਦਾ ਜਦ ਤੱਕ ਪਿਤਾ ਹੀ ਉਸ ਨੂੰ ਨਾ ਖਿੱਚੇ। ਅਤੇ ਜਿੰਨੇ ਉਸਨੇ ਮੈਨੂੰ ਦਿੱਤੇ ਹਨ ਉਹ ਮੇਰੇ ਕੋਲ ਆਉਣਗੇ। " ਇਸ ਲਈ ਅਜਿਹਾ ਹੀ ਹੈ। ਉਹ ਤਾਂ ਬਸ ......

272 ਲੇਲਾ ਉੱਥੇ ਬੈਠਾ ਵਿਚੋਲਗੀ ਕਰ ਰਿਹਾ ਹੈ ਜਦ ਤੱਕ ਕਿ ਉਹ ਆਖਰੀ ਆਦਮੀ ਅੰਦਰ ਨਹੀਂ ਆ ਜਾਂਦਾ ਹੈ। ਤਦ ਫਿਰ ਉਹ ਛੋਟੀ ਜਿਹੀ ਘੰਟੀ ਬੱਜਦੀ ਹੈ ਅਤੇ ਉਹ ਬਾਹਰ ਨਿੱਕਲਦਾ ਹੈ ਅਤੇ ਆਪਣਾ ਕਬਜਾ ਲੈ ਲੈਂਦਾ ਹੈ ਅਤੇ ਆਪਣੀ ਕਲੀਸਿਯਾ ਨੂੰ ਆਪਣੇ ਲੋਕਾਂ ਨੂੰ ਘਰ ਲੈ ਕੇ ਆਉਂਦਾ ਹੈ। ਅਤੇ ਉਹ ਆਪਣੇ ਵੈਰੀ ਨੂੰ ਅੱਗ ਦੀ ਝੀਲ ਵਿੱਚ ਸੁੱਟ ਦਿੰਦਾ ਹੈ ਅਤੇ ਸ਼ੈਤਾਨ ਦੇ ਸਾਰੇ ਲੋਕ ਉਸਦੇ ਨਾਲ ਉੱਥੇ ਚਲੇ ਜਾਂਦੇ ਹਾ ਅਤੇ ਬਸ ਇਸੇ ਤਰ੍ਹਾਂ ਹੀ ਹੈ। ਫਿਰ ਅਸੀਂ ਹਜਾਰ ਸਾਲ ਰਾਜ ਵਿੱਚ ਜਾਂਦੇ ਹਾਂ।

273 ਹੁਣ ਉਹ ਘੋੜ ਸਵਾਰ ਉਹੀ ਹੈ। ਪਹਿਲੀ ਹਾਲਤ ਵਿੱਚ ਉਹ ਮਸੂਮ ਸੀ। ਅਤੇ ਹੁਣ ਜੇ ਤੁਸੀਂ ਦੂਸਰੀ ਹਾਲਤ ਨੂੰ ਜਰਾ ਹੋਰ ਵੇਖੋ, ਜੇ ਤੁਸੀਂ ਇਸ ਤੋਂ ਥੋੜਾ ਜਿਹਾ ਹੋਰ ਵੱਧ ਵੇਖੋ, ਤਾਂ ਬਾਈਬਲ ਦੱਸਦੀ ਹੈ ਕਿ ਉਸਨੂੰ "ਇੱਕ ਮੁਕਟ ਦਿੱਤਾ ਗਿਆ। " ਅਤੇ ਉਹ ਇੱਕ ਮਨੁੱਖ ਨੂੰ ਜੋ ਕਿ ਸੁਪਰਮੈਨ ਸੀ ਨੂੰ ਮੁਕਟ ਪਹਿਨਾਉਂਦੇ ਹਨ। ਵੇਖੋ, ਉਹ ਉਸਨੂੰ ਮੁਕਟ ਪਹਿਨਾਉਂਦੇ ਹਨ।



ਸਮਝੇ? ਪ੍ਰੰਤੂ ਜੇ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਇਹ ਇੱਕ ਮਨੁੱਖੀ ਸੁਭਾਓ ਹੈ। ਅਤੇ ਇੱਥੇ ਕਾਫੀ ਗਰਮੀ ਹੈ, ਅਤੇ ਤੁਸੀਂ ਗਰਮੀ ਤੋਂ ਕਾਫੀ ਪ੍ਰੇਸ਼ਾਨ ਹੋ।

77 ਪ੍ਰੰਤੂ ਤੁਸੀਂ ਬਹੁਤ ਹੀ ਵਧੀਆ ਹੋ। ਸਭ ਤੋਂ ਵਧੀਆ ਵਤੀਰਾ ਜੋ ਮੈਂ ਕਦੇ ਵੇਖਿਆ ਹੋਵੇ ਉਹ ਇਸ ਭਵਨ ਵਿੱਚ ਵੇਖਿਆ ਹੈ ਲੋਕ ਸ਼ਾਂਤੀ ਨਾਲ ਬੈਠੇ ਹੋਏ ਹਨ, ਅਤੇ ਜਦ ਬੱਚੇ ਰੋਣਾ ਸ਼ੁਰੂ ਕਰਦੇ ਹਨ ਤਾਂ ਮਾਵਾਂ ਆਪਣੇ ਬੱਚਿਆਂ ਨੂੰ ਉਸ ਬੱਚਿਆਂ ਵਾਲੇ ਕਮਰੇ ਵਿੱਚ ਲੈ ਜਾਂਦੀਆਂ ਹਨ ਅਤੇ ਸੱਭ ਕੁਝ ਹੀ ਬੜਾ ਵਧੀਆ ਰਿਹਾ ਹੈ।

78 ਪ੍ਰੰਤੂ ਮੈਂ ਇਹਦਾ ਤਦ ਤੱਕ ਪਿਛੋਕੜ ਬੜਾਉਂਦਾ ਹਾਂ ਜਦ ਤੱਕ ਕਿ ਮੈਂ ਆਪਣੇ ਉੱਤੇ ਪਵਿੱਤਰ ਆਤਮਾ ਦਾ ਮਸ੍ਹਾ ਮਹਿਸੂਸ ਨਾ ਕਰਾਂ, ਕਿ ਮੈਂ ਇਨ੍ਹਾਂ ਸ਼ਬਦਾਂ ਨੂੰ ਕਹਾਂ, ਕਿ ਮੈਂ ਉਹ ਕਹਾਂ ਜੋ ਮੇਰੇ ਉੱਤੇ ਪ੍ਰਗਟ ਹੋਇਆ ਹੈ। ਅਤੇ ਫਿਰ ਵੀ ਜੇ ਮੈਂ ਇੱਥੇ ਕੋਈ ਗਲਤੀ ਕਰਦਾਂ ਹਾਂ ਤਾਂ ਉਹ ਯਕੀਨਨ ਇੱਥੇ ਸੱਭ ਲੋਕਾਂ ਦੇ ਸਾਹਮਣੇ ਮੇਰੀ ਗਲਤੀ ਨੂੰ ਸੁਧਾਰ ਦੇਵੇਗਾ। ਮੈਂ-ਮੈਂ ਇਹ ਚਾਹੁੰਦਾ ਹਾਂ। ਮੈਂ ਇਸਨੂੰ ਠੀਕ ਚਾਹੁੰਦਾ ਹਾਂ। ਜੋ ਤੁਸੀਂ ਕਲਪਨਾ ਕਰਦੇ ਹੋ ਸਿਰਫ ਉਹਨੂੰ ਲੈ ਲੈਣ ਦੀ ਕੋਈ ਲੋੜ ਨਹੀਂ ਹੈ। ਇਸਦੇ ਬਾਰੇ ਵਿੱਚ ਜ਼ਰੂਰ ਹੀ ਕੋਈ ਠੀਕ ਗੱਲ ਹੈ, ਅਤੇ ਅਸੀਂ ਉਹ ਹੀ ਚਾਹੁੰਦੇ ਹਾਂ। ਅਸੀਂ ਤਾਂ ਇਹ ਚਾਹੁੰਦੇ ਹਾਂ ਕਿ ਖੁਦਾ ਸਾਨੂੰ ਉਹ ਬਖਸ਼ੇ ਜੋ ਸਹੀ ਹੈ।

79 ਸੋ ਹੁਣ ਅਸੀਂ ਇਨ੍ਹਾਂ ਘੋੜ ਸਵਾਰਾਂ ਨੂੰ ਲਿਆ ਹੈ ਜਦ ਉਹ ਬਾਹਰ ਆਉਂਦੇ ਹਨ। ਹੁਣ ਪਹਿਲੇ ਘੋੜੇ ਨੂੰ ਅਸੀਂ ਵੇਖਿਆ ਹੈ ਕਿ ਇਹ ਮਸੀਹ ਵਿਰੋਧੀ ਸੀ ਜੋ ਨਿੱਕਲ ਕੇ ਆਇਆ। ਤਦ ਕੱਲ ਰਾਤ ਸਾਨੂੰ ਪਤਾ ਲੱਗਾ ਕਿ ਉਹ ਹੀ ਆਦਮੀ ਜੋ ਮਸੀਹ ਵਿਰੋਧੀ ਬਣ ਕੇ ਚਿੱਟੇ ਘੋੜੇ ਤੇ ਨਿੱਕਲਿਆ, ਕੱਲ੍ਹ ਰਾਤ ਅਸੀਂ ਉਸਨੂੰ ਤਲਵਾਰ ਨਾਲ ਘੋੜੇ ਤੇ ਚੜ੍ਹਿਆ ਅਤੇ ਲੋਕਾਂ ਦਾ ਕਤਲ ਕਰਦੇ ਵੇਖਿਆ।

80 ਹੁਣ, ਹੁਣ, ਹਮੇਸ਼ਾਂ ਹੀ ਸੁਭਾਵਕ ਅਤੇ ਆਤਮਿਕ ਰਿਹਾ ਹੈ। ਅਤੇ ਇਸ ਤੋਂ ਪਹਿਲਾਂ ਕਿ ਅਸੀਂ ਇਸ ਮੋਹਰ ਦੇ ਖੁੱਲ੍ਹਣ ਵੱਲ ਜਾਈਏ ਮੈਂ ਕਲੀਸਿਯਾ ਲਈ ਇਸਦਾ ਨਮੂਨਾ(ਪ੍ਰਤੀਕ) ਦੇਣਾ ਚਹੁੰਦਾ ਹਾਂ।

81 ਜੋ ਕੁਝ ਵੀ ਉਸਨੇ ਮੈਨੂੰ ਦਿੱਤਾ ਮੈਂ ਉਹਨੂੰ ਇੱਥੇ ਲਿਖ ਰਿਹਾ ਹੈ। ਮੇਰੇ ਕੋਲ ਇੱਥੇ ਕਈ ਲਿਖਤਾਂ ਹਨ, ਮੈਂ ਇਹਦੇ ਸੱਤ ਜਾਂ ਅੱਠ ਸਫੇ ਲਿਖੇ ਹੋਏ ਹਨ,ਅਤੇ ਜਿਵੇਂ ਮੈਂ ਇਹਦਾ ਹਵਾਲਾ ਦਿੰਦਾ ਹਾਂ।

82 ਧਿਆਨ ਦਿਓ, ਮੈਂ ਤੁਹਾਨੂੰ ਕਲੀਸਿਯਾ ਦਾ ਇੱਕ ਨਮੂਨਾ ਦੱਸਣਾ ਚਹੁੰਦਾ ਹਾਂ ਅਤੇ ਇਸਨੂੰ ਏਨਾ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਤੁਹਾਨੂੰ ਇਸਨੂੰ ਵੇਖਣਾ ਹੀ ਪਵੇਗਾ। ਸਮਝੇ?

83 ਹੁਣ ਅਦਨ ਦੇ ਬਾਗ ਵਿੱਚ ਇੱਕ ਸੁਭਾਵਕ(ਸ਼ਰੀਰਕ)ਦੁਲਹਨ ਸੀ। ਕੀ ਤੁਹਾਨੂੰ ਕੱਲ੍ਹ ਰਾਤ ਦਾ ਸੰਦੇਸ਼ ਯਾਦ ਹੈ?ਉਹ ਸੁਭਾਵਕ ਦੁਲਹਨ ਆਦਮ ਦੀ ਪਿਆਰੀ ਸੀ, ਪ੍ਰੰਤੂ ਉਹ ਹਾਲੇ ਤੱਕ ਉਸਦੀ ਪਤਨੀ ਨਹੀਂ ਸੀ, ਕਿਉਂਕਿ ਉਸਨੇ ਹਾਲੇ ਤੱਕ ਉਸਨੂੰ ਪਤਨੀ ਦੇ ਰੂਪ ਵਿੱਚ ਨਹੀਂ ਜਾਣਿਆ ਸੀ।

84 ਠੀਕ ਜਿਵੇਂ ਕਿ ਮਰਿਯਮ ਯੂਸਫ ਦੀ ਪਤਨੀ ਸੀ, ਪ੍ਰੰਤੂ ਉਸਨੇ ਹਾਲੇ ਤੱਕ ਉਸਨੂੰ ਕਦੇ ਵੀ ਨਹੀਂ ਜਾਣਿਆ ਸੀ। ਪ੍ਰੰਤੂ ਉਹ " ਗਰਭਵਤੀ " ਸੀ। ਸਮਝੇ?

85 ਹੁਣ, ਜਦ ਤੱਕ ਆਦਮ ਨੇ ਅਪਨੀ ਪਤਨੀ ਨੂੰ ਨਹੀਂ ਜਾਣਿਆ ਸੀ, ਉਹ ਤਦ ਤੱਕ ਉਸਦੀ ਕੇਵਲ ਲਾੜੀ ਸੀ। ਇਹ ਠੀਕ ਗੱਲ ਹੈ। ਅਤੇ ਅਸੀਂ ਵੇਖਦੇ ਹਾਂ ਕਿ ਖੁਦਾ .....ਉਹ ਅਦਨ ਦੇ ਬਾਗ ਵਿੱਚ ਡਿੱਗ ਗਈ ਸੀ ਕਿਉਂਕਿ ਉਹ ਵਚਨ ਨੂੰ ਫੜੀ ਰੱਖਣ ਵਿੱਚ ਫੇਲ ਹੋ ਗਈ ਸੀ।

86 ਹੁਣ ਉਹ ਜਾਣਦਾ ਸੀ ਕਿ ਸ਼ੈਤਾਨ ਉਨ੍ਹਾਂ ਵਿੱਚ ਆ ਜਾਵੇਗਾ, ਇਸੇ ਲਈ ਖੁਦਾ ਨੇ ਉਨ੍ਹਾਂ ਨੂੰ ਇੱਕ ਜਗ੍ਹਾ ਦਿੱਤੀ ਜਿਸਦੇ ਪਿੱਛੇ ਉਨ੍ਹਾਂ ਨੇ ਰਹਿਣਾ ਸੀ ; ਉਨ੍ਹਾਂ ਨੇ ਉਸ ਕਿਲੇ ਦੇ ਪਿੱਛੇ ਰਹਿਣਾ ਸੀ। ਜੇ ਖੁਦਾ ਹੀ ਆਪਣੇ ਬੱਚਿਆਂ ਦੀ ਨਿਗਰਾਨੀ ਕਰ ਰਿਹਾ ਹੋਵੇ ਤਾਂ, ਖੁਦਾ ਦੇ ਪਿੱਛੇ ਖੜੇ ਹੋ ਕੇ ਆਪਣੀ ਕਿਲੇਬੰਦੀ ਕਰਨ ਤੋਂ ਬੇਹਤਰ ਜਗ੍ਹਾ ਹੋਰ ਕਿਹੜੀ ਹੋਵੇਗੀ ?

87 ਜੇ ਮੈਂ ਆਪਣੇ ਛੋਟੇ ਯੂਸਫ ਦੀ ਦੇਖਭਾਲ ਕਰਨਾ ਚਾਹੁੰਦਾ ਹੋਵਾਂ, ਤਾਂ ਠੀਕ ਹੈ ਭਾਈ, ਸੱਭ ਕੁਝ .....ਅਤੇ ਮੈਂ ਜਾਣਦਾ ਹਾਂ ਕਿ ਉਹਦਾ ਜੀਵਨ ਇਸੇ ਤੇ ਨਿਰਭਰ ਹੈ ਤਾਂ ਭਲਾ ਕਿਉਂ ਮੈਂ ......ਅਤੇ ਮੈਂ ਇਸਨੂੰ ਕਰਨ ਦੇ ਯੋਗ ਹੋਵਾਂ। ਚੰਗਾ, ਜੇ ਚਾਲੀ ਫੁੱਟ ਦੀ ਬੱਜਰੀ ਕਿਲੇ ਬੰਦੀ ਲਈ ਲਾਈ ਗਈ ਹੋਵੇ, ਜੇ ਇਹਦੇ ਨਾਲ ਸੁਰੱਖਿਆ ਹੁੰਦੀ ਹੋਵੇ ਤਾਂ ਮੈਂ ਇਸਨੂੰ ਹੋਰ ਵੀ ਨਿਸ਼ਚਿਤ ਕਰਨ ਦੇ ਲਈ ਨੱਬੇ ਫੁੱਟ ਦਾ ਬਣਾਵਾਂਗਾ।

88 ਅਤੇ ਜੇ ਮੈਂ ਆਪਣੇ ਛੋਟੇ ਪੁੱਤਰ ਲਈ ਇਸ ਤਰ੍ਹਾਂ ਸੋਚ ਸੱਕਦਾ ਹਾਂ (ਜੇ ਉਸਦਾ ਮਰਨਹਾਰ ਜੀਵਨ ਨਾਸ਼ ਹੋ ਸੱਕਦਾ ਹੈ, ਪ੍ਰੰਤੂ ਮੈਂ ਇਸ ਤਰ੍ਹਾਂ ਕਰਕੇ ਸੋਚਦਾ ਹਾਂ ਕਿ ਉਹ ਬਚ ਜਾਵੇਗਾ। )ਤਾਂ ਪ੍ਰਮੇਸ਼ੁਰ ਆਪਣੇ ਬੱਚਿਆਂ ਲਈ ਅਨੰਤ ਕਾਲ ਦੇ ਨਾਸ਼ ਤੋਂ ਬਚਾਉਣ ਲਈ ਕਿੰਨਾ ਹੋਰ ਵਧੀਕ ਨਾ ਕਰੇਗਾ !ਪ੍ਰਮੇਸ਼ੁਰ ਉਸਨੂੰ ਕਿਸ ਚੀਜ ਦੇ ਪਿੱਛੇ ਰੱਖੇਗਾ?ਪਰਮੇਸ਼ੁਰ ਉਸਨੂੰ ਆਪਣੇ ਹੀ ਵਚਨ ਦੀ ਸੁਰੱਖਿਆ ਦੇ ਪਿੱਛੇ ਰੱਖਦਾ ਹੈ। ਜਦ ਤੱਕ ਤੁਸੀਂ ਉਸ ਵਚਨ ਦੇ ਵਿੱਚ ਬਣੇ ਰਹਿੰਦੇ ਹੋ ਤੁਸੀਂ ਸੁਰੱਖਿਅਤ ਹੋ। "ਜੇ ਤੁਸੀਂ ਮੇਰੇ ਵਿੱਚ ਬਣੇ ਰਹੋ ਅਤੇ ਮੇਰਾ ਵਚਨ ਤੁਹਾਡੇ ਵਿੱਚ ਬਣਿਆ ਰਹੇ ਤਾਂ ਤੁਸੀਂ ਜੋ ਚਾਹੋ ਮੰਗੋ ਉਹ ਤੁਹਾਨੂੰ ਮਿਲ ਜਾਵੇਗਾ। " ਇਸੇ ਤਰ੍ਹਾਂ ਹੀ ਹੈ, ਇਹ ਵਚਨ ਹੈ।

89 ਸੋ ਹਵੱਾਹ ਬਾਗ ਵਿੱਚ ਸੈਰ ਕਰਨ ਨੂੰ ਨਿੱਕਲੀ, ਅਤੇ ਉਹ ਉੱਥੇ ਤੱਕ ਆਈ ਜਿੱਥੇ ਉਹ ਸੱਪ ਸੀ ਜੋ ਕਿ ਬਹੁਤ ਹੀ ਸੋਹਣਾ ਅਤੇ ਲਿਸ਼ਕਿਆ ਪੁਸ਼ਕਿਆ ਕਿਸਮ ਦਾ ਆਦਮੀ ਸੀ। ਅਤੇ ਉਹ .....ਅਤੇ ਸ਼ੈਤਾਨ ਨੇ ਸ਼ੁਰੂ ......ਹੁਣ ਸ਼ੈਤਾਨ ਦੂਜੇ ਪਾਸੇ ਸੀ। ਪਰਮੇਸ਼ੁਰ ਸਧਾਰਨਤਾ ਵਿੱਚ ਕੰਮ ਕਰਦਾ ਹੈ, ਪਰਮੇਸ਼ੁਰ ਹਲੀਮੀ ਵਿੱਚ ਨਿਵਾਸ ਕਰਦਾ ਹੈ ....ਉਹ ਇਸ ਤੋਂ ਇਲਾਵਾ ਕਿਸੇ ਹੋਰ ਢਗ ਨਾਲ ਕੰਮ ਨਹੀਂ ਕਰਦਾ ਹੈ। ਸਮਝੇ? ਹੁਣ, ਉੱਥੇ ਛੋਟੀ ਜਿਹੀ ਹਲੀਮ ਔਰਤ ਘੁੰਮ ਰਹੀ ਸੀ, ਅਤੇ ਸ਼ੈਤਾਨ ਇੱਕ ਬੁੱਧੀਮਾਨ, ਤੇਜ਼ ਤਰਾਰ ਅਤੇ ਲਿਸ਼ਕਿਆ ਪੁਸ਼ਕਿਆ ਆਦਮੀ ਬਣ ਕੇ ਆ ਗਿਆ। ਅਤੇ ਉਹ ਹੱਵਾਹ ਨੂੰ ਆਪਣੀ ਯੋਜਨਾ ਵੇਚਣਾ ਚਾਹੁੰਦਾ ਸੀ। ਜਦ ਤੱਕ .........

90 ਇਸ ਨਾਲ ਕੋਈ ਫਰਕ ਨਹੀਂ ਸੀ ਕਿ ਸ਼ੈਤਾਨ ਕਿੰਨਾ ਹੱਵਾਹ ਦੇ ਆਲੇ-ਦੁਆਲੇ ਫਿਰਦਾ ਸੀ,ਜਿੰਨੀ ਦੇਰ ਹ ਇਸ ਵਚਨ ਦੇ ਪਿੱਛੇ ਖੜੀ ਸੀ, ਉਹ ਠੀਕ ਸੀ। [ਭਾਈ ਬ੍ਰਾਨਹਾਮ ਆਪਣੀ ਬਾਈਬਲ ਥਪਥਪਾਉਂਦੇ ਹਨ-ਸੰਪਾ]ਸਮਝੇ? ਇਸ ਲਈ ਸ਼ੈਤਾਨ ਜੋ ਕੁਝ ਵੀ ਕਰਦਾ ਹੈ ਉਹਨੂੰ



ਠਹਿਰਨ ਅਤੇ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਰਾਹੀਂ ਬਿਲਕੁੱਲ ਉਸੇ ਦੇ ਵਾਂਗ ਅੱਗੇ ਵੱਧ ਰਹੀ ਹੈ। ਬਸ ਇਹ ਹੀ ਫਰਕ ਹੈ ਕਿ ਉਹ ਪਹਿਲਾਂ ਹੀ ਆਪਣੀ ਬੇਦਾਰੀ ਪਾ ਚੁੱਕੇ ਹਨ ਅਤੇ ਸੱਚੀ ਕਲੀਸਿਯਾ ਇਸਨੂੰ ਅੰਤ ਵਿੱਚ ਪਾ ਰਹੀ ਹੈ। ਉਸਦੇ ਪਹਿਲੇ ਤਿੰਨ ਸਾਲ ......ਉਹ ਅਪਣੀਆਂ ਪਹਿਲੀਆਂ ਤਿੰਨ ਹਾਲਤਾਂ ਵਿੱਚ ਦੀ ਹਨੇਰ ਯੁੱਗ ਵਿੱਚ ਦੀ ਲੰਘੇ ; ਅਤੇ ਫਿਰ ਤੀਸਰੀਆਂ ਤਿੰਨ ਹਾਲਤਾਂ, ਕਲੀਸਿਯਾ ਵੀ ਤਿੰਨ ਹਾਲਤਾਂ ਵਿੱਚ ਦੀ ਬਾਹਰ ਆਉਂਦੀ ਹੈ, ਧਾਰਮਿਕਤਾ, ਪਵਿੱਤਰਤਾਈ ਅਤੇ ਪਵਿੱਤਰ ਆਤਮਾ ਦੇ ਬਪਤਿਸਮੇ ਰਾਹੀਂ ਦੇਹਧਾਰੀ ਪ੍ਰਮੇਸ਼ੁਰ ਸਾਡੇ ਵਿੱਚ ਪ੍ਰਗਟ ਹੋਇਆ ਹੈ। ਪ੍ਰੰਤੂ ਇੱਥੇ ਸ਼ੈਤਾਨ ਮਸੀਹ ਵਿਰੋਧੀ ਦੀ ਸ਼ਕਲ ਵਿੱਚ, ਝੂਠੇ ਨਬੀ ਦੀ ਸ਼ਕਲ ਵਿੱਚ ਅਤੇ ਫਿਰ ਹਨੇਰ ਯੁੱਗ ਵਿੱਚ ਦਰਿੰਦੇ ਦੇ ਰੂਪ ਵਿੱਚ ਆਉਂਦਾ ਹੈ। ਅਤੇ ਕਲੀਸਿਯਾ ਉਨ੍ਹਾਂ ਹਨੇਰੇ ਦੇ ਯੁੱਗਾਂ ਵਿੱਚੋਂ ਧਰਮੀ ਠਹਿਰਨਾਂ, ਪਵਿੱਤਰ ਠਹਿਰਨਾ ਅਤੇ ਪਵਿੱਤਰ ਆਤਮਾ ਦੇ ਬਪਤਿਸਮੇ ਰਾਹੀਂ ਬਾਹਰ ਆਉਂਦੀ ਹੈ ; ਅਤੇ ਇਸ ਤਰ੍ਹਾਂ ਅੱਜ ਵਚਨ ਉਸ ਵਿੱਚ ਦੇਹਧਾਰੀ ਹੋਇਆ ਹੈ। ਅਤੇ ਉਹ ਮਸੀਹ ਵਿਰੋਧੀ ਹੇਠਾਂ ਜਾਂਦਾ ਰਹਿੰਦਾ ਹੈ। ਅਹ-ਹਹਹ। ਕੀ ਤੁਸੀਂ ਇਸਨੂੰ ਸਮਝ ਗਏ? ਉਹ ਥੱਲੇ ਨੂੰ ਜਾਂਦਾ ਹੈ। ਕਲੀਸਿਯਾ ਉੱਪਰ ਨੂੰ ਉੱਠਦੀ ਹੈ। ਸਮਝੇ? ਇਹ ਗੱਲ ਏਨੀ ਹੀ ਸਿੱਧ ਹੈ ਜਿੰਨੀ ਕਿ ਹੋ ਸੱਕਦੀ ਹੈ। ਔਹ, ਇਹ ਬਹੁਤ ਹੀ ਸ਼ਾਨਦਾਰ ਹੈ। ਮੈਂ ਇਹਨੂੰ ਬਹੁਤ ਪਸੰਦ ਕਰਦਾ ਹਾਂ।

264 ਇਹ ਸਵਾਰ ਉਹ ਹੀ ਹੈ ਪ੍ਰੰਤੂ ਇੱਥੇ ਉਹ ਆਪਣੀ ਸੇਵਾ ਦੀ ਕਿਸੇ ਹੋਰ ਹਾਲਤ ਵਿੱਚ ਹੈ।

265 ਆਪਣੀ ਪਹਿਲੀ ਹਾਲਤ ਵਿੱਚ ਉਹ ਚਿੱਟੇ ਘੋੜੇ ਤੇ ਸੀ, ਉਹ ਬਸ ਇੱਕ ਸਿਖਾਉਣ ਵਾਲਾ ਅਰਥਾਤ ਮਸੀਹ ਵਿਰੋਧੀ ਸਿਖਾਉਣ ਵਾਲੇ ਦੇ ਰੂਪ ਵਿੱਚ ਸੀ। ਉਹ ਖੁਦ ਦੇ ਵਚਨ ਦੇ ਵਿਰੁੱਧ ਸੀ।

266 ਹੁਣ ਤੁਸੀਂ ਕਿਸ ਤਰ੍ਹਾਂ ਮਸੀਹ ਵਿਰੋਧੀ ਹੋ ਸੱਕਦੇ ਹੋ? ਕੋਈ ਵੀ ਜਿਹੜਾ ਇਸ ਗੱਲ ਦਾ ਇਨਕਾਰ ਕਰਦਾ ਹੈ ਕਿ ਬਾਈਬਲ ਦਾ ਹਰੇਕ ਸ਼ਬਦ ਸੱਚਾ ਨਹੀਂ ਹੈ ਅਤੇ ਇਹਨਾਂ ਹੀ ਗੱਲਾਂ ਨੂੰ ਸਿਖਾਉਂਦਾ ਹੈ ਉਹ ਮਸੀਹ ਵਿਰੋਧੀ ਹੈ ਕਿਉਂਕਿ ਉਹ ਵਚਨ ਦਾ ਇਨਕਾਰ ਕਰਦੇ ਹਨ। ਅਤੇ ਮਸੀਹ ਵਚਨ ਹੈ।

267 ਹੁਣ, ਪਹਿਲੀ ਹਾਲਤ ਵਿੱਚ ਉਹ ਚਿੱਟਾ ਘੋੜਾ ਹੈ, ਬਸ ਇੱਕ ਸਿੱਖਿਆ ਦੇਣ ਵਾਲਾ ਸੀ ਪ੍ਰੰਤੂ ਉਹ ਆਪਣੀ ਸਿੱਖਿਆ ਅਤੇ ਆਪਣੇ ਗੁਣਾਂ ਵਿੱਚ ਮਸੀਹ ਵਿਰੋਧੀ ਆਤਮਾ ਸੀ। ਉਹ ਮਸੂਮ ਸੀ। ਅਤੇ ਇਸ ਤਰ੍ਹਾਂ ਲੱਗਦਾ ਸੀ ਕਿ ਉਹ ਕਿਸੇ ਨੂੰ ਕੋਈ ਨੁਕਸਾਨ ਨਹੀਂ ਦੇ ਸੱਕਦਾ ਹੈ ਅਤੇ ਉਹ ਅਗਾਂਹ ਵੱਧਦਾ ਹੈ। ਬਿਲਕੁੱਲ ਇਸੇ ਢੰਗ ਦੇ ਨਾਲ ਹੀ ਸ਼ੈਤਾਨ ਅੰਦਰ ਆਉਂਦਾ ਹੈ। ਔਹ, ਉਹ ਤਾਂ ਬੜਾ ਚਤਰ ਪੰਛੀ ਹੈ।

268 ਉਸਨੇ ਹੱਵਾਹ ਨੂੰ ਕਿਹਾ ਸੀ, " ਕੀ ਤੂੰ ਜਾਣਦੀ ਹੈਂ ਕਿ ਤੂੰ ਗਿਆਨ ਲੱਭ ਰਹੀਂ ਹੈਂ। ਤੂੰ ਨਹੀਂ ਜਾਣਦੀ ਹੈਂ ਕਿ ਭਲਾ ਤੇ ਬੁਰਾ ਕੀ ਹੈ। " ਕਹਿਣ ਲੱਗਾ, " ਹੁਣ ਜੇ ਤੇਰੀਆਂ ਅੱਖਾਂ ਖੁੱਲ੍ਹ ਜਾਣ ਤਾਂ ਤੁਸੀਂ ਕੀ ਕੁਝ ਜਾਣ ਲਓਗੇ। " ਅਤੇ ਕਿਹਾ, " ਇਹ ਫਲ ਬਹੁਤ ਹੀ ਲੁਭਾਉਣਾ ਹੈ। ਇਹ ਚੰਗਾ ਹੈ। ਇਹ ਅੱਖਾਂ ਦੇ ਲਈ ਲੁਭਾਉਣਾ ਹੈ। "ਹੁਣ ਤੁਹਾਨੂੰ ਇਹ ਖਾ ਲੈਣਾ ਚਾਹੀਦਾ ਹੈ। ਤੂੰ ਨਹੀਂ ਜਾਣਦੀ ਕਿ ਇਹ ਇਸ ਤਰ੍ਹਾਂ ਦਾ ਹੈ ਜਾਂ ਨਹੀਂ, ਕੀ ਤੂੰ ਜਾਣਦੀ ਹੈਂ ?"

256 ਅਤੇ ਹੁਣ ਲੇਲਾ ਇੱਕ ਹੋਰ ਮੋਹਰ ਨੂੰ ਖੋਲ੍ਹਦਾ ਹੈ। ਅਤੇ ਉਨ੍ਹਾਂ ਜੰਤੂਆਂ ਵਿੱਚੋਂ ਇੱਕ ਜੋ ਮਨੁੱਖ ਵਰਗਾ ਹੈ ਕਹਿੰਦਾ ਹੈ, "ਆ ਅਤੇ ਵੇਖ। "ਹੁਣ ਉਹ ਉਤਾਂਹ ਆਉਂਦਾ ਹੈ ਤਾਂ ਕਿ ਵੇਖੇ ਭਈ ਇਹ ਕੀ ਹੈ। ਅਤੇ ਜਦ ਉਸਨੇ ਨਿਗਾਹ ਕੀਤੀ ਤਾਂ ਉਸਨੇ ਇੱਕ ਸਵਾਰ ਨੂੰ ਕਾਲੇ ਘੋੜੇ ਦੇ ਉੱਤੇ ਆਉਂਦੇ ਵੇਖਿਆ।

257 ਹੁਣ, ਕੱਲ ਰਾਤ ਅਸੀਂ ਵੇਖਿਆ ਸੀ ਕਿ ਜਿਹੜਾ ਸਵਾਰ ਚਿੱਟੇ ਘੋੜੇ ਤੇ ਸੀ ਉਹ ਹੀ ਘੋੜਸਵਾਰ ਲਾਲ ਘੋੜੇ ਤੇ ਸਵਾਰ ਸੀ।

258 ਅਤੇ ਤੁਸੀਂ ਵੇਖਦੇ ਹੋ ਕਿ ਉਨ੍ਹਾਂ ਜੰਤੂਆਂ ਦੇ ਵਿੱਚੋਂ ਇੱਕ ਅਵਾਜ਼ ਨੇ ਕਿਹਾ। ਉਹ ਉਨ੍ਹਾਂ ਜੰਤੂਆਂ ਵਿੱਚੋਂ ਸੀ ਅਤੇ ਜਦ ਉਹ ਇਹ ਵੇਖਣ ਲਈ ਆਇਆ ਕਿ ਇਹ ਕੀ ਸੀ ਤਾਂ ਉਸਨੇ ਇਸ ਕਾਲੇ ਘੋੜੇ ਨੂੰ ਵੇਖਿਆ।

*ਅਤੇ ਮੈਂ ਉਹਨਾਂ ਚੌਹਾਂ ਜੰਤੂਆਂ ਦੇ ਵਿਚਕਾਰ ਇੱਕ ਅਵਾਜ਼ ਇਹ ਆਖਦੇ ਸੁਣੀ ਭਈ ਕਣਕ ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ ਅਤੇ ਤੇਲ ਅਤੇ ਮੈ ਦਾ ਵਿਗਾੜ ਨਾ ਕਰੀਂ।* (ਵੇਖਿਆ?)

259 ਆਓ ਅਸੀਂ ਇਸ ਘੋੜ ਸਵਾਰ ਤੇ ਵਿਚਾਰ ਕਰੀਏ। ਜੇ ਤੁਸੀਂ ਧਿਆਨ ਦਿੱਤਾ ਹੈ ਕਿ ਪਹਿਲਾ ਘੋੜ ਸਵਾਰ ਕੌਣ ਸੀ। ਅਤੇ ਕੱਲ ਰਾਤ ਅਸਾਂ ਵਚਨ ਅਨੁਸਾਰ ਲੱਭਿਆ ਸੀ ਕਿ ਦੂਸਰਾ ਸਵਾਰ ਵੀ ਉਹ ਹੀ ਮਨੁੱਖ ਸੀ ਪ੍ਰੰਤੂ ਹੁਣ ਉਹ ਦੂਸਰੇ ਘੋੜੇ ਤੇ ਸਵਾਰ ਸੀ। ਕੀ ਹੁੰਦਾ ਹੈ? ਉਹ ਆਪਣੀ ਸੇਵਕਾਈ ਵਿੱਚ ਤਬਦੀਲੀ ਕਰਦਾ ਹੈ। ਸਮਝੇ?ਠੀਕ ਹੈ। ਅਸੀਂ ਪਤਾ ਲਗਾਇਆ ਕਿ ਉਹ ਤਾਂ ਮਸੀਹ ਵਿਰੋਧੀ ਹੈ ਅਤੇ ਉਸਨੇ ਆਪਣਾ ਸਥਾਨ ਬਦਲ ਲਿਆ ਸੀ।

260 ਅਸੀਂ ਵੇਖਿਆ ਕਿ ਜਦ ਉਹ ਪਹਿਲਾਂ ਸਿਰਫ ਚਿੱਟਾ ਘੋੜਾ ਹੀ ਸੀ ਉਹ ਇੱਕ ਸਿੱਖਿਆ ਬਣ ਗਿਆ। ਹੁਣ ਅਸੀਂ ਇਨ੍ਹਾਂ ਸੱਭ ਦੇ ਬਾਰੇ ਵਚਨ ਵਿੱਚ ਵੇਖ ਚੁੱਕੇ ਹਾਂ। ਸਮਝੇ?

261 ਹੁਣ ਅੱਜ ਰਾਤ ਵੇਖੋ ਕਿ ਅਸੀਂ ਕਿੱਥੇ ਹਾਂ,ਦੂਸਰੇ ਕਲੀਸਿਯਾਈ ਯੁੱਗ ਨੂੰ ਵੇਖੋ। ਸਮਝੇ? ਹੁਣ ਅਸੀਂ ਤੀਸਰੇ ਕਲੀਸਿਯਾਈ ਯੁੱਗ ਤੇ ਆ ਰਹੇ ਹਾਂ। ਸਮਝੇ? ਤੀਸਰਾ ਕਲੀਸਿਯਾ ਦਾ ਯੁੱਗ ਬਿਲਕੁੱਲ ਤੀਸਰੇ ਘੋੜੇ ਵਾਂਗ ਹੀ ਹੈ। ਸਮਝੇ?

262 ਹੁਣ ਪਹਿਲਾ ਕਲੀਸਿਯਾਈ ਯੁੱਗ, ਇਹ ਕੀ ਸੀ? ਸੱਭ ਤੋਂ ਪਹਿਲੇ ਕਲੀਸਿਯਾ ਦੇ ਯੁੱਗ ਨੂੰ ਵੇਖੋ ਉਹ ਨਿਕੁਲਾਈਆਂ ਦੀ ਸਿੱਖਿਆ ਸੀ। ਇਹ ਸਹੀ ਗੱਲ ਹੈ। ਅਤੇ ਇਸ ਤੋਂ ਬਾਦ ਜਿਹੜੀ ਪਹਿਲੀ ਗੱਲ ਹੋਈ ਉਹ ਅਸੀਂ ਜਾਣਦੇ ਹਾਂ ਕਿ ਇਹ ਨਿਕੁਲਾਈਆਂ ਦੀ ਸਿੱਖਿਆ, ਇਹਨੂੰ ਮਨਜ਼ੂਰੀ ਦੇ ਦਿੱਤੀ ਗਈ ਅਤੇ ਇਹ ਕਾਰਵਾਈ ਵਿੱਚ ਆ ਗਈ। ਅਤੇ ਉਨ੍ਹਾਂ ਨੇ ਇਸ ਸਵਾਰ ਨੂੰ ਮੁਕਟ ਪਾ ਦਿੱਤਾ। ਫਿਰ ਇਹ ਆਤਮਾ, ਮਸੀਹ ਵਿਰੋਧੀ ਇੱਕ ਆਦਮੀ ਵਿੱਚ ਦੇਹਧਾਰੀ ਹੋ ਗਿਆ। ਸਮਝੇ? ਅਤੇ ਅਸੀਂ ਵੇਖਿਆ ਕਿ ਬਾਦ ਵਿੱਚ ਉਹ ਦੇਹਧਾਰੀ ਸ਼ੈਤਾਨ ਵੀ ਬਣ ਗਿਆ ; ਬਦਰੂਹ ਚਲੀ ਜਾਂਦੀ ਹੈ ਅਤੇ ਸ਼ੈਤਾਨ ਅੰਦਰ ਆ ਜਾਂਦਾ ਹੈ।

263 ਅਤੇ ਜਿਸ਼ ਤਰ੍ਹਾਂ ਇਹ ਮਸੀਹ ਵਿਰੋਧੀ ਕਲੀਸਿਯਾ ਅਗਾਂਹ ਵੱਧਦੀ ਹੈ ;ਉਸੇ ਤਰ੍ਹਾਂ ਹੀ ਦੁਲਹਨ ਵੀ ਹੋਰਨਾਂ ਵੱਖਰੀਆਂ ਚੀਜ਼ਾਂ ਦੇ ਨਾਲ ਆਉਂਦੀ ਹੈ :ਅਤੇ ਧਰਮੀ ਠਰਿਰਨ, ਪਵਿੱਤਰ



ਕਰਨ ਦਿਓ, ਤੁਸੀਂ ਸਿਰਫ ਵਚਨ ਨਾਲ ਟਿਕੇ ਰਹੋ। ਤੁਸੀਂ ਉਸ ਤੋਂ ਜਰਾ ਜਿੰਨਾ ਵੀ ਪਰ੍ਹੇ ਨਾ ਹਟੋ।

ਜੇ ਸ਼ੈਤਾਨ ਕਹਿੰਦਾ ਹੈ, "ਕਿਉਂ, ਤੁਸੀਂ ਤਾਂ ਬਿਮਾਰ ਹੋ। "

" ਉਸਦੇ ਕੋੜੇ ਖਾਣ ਨਾਲ ਮੈਂ ਚੰਗਾ ਹੋ ਗਿਆ ਹਾਂ। "

" ਚੰਗਾ, ਤੂੰ ਤਾਂ ਮਰਨ ਵਾਲਾ ਹੈਂ। "

" ਉਹ ਮੈਨੂੰ ਫਿਰ ਦੁਬਾਰਾ ਉਠਾ ਖੜਾ ਕਰੇਗਾ। ਉਸਨੇ ਇਹਦਾ ਵਾਇਦਾ ਕੀਤਾ ਹੈ। "

91 ਵੇਖੋ ਤੁਸੀਂ ਬਸ ਵਚਨ ਦੇ ਪਿੱਛੇ ਹੀ ਰਹੋ। ਬਸ ਇੰਨਾ ਹੀ ਹੈ। ਖੁਦਾ ਮਸੀਹ ਨੇ ਵੀ ਆਪਣੇ ਲਈ ਵਚਨ ਦਾ ਹੀ ਸਹਾਰਾ ਲਿਆ ਸੀ। "ਇਹ ਲਿਖਿਆ ਹੋਇਆ ਹੈ। " ਸਮਝੇ? ਹੁਣ ਤੁਸੀਂ ਬਸ ਵਚਨ ਦੀ ਹੀ ਪਨਾਹ ਲਓ।

92 ਪ੍ਰੰਤੂ ਜਦੋਂ ਹੱਵਾਹ ਨੇ ਇੱਕ ਕਿਸਮ ਦੇ ਨਾਲ ਢਿੱਲ ਵਰਤਣੀ ਸ਼ੁਰੂ ਕਰ ਦਿੱਤੀ, ਪਰ ਉਹਨੇ ਇਹਨੂੰ ਪੂਰੀ ਤਰ੍ਹਾਂ ਨਾਲ ਨਹੀਂ ਛੱਡਿਆ ਸੀ। ਉਸਨੇ ਤਾਂ ਕੇਵਲ ਇੱਕ ਛੋਟੀ ਜਿਹੀ ਗੱਲ ਨੂੰ ਹੀ ਛੱਡਿਆ ਸੀ। ਅਤੇ ਇਹੋ ਹੀ ਸ਼ੈਤਾਨ ਚਾਹੁੰਦਾ ਸੀ ਕਿ ਉਹ ਕਰੇ। ਉਹਨੇ ਤਰਕ ਕਰਨ ਦੇ ਰਾਹੀਂ ਹੱਵਾਹ ਨੂੰ ਪਰਮੇਸ਼ੁਰ ਦੇ ਵਾਇਦੇ ਤੋਂ ਪਿੱਛੇ ਹਟਾ ਦਿੱਤਾ।

ਪ੍ਰਮੇਸ਼ੁਰ ਦੇ ਵਚਨ ਤੇ ਕਦੇ ਵੀ ਤਰਕ ਕਰਨ ਦੀ ਕੋਸ਼ਿਸ਼ ਨਾ ਕਰੋ। ਇਸ ਤੇ ਬਸ ਨਿਹਚਾ ਕਰੋ !ਸਮਝੇ?

93 ਇਸ ਲਈ ਉਹ ਵਚਨ ਤੋਂ ਲਾਂਭੇ ਹੋ ਗਈ। ਅਤੇ ਇਸ ਤੋਂ ਪਹਿਲਾਂ ਕਿ ਆਦਮ ਹੱਵਾਹ ਦੇ ਕੋਲ ਜਾਂਦਾ ਅਤੇ ਉਹਨੂੰ ਆਪਣੀ ਪਤਨੀ ਬਣਾਉਂਦਾ ਉਹ ਪਹਿਲਾਂ ਹੀ ਸ਼ੈਤਾਨ ਦੇ ਦੁਆਰਾ ਭ੍ਰਿਸ਼ਟ ਕੀਤੀ ਜਾ ਚੁੱਕੀ ਸੀ। ਅਤੇ ਉਹ ........

94 ਅਤੇ ਕੀ ਤੁਸੀਂ ਧਿਆਨ ਦਿੱਤਾ? ਠੀਕ ਇਸੇ ਤਰ੍ਹਾਂ ਹੀ ਮਸੀਹ ਨੇ ਵੀ ਕੀਤਾ। ਛੁਟਕਾਰਾ ਦੇਣ ਲਈ ਪਰਮੇਸ਼ੁਰ ਦਾ ਉੱਥੇ ਪਹਿਲਾਂ ਹੋਣਾ ਜਰੂਰੀ ਸੀ। ਕੀ ਤੁਸੀਂ ਮਰਿਯਮ ਤੇ ਧਿਆਨ ਦਿੱਤਾ? ਇਸ ਤੋਂ ਪਹਿਲਾਂ ਕਿ ਉਹ ਯੂਸਫ ਦੇ ਕੋਲ ਜਾਂਦੀ ਪਵਿੱਤਰ ਆਤਮਾ ਪਹਿਲਾਂ ਹੀ ਉੱਥੇ ਜਾ ਚੁੱਕਾ ਸੀ। ਆਮੀਨ। ਸਮਝੇ? ਇਹ ਹੈ ਜਿੱਥੇ ਛੁਟਕਾਰਾ ਦੇਣ ਵਾਲਾ ਆਉਂਦਾ ਹੈ।

95 ਹੁਣ, ਹੁਣ ਧਿਆਨ ਦਿਓ ਸੁਭਾਵਕ ਤੀਵੀਂ ਡਿੱਗ ਗਈ ਸੀ ਅਤੇ ਪਰਮੇਸ਼ੁਰ ਨੇ ਉਸਨੂੰ ਛੁਟਕਾਰਾ ਦੇਣ ਲਈ ਇੱਕ ਰਾਹ ਬਣਾਇਆ। ਜਦ ਕਿ ਉਹ ਡਿੱਗ ਚੁੱਕੀ ਸੀ ਪ੍ਰੰਤੂ ਖੁਦਾ ਨੇ ਉਸਦੇ ਛੁਟਕਾਰੇ ਲਈ ਇੱਕ ਰਾਹ ਬਣਾਇਆ।

96 ਹੁਣ, ਇਹ ਧਰਤੀ ਤੇ ਪਹਿਲੀ ਦੁਲਹਨ ਸੀ ਜੋ ਇਸ ਤੋਂ ਪਹਿਲਾਂ ਕਿ ਉਸਦਾ ਪਤੀ ਉਹਦੇ ਕੋਲ ਜਾਂਦਾ ਅਤੇ ਉਹਦਾ ਆਪਣੇ ਪਤੀ ਨਾਲ ਵਿਆਹ ਹੁੰਦਾ ਉਹ ਡਿੱਗ ਗਈ ਸੀ। ਇਸਦੇ ਬਜਾਏ ਕਿ ਉਹ ਵਚਨ ਤੇ ਟਿਕੀ ਰਹਿੰਦੀ ਉਹ ਵਚਨ ਤੇ ਤਰਕ ਕਾਰਨ ਡਿੱਗ ਗਈ। ਉਹ ਮੌਤ ਤੱਕ ਸਦੀਪਕ ਜੁਦਾਈ ਤੱਕ ਡਿੱਗ ਗਈ। ਅਤੇ ਜਦ ਉਹ ਡਿਗੀ ਤਾਂ ਉਹਨੇ ਆਪਣੇ ਪਤੀ ਅਤੇ ਧਰਤੀ ਉੱਤੇ ਜੋ ਕੁਝ ਵੀ ਹੈ ਉਸ ਸੱਭ ਨੂੰ ਡੇਗ ਦਿੱਤਾ। ਉਹ ਗਿਰ ਗਈ ਸੀ !

97 ਹੁਣ, ਪ੍ਰੰਤੂ ਖੁਦਾ ਨੇ ਜੋ ਕਿ ਕਿਰਪਾ ਨਾਲ ਭਰਿਆ ਹੋਇਆ ਹੈ ਉਸ ਤੀਵੀਂ ਨੂੰ ਛਡਾਉਣ ਲਈ ਇੱਕ ਰਾਹ ਬਣਾਇਆ। ਅਤੇ ਖੁਦਾ ਨੇ ਉਸਦੇ ਨਾਲ ਵਾਇਦਾ ਕੀਤਾ, ਉਸਨੂੰ ਦੱਸਿਆ ਕਿ ਭਵਿੱਖ ਵਿੱਚ ਇੱਕ ਦਿਨ ਉਸਦੇ ਕੋਲ ਫਿਰ ਸੱਚਾ ਵਚਨ ਆਵੇਗਾ। ਉਸ ਤੇ ਸੱਚਾ ਵਚਨ ਪ੍ਰਗਟ ਕੀਤਾ ਕੀਤਾ ਜਾਵੇਗਾ। ਹੁਣ ਤੁਸੀਂ ਇਸਨੂੰ ਯਾਦ ਰੱਖਿਓ। ਉਸਨੇ ਮਸੀਹ ਦੇ ਆਉਣ ਦਾ ਔਰਤ ਦੇ ਰਾਹੀਂ ਵਾਇਦਾ ਕੀਤਾ।

98 ਅਤੇ ਮਸੀਹ ਵਚਨ ਹੈ। ਸੰਤ ਯੂਹੰਨਾ 1, ਆਦ ਵਿੱਚ ਵਚਨ ਸੀ, ਅਤੇ ਵਚਨ ਪਰਮੇਸ਼ੁਰ ਦੇ ਨਾਲ ਸੀ ਅਤੇ ਵਚਨ ਖੁਦਾ ਸੀ। ਅਤੇ ਵਚਨ ਦੇਹਧਾਰੀ ਹੋਇਆ ਅਤੇ ਸਾਡੇ ਵਿੱਚ ਡੇਰਾ ਕੀਤਾ। " ਖੁਦਾ ਸਾਡੇ ਵਿੱਚ ਦੇਹਧਾਰ ਕੇ ਆਇਆ। ਉਹ ਵਚਨ ਸੀ।

99 ਪਹਿਲਾਂ ਇਹ ਵਚਨ ਇਹ ਇੱਕ ਵਿਚਾਰ ਹੁੰਦਾ ਹੈ। ਅਤੇ ਵਿਚਾਰ ਦੀ ਉਤਪਤੀ ਹੋਣੀ ਹੁੰਦੀ ਹੈ। ਇਹ ਠੀਕ ਹੈ। ਇਸ ਲਈ ਖੁਦਾ ਨੇ ਆਪਣੇ ਵਿਚਾਰਾਂ ਨੂੰ ਜਦੋਂ ਵਚਨ ਦੇ ਰਾਹੀਂ ਬੋਲਿਆ ਤਾਂ ਉਹ ਇੱਕ ਸ੍ਰਿਸ਼ਟੀ ਬਣ ਗਏ। ਉਹ ਤੁਹਾਡੇ ਅੱਗੇ ਇਸਨੂੰ ਇੱਕ ਵਿਚਾਰ ਦੇ ਰੂਪ ਵਿੱਚ ਪੇਸ਼ ਕਰਦਾ ਹੈ, ਅਤੇ ਇਸਨੂੰ ਤੁਹਾਡੇ ਉੱਤੇ ਪ੍ਰਗਟ ਕੀਤਾ ਜਾਂਦਾ ਹੈ। ਅਤੇ ਇਹ ਤਦ ਤੱਕ ਇੱਕ ਵਿਚਾਰ ਹੀ ਰਹਿੰਦਾ ਹੈ ਜਦ ਤੱਕ ਕਿ *ਤੁਸੀਂ* ਇਸਨੂੰ ਨਾ ਬੋਲੋ। ਇਹੋ ਹੀ ਕਾਰਨ ਹੈ ਕਿ ......

100 ਜਦੋਂ ਮੂਸਾ ਦੁਆ ਕਰਨ ਬਾਹਰ ਗਿਆ। ਅਤੇ ਮੂਸਾ ਦੇ ਦੁਆਲੇ ਅੱਗ ਦਾ ਖੰਭਾ ਸੀ, ਅਤੇ ਉਸਨੇ ਮੂਸਾ ਨੂੰ ਕਿਹਾ, " ਤੂੰ ਆਪਣੀ ਲਾਠੀ ਨੂੰ ਪੂਰਬ ਵੱਲ ਚੁੱਕ, ਅਤੇ ਮੱਖੀਆਂ ਨੂੰ ਬੁਲਾ। "

101 ਉੱਥੇ ਮੱਖੀਆਂ ਨਹੀਂ ਸਨ। ਪਰ ਉਹ ਗਿਆ ਅਤੇ ਉਸਨੇ ਆਪਣੀ ਲਾਠੀ ਚੁੱਕੀ ਅਤੇ ਆਖਿਆ, " ਮੱਖੀਆਂ ਆ ਜਾਣ। " ਹਾਲੇ ਵੀ ਮੱਖੀਆਂ ਬਿਲਕੁੱਲ ਨਹੀਂ ਸਨ। ਅਤੇ ਉਹ ਵਾਪਿਸ ਚਲਾ ਗਿਆ। ਪਰ ਪ੍ਰਮੇਸ਼ੁਰ ਦੇ ਵਿਚਾਰ, ਵਚਨ ਪਹਿਲਾਂ ਬੋਲਿਆ ਜਾ ਚੁੱਕਾ ਸੀ। ਇਹ ਵਚਨ ਹੈ ਇਸਨੇ ਤਾਂ ਪੂਰਾ ਹੋਣਾ ਹੀ ਹੈ।

102 ਹੁਣ ਕੀ ਤੁਸੀਂ ਨਹੀਂ ਵੇਖਦੇ ਹੋ ਜਿੱਥੇ ਯਿਸੂ ਨੇ ਕਿਹਾ ਸੀ ? " ਜੇ ਤੁਸੀਂ ਇਸ ਪਹਾੜ ਨੂੰ ਕਹੋ, ਉਹਨੇ ਇਹ ਨਹੀਂ ਆਖਿਆ ਸੀ ਕਿ ਜੇ ਮੈਂ ਇਸ ਪਹਾੜ ਨੂੰ ਕਹਾਂ ਪ੍ਰੰਤੂ ਉਹਨੇ ਤਾਂ ਇਹ ਆਖਿਆ ਸੀ ਕਿ ਜੇ *ਤੁਸੀਂ* ਇਸ ਪਹਾੜ ਨੂੰ ਕਹੋ ਕਿ "ਹਟ ਜਾ। "

103 ਮੈਂ ਸੋਚਦਾ ਹਾਂ ਕਿ ਮੂਸਾ ਦੇ ਸਮੇਂ ਵਿੱਚ ਜਿਹੜੀ ਪਹਿਲੀ ਗੱਲ ਹੋਈ ਉਸ ਵੱਡੀ ਹਰੇ ਰੰਗ ਦੀ ਮੱਖੀ ਨੇ ਭਿਣ ਭਿਣਾਉਣਾ ਸ਼ੁਰੂ ਕੀਤਾ ਹੋਵੇਗਾ। ਅਤੇ ਥੋੜੀ ਦੇਰ ਬਾਦ ਹੀ ਉਹ ਇੱਕ ਗਜ਼ ਵਿੱਚ ਪੰਜ ਸੌ ਪੌਂਡ ਦੀ ਦਰ ਦੇ ਨਾਲ ਭਰ ਗਈਆਂ। ਵੇਖਿਆ?ਉਹ ਕਿੱਥੋਂ ਆਈਆਂ ਸਨ ?ਪ੍ਰਮੇਸ਼ੁਰ ਨੇ ਉਨ੍ਹਾਂ ਦੀ ਰਚਨਾ ਕੀਤੀ ਸੀ। ਕੀ ਤੁਸੀਂ ਨਹੀਂ ਵੇਖਦੇ ਹੋ ਕਿ ਕਿਸ ਤਰ੍ਹਾਂ ......

104 ਜੇ ਪ੍ਰਮੇਸ਼ੁਰ ਚਾਹੇ ਤਾਂ ਉਹ ਅੱਜ ਰਾਤ ਟਿੱਡੀਆਂ ਨਾਲ ਇਸ ਸੰਸਾਰ ਨੂੰ ਖਤਮ ਕਰ ਸੱਕਦਾ ਹੈ। ਅੱਛਾ, ਉਹ ਚੰਦ ਤੱਕ ਟਿੱਡੀਆਂ ਦਾ ਢੇਰ ਲਾ ਸੱਕਦਾ ਹੈ। ਉਹਨੂੰ ਤਾਂ ਬਸ ਇੱਕ ਵਾਰ ਇਹ ਕਹਿਣ ਦੀ ਹੀ ਲੋੜ ਹੈ ਕਿ "ਚੰਦ ਤੱਕ ਟਿੱਡੀਆਂ ਹੋ ਜਾਣ। " ਇੰਨਾ ਕਹਿਣਾ ਹੀ ਕਾਫੀ ਹੋਵੇਗਾ। ਕਿਸੇ ਵੀ ਰਸਾਇਣ ਪਦਾਰਥ ਤੋਂ ਬਿਨਾਂ ਉਹ ਵੱਧਦੀਆਂ ਹੀ ਜਾਣਗੀਆਂ, ਵੱਧਦੀਆਂ ਜਾਣਗੀਆਂ, ਵੱਧਦੀਆਂ ਹੀ ਜਾਣਗੀਆਂ। ਸਮਝੇ?

250 ਹੁਣ, ਲੇਲੇ ਦੇ ਹੱਥ ਵਿੱਚ ਪੋਥੀ ਹੈ ਅਤੇ ਉਹ ਮੋਹਰਾਂ ਨੂੰ ਤੋੜ ਰਿਹਾ ਹੈ। ਉਹ ਪਹਿਲੀ ਮੋਹਰ ਤੋੜਦਾ ਹੈ। ਉਹ ਪਹਿਲੀ ਮੋਹਰ ਤੋੜਦਾ ਹੈ, ਉਹ ਦੂਸਰੀ ਮੋਹਰ ਤੋੜਦਾ ਹੈ, ਅਤੇ ਹੁਣ ਉਹ ਤੀਸਰੀ ਮੋਹਰ ਤੋੜਦਾ ਹੈ। ਅਤੇ ਜਿਉਂ ਹੀ ਉਹ ਇਸਨੂੰ ਤੋੜਦਾ ਹੈ ਜਿਵੇਂ ਹੀ ਉਹ ਇਸ ਤੀਜੀ ਮੋਹਰ ਨੂੰ ਤੋੜਦਾ, ਤੀਸਰਾ ਜੰਤੂ ........

251 ਹੁਣ ਕਿੰਨੇ ਜਣੇ ਜਾਣਦੇ ਹਨ ਕਿ ਤੀਸਰਾ ਜੰਤੂ ਕਿਸ ਤਰ੍ਹਾਂ ਦਾ ਲੱਗਦਾ ਹੈ?ਉਹ ਮਨੁੱਖ ਵਰਗਾ ਵਿਖਾਈ ਦਿੰਦਾ ਹੈ। ਪਹਿਲਾ ਜੰਤੂ ਬਬਰ ਸ਼ੇਰ ਵਰਗਾ ;ਦੂਸਰਾ ਜੰਤੂ ਬਲਦ ਜਾਂ ਵਹਿੜਕੇ ਵਰਗਾ ; ਅਤੇ ਤੀਸਰਾ ਜੰਤੂ ਮਨੁੱਖ ਵਰਗਾ ਵਿਖਾਈ ਦਿੰਦਾ ਹੈ, ਆਦਮੀ ਵਰਗਾ। ਅਤੇ ਯੂਹੰਨਾ ਨੇ ਇੱਕ ਜੀਉਂਦੇ ਪ੍ਰਾਣੀ ਅਥਵਾ ਜੰਤੂ ਦੀ ਅਵਾਜ਼ ਸੁਣੀ। ਅਤੇ ਜੀਉਂਦੇ ਪ੍ਰਾਣੀ ਨੇ ਜਿਹੜਾ ਮਨੁੱਖ ਵਰਗਾ ਸੀ ਯੂਹੰਨਾ ਨੂੰ ਕਿਹਾ, " ਆ ਅਤੇ ਵੇਖ ਕਿ ਇਹ ਕੀ ਹੈ, ਇਹ ਭੇਤ ਜਿਹੜਾ ਛੁਪਿਆ ਹੋਇਆ ਹੈ। " ਜਗਤ ਦੇ ਉਤਪਤ ਹੋਣ ਤੋਂ ਲੈ ਕੇ ਸਾਰੇ ਸਮਿਆਂ ਵਿੱਚ ਇਹ ਇਸ ਮੋਹਰ ਦੇ ਥੱਲੇ ਲੁਕਿਆ ਰਿਹਾ ਹੈ ਕਿ ਕੀ ਹੋਣ ਵਾਲਾ ਹੈ। ਹੁਣ, "ਆ ਅਤੇ ਵੇਖ ਕਿ ਇਹ ਕੀ ਹੈ। "

252 ਅਤੇ ਉਹ ਇਸਨੂੰ ਖੋਲ੍ਹਦਾ ਹੈ। ਇੱਕ ਗਰਜ਼ ਧਮਾਕਾ ਕਰਦੀ ਹੈ ਅਤੇ ਲੇਲਾ ਮੋਹਰਾਂ ਨੂੰ ਖੋਲ੍ਹਦਾ ਹੈ।

253 ਹੁਣ, ਯੂਹੰਨਾ ਉੱਪਰ ਜਾਂਦਾ ਹੈ ਤਾਂ ਕਿ ਵੇਖੇ ਕਿ ਇਹ ਕੀ ਹੈ। ਅਤੇ ਉਸਨੇ ਕੀ ਵੇਖਿਆ ਸੀ? ਉਸਨੇ ਇੱਕ ਮੁਸ਼ਕੀ (ਕਾਲਾ)ਘੋੜਾ ਵੇਖਿਆ ਸੀ। ਅਤੇ ਉਸਦੇ ਸਵਾਰ ਦੇ ਹੱਥ ਵਿੱਚ ਤੱਕੜੀ ਜਾਂ ਮਾਪ ਸੀ। ਹੁਣ, ਇਹ ਪਹਿਲੀ ਚੀਜ਼ ਸੀ ਜੋ ਉਹਨੇ ਵੇਖੀ ਸੀ। ਜਦ ਲੇਲੇ ਨੇ ਇਸਦਾ ਐਲਾਨ ਕੀਤਾ, ਮੋਹਰ ਨੂੰ ਤੋੜਿਆ ਜਦ ਦੂਜਾ ਜੰਤੂ ......ਵੇਖੋ, ਉਹ ਜੰਤੂ ਇੱਕ-ਇੱਕ ਕਰਕੇ ਆਉਂਦੇ ਹਨ, ਅਤੇ ਕਹਿੰਦੇ ਹਨ, "ਆ ਅਤੇ ਵੇਖ। " ਅਤੇ ਯੂਹੰਨਾ ਜਿੱਥੇ ਖੜਾ ਸੀ, ਹੋ ਸੱਕਦਾ ਹੈ ਕਿ ਉੱਥੇ ਉਹ*ਇਸ* ਤਰ੍ਹਾਂ ਖੜਾ ਹੋਵੇ, ਅਤੇ ਜਦ ਲੇਲੇ ਨੇ ਉਸ ਮੋਹਰ ਨੂੰ ਖੋਲ੍ਹਿਆ ਤਾਂ ਉਹ ਉੱਥੇ ਚਲ ਕੇ ਗਿਆ। ਆਮ ਤੌਰ ਤੇ .......

254 ਜਿਵੇਂ ਕਿ ਅਸਾਂ ਪਹਿਲੀ ਮੋਹਰ ਵਿੱਚ ਵੇਖਿਆ ਸੀ ਗਰਜ ਹੁੰਦੀ ਹੈ। ਅਤੇ ਯੂਹੰਨਾ ਇਹ ਦੇਖਣ ਲਈ ਨਿਗਾਹ ਕਰਦਾ ਹੈ ਕਿ ਕੀ ਹੁੰਦਾ ਹੈ। ਅਤੇ ਉਹ ਸੱਭ ਤੋਂ ਪਹਿਲਾਂ ਇੱਕ ਮਨੁੱਖ ਨੂੰ ਵੇਖਦਾ ਹੈ ਜੋ ਚਿੱਟੇ ਘੋੜੇ ਤੇ ਸਵਾਰ ਹੈ। ਉਹ ਉਸਨੂੰ ਘੋੜ ਸਵਾਰੀ ਕਰਦੇ ਹੋਏ ਤੱਕਦਾ ਹੈ। ਅਤੇ ਯੂਹੰਨਾ ਉਸਨੂੰ ਉੱਥੋਂ ਲੈ ਕੇ ਅੰਤ ਤੱਕ ਵੇਖਦਾ ਹੈ। ਉਹ ਉਸਨੂੰ ਇੱਕ ਚਿੱਟੇ ਘੋੜੇ ਉੱਤੇ ਸਵਾਰ ਹੋ ਕੇ ਆਉਂਦੇ ਹੋਏ ਵੇਖਦਾ ਹੈ ਅਤੇ ਉਸ ਸਵਾਰ ਦੇ ਹੱਥ ਵਿੱਚ ਇੱਕ ਕਮਾਣ ਸੀ ਪਰ ਉਸਦੇ ਕੋਲ ਤੀਰ ਨਹੀਂ ਸਨ। ਅਤੇ ਅਗਲੀ ਚੀਜ ਜਿਹੜੀ ਉਸਨੇ ਵੇਖੀ ਉਹ ਇਹ ਸੀ ਕਿ ਉਸਨੂੰ ਇੱਕ ਤਾਜ ਮਿਲਦਾ ਹੈ ਅਤੇ ਉਹ ਅਗਾਂਹ ਵੱਧਦਾ ਚਲਾ ਜਾਂਦਾ ਹੈ।

255 ਇਸ ਤੋਂ ਬਾਦ ਅਸੀਂ ਵੇਖਿਆ ਕਿ ਲੇਲਾ ਉੱਥੇ ਫਿਰ ਆਉਂਦਾ ਹੈ ਅਤੇ ਉਹ ਦੂਸਰੀ ਮੋਹਰ ਨੂੰ ਖੋਲ੍ਹਦਾ ਹੈ। ਅਤੇ ਜਦ ਉਸਨੇ ਨਿਗਾਹ ਕੀਤੀ ਤਾਂ ਉਸਨੇ ਵੇਖਿਆ ਕਿ ਹੁਣ ਇੱਕ ਲਾਲ ਘੋੜਾ ਆਉਂਦਾ ਹੈ। ਅਤੇ ਇਸ ਘੋੜੇ ਦੇ ਸਵਾਰ ਦੇ ਹੱਥ ਵਿੱਚ ਇੱਕ ਤਲਵਾਰ ਸੀ। ਅਤੇ ਅਸੀਂ ਲਿਖਤਾਂ ਰਾਹੀਂ ਵੇਖਿਆ ਕਿ ਉਹ ਘੋੜੇ ਤੇ ਸਵਾਰ ਹੋ ਕੇ ਆਪਣੇ ਹੱਥ ਵਿੱਚ ਇਸ ਤਲਵਾਰ ਨੂੰ ਲੈ ਕੇ ਘਾਤ ਕਰਦਾ ਹੈ ਅਤੇ ਉਸਨੇ ਧਰਤੀ ਉੱਤੋਂ ਸ਼ਾਂਤੀ ਨੂੰ ਖਤਮ ਕਰਨਾ ਸੀ।

246 ਹੁਣ, ਇਹ ਕਹਿੰਦਾ ਹੈ ਕਿ ਇਹ ਇੰਜ ਕਰਨਗੇ। ਅਸੀਂ ਮੁੱਢਲੇ ਵਚਨ ਵੱਲ ਵਾਪਸ ਫਿਰਾਂਗੇ, ਅਤੇ ਜਿਸ ਤਰ੍ਹਾਂ ਅਸਲੀ ਨਿਹਚਾ ਦਾ ਮੁੜ ਦੁਬਾਰਾ ਪਹਿਲੀ ਹਾਲਤ ਵਿੱਚ ਆਉਣ ਦਾ ਵਾਇਦਾ ਕੀਤਾ ਹੈ, ਉਹ ਪ੍ਰਗਟ ਕੀਤਾ ਜਾਵੇਗਾ ਅਤੇ ਜੇ ਉਹ ਇਨ੍ਹਾਂ ਕੰਮਾਂ ਨੂੰ ਕਰਨ ਦੇ ਰਾਹੀਂ ਆਪਣੀ ਪਛਾਣ ਕਰਾ ਸੱਕਦਾ ਹੈ ਕਿ ਉਹ ਆਪਣੇ ਲੋਕਾਂ ਦੇ ਵਿਚਕਾਰ ਵੱਸਦਾ ਹੈ ਤਾਂ ਉਹ ਆਪਣੀ ਫੋਟੋ ਖਿਚਵਾਉਣ ਦੇ ਰਾਹੀਂ ਵੀ ਇਸਨੂੰ ਵਿਗਿਆਨਕ ਢੰਗ ਨਾਲ ਸੱਚਾ ਪ੍ਰਮਾਣਿਤ ਕਰ ਸੱਕਦਾ ਹੈ। ਅਤੇ ਫਿਰ ਵੀ ਉਹ ਇਸਦਾ ਵਿਸ਼ਵਾਸ਼ ਨਹੀਂ ਕਰਦੇ ਹਨ। ਅਤੇ ਕੈਮਰੇ ਦੀ ਮਸ਼ੀਨੀ ਅੱਖ ਨੂੰ ਉਸੇ ਅੱਗ ਦੀ ਤਸਵੀਰ ਲੈਣ ਦਿੱਤੀ ਹੈ ਤਾਂ ਕਿ ਸਾਬਤ ਕਰੇ ਕਿ ਉਹ ਕੱਲ ਅੱਜ ਅਤੇ ਯੁੱਗੋ-ਯੁੱਗ ਇੱਕੋ ਜਿਹਾ ਹੈ, ਇਬਰਾਨੀਆਂ 13:8 ਅਤੇ ਇਹ ਵਿਖਾਵੇ ਕਿ ਸਾਇੰਸ ਦੇ ਦੁਆਰਾ ਅਤੇ ਬਾਕੀ ਸਾਰੇ ਤਰ੍ਹਾਂ ਅਤੇ ਆਤਮਿਕ ਖੇਤਰ ਵਿੱਚ ਇਹ ਸੱਚਾ ਸਾਬਤ ਹੋਇਆ ਹੈ। ਸੱਭ ਤਰ੍ਹਾਂ ਜਿਸ ਤਰ੍ਹਾਂ ਇਹ ਸਾਬਤ ਹੋ ਸੱਕਦਾ ਸੀ ਇਸਨੂੰ ਸਾਬਤ ਕੀਤਾ ਗਿਆ ਹੈ।

247 ਅਤੇ ਤੁਸੀਂ ਜਾਣਦੇ ਹੋ ਕਿ ਉਹ ਉਹੀ ਕੰਮ ਕਰਨਗੇ। ਉਹ ਬਿਲਕੁੱਲ ਇਸ ਤੋਂ ਦੂਰ ਚਲੇ ਜਾਣਗੇ ਅਤੇ ਉਹ ਹੀ ਕੰਮ ਕਰਨਗੇ ਜਿਵੇਂ ਉਨ੍ਹਾਂ ਨੇ ਕੀਤੇ ਸਨ।

248 ਹੇ ਖੁਦਾ ਸਾਡੀ ਮੱਦਦ ਕਰ !ਔਹ!ਅਸੀਂ ਬਸ ਇੱਥੇ ਹੀ ਰੁਕ ਜਾਈਏ। ਪਰ ਮੈਂ ਦੁਆ ਕਰਦਾ ਹਾਂ ਕਿ ਪ੍ਰਮੇਸ਼ੁਰ ਸਾਡੀ ਮੱਦਦ ਕਰੇ ਕਿ ਹੁਣ ਜਦ ਅਸੀਂ ਇਸ ਤੇ ਆਉਂਦੇ ਹਾਂ ਤਾਂ ਤੂੰ ਇਸਨੂੰ ਵੇਖਣ ਵਿੱਚ ਸਾਡੀ ਸਹਾਇਤਾ ਕਰ। ਕਿਉਂਕਿ ਮੈਂ ਜਿਆਦਾ ਦੇਰ ਤੁਹਾਨੂੰ ਬਿਠਾਈ ਨਹੀਂ ਰੱਖਣਾ ਚਹੁੰਦਾ ਹਾਂ। ਮੈਂ ਨਿਹਚਾ ਕਰਦਾ ਹਾਂ ਕਿ ਇਸ ਸਮੇਂ ਆਤਮਾ ਸਾਡੇ ਉੱਤੇ ਹੈ ਅਤੇ ਉਹ ਇਸਨੂੰ ਖੋਲ੍ਹਣ, ਇਸ ਮੋਹਰ ਨੂੰ ਸਮਝਣ ਵਿੱਚ ਸਾਡੀ ਸਹਾਇਤਾ ਕਰੇ।

249 ਆਓ ਅਸੀਂ ਪੜ੍ਹੀਏ। ਜਿਵੇਂ ਕਿ ਅਸੀਂ ਕਲੀਸਿਯਾ ਦੀ ਹਾਲਤ ਵੇਖਦੇ ਹਾਂ ਕਿ ਉਹ ਕਿਹੜੀ ਹਾਲਤ ਵਿੱਚ ਹੈ, ਅਸੀਂ ਵੇਖਿਆ ਹੈ ਕਿ ਉਹ ਕਿੱਥੇ ਸੀ, ਉਨ੍ਹਾਂ ਨੇ ਕੀ ਕੀਤਾ ਸੀ ਅਤੇ ਅਸੀਂ ਵੇਖਿਆ ਕਿ ਉਸਨੇ ਕਿਸ ਹਾਲਤ ਵਿੱਚ ਆਉਣਾ ਹੈ ਅਤੇ ਉਸਨੂੰ ਉਸ ਹਾਲਤ ਵਿੱਚ ਵੇਖਿਆ ਅਤੇ ਵੇਖਿਆ ਕਿ ਉਨ੍ਹਾਂ ਨੇ ਕੀ ਕਰਨਾ ਹੈ ਅਤੇ ਉਨ੍ਹਾਂ ਨੇ ਬਿਲਕੁੱਲ ਉਹੀ ਕੀਤਾ ਹੈ। ਹੁਣ ਤੁਸੀਂ ਆਪ ਵੇਖੋ ਕਿ ਅਸੀਂ ਕਿੱਥੇ ਹਾਂ? ਹੁਣ ਤੁਸੀਂ ਹੀ ਇਸਦਾ ਫੈਸਲਾ ਕਰੋ। ਮੈਂ ਇਸਦਾ ਫੈਸਲਾ ਨਹੀਂ ਕਰ ਸੱਕਦਾ(ਨਿਆਂ) ਹਾਂ। ਮੈਂ ਤਾਂ ਬਸ ਇਸ ਵਚਨ ਨੂੰ ਲਿਆਉਣ ਦਾ ਜੁੰਮੇਵਾਰ ਹਾਂ। ਜਿਵੇਂ ਇਹ ਮੈਨੂੰ ਦਿੱਤਾ ਗਿਆ ਹੈ ਉਸੇ ਤਰ੍ਹਾਂ ਹੀ ਮੈਂ ਇਸਨੂੰ ਦੇ ਸੱਕਦਾ ਹਾਂ। ਜਦ ਤੱਕ ਇਹ ਮੈਨੂੰ ਨਹੀਂ ਦਿੱਤਾ ਜਾਂਦਾ ਮੈਂ ਇਸਨੂੰ ਨਹੀਂ ਦੇ ਸੱਕਦਾ ਹਾਂ, ਹੋਰ ਕੋਈ ਵੀ ਇਸ ਤਰ੍ਹਾਂ ਨਹੀਂ ਕਰ ਸੱਕਦਾ ਹੈ।

*ਜਾਂ ਉਹਨੇ ਤੀਜੀ ਮੋਹਰ ਤੋੜੀ ਤਾਂ ਮੈਂ ਤੀਜੇ ਜੰਤੂ ਨੂੰ ਇਹ ਆਖਦੇ ਸੁਣਿਆ ਭਈ ਆ ਜਾਹ। ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਮੁਸ਼ਕੀ ਘੋੜਾ ਹੈ ਅਤੇ ਉਹਦੇ ਸਵਾਰ ਨੇ ਆਪਣੇ ਹੱਥ ਵਿੱਚ ਤੱਕੜੀ ਫੜੀ ਹੋਈ ਹੈ।*

*ਅਤੇ ਮੈਂ ਉਹਨਾਂ ਚੌਹਾਂ ਜੰਤੂਆਂ ਦੇ ਵਿਚਕਾਰ ਇੱਕ ਅਵਾਜ਼ ਇਹ ਆਖਦੇ ਸੁਣੀ ਭਈ ਕਣਕ ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ ਅਤੇ ਤੇਲ ਅਤੇ ਮੈ ....ਦਾ ਵਿਗਾੜ ਨਾ ਕਰੀਂ।*



105 ਪਰਮੇਸ਼ੁਰ ਜੋ ਕਰਨਾ ਚਾਹੇ ਉਹ ਕਰ ਸੱਕਦਾ ਹੈ। ਉਹ ਪਰਮੇਸ਼ੁਰ ਹੈ, ਉਹ ਤਾਂ ਰਚਨਹਾਰਾ ਹੈ। ਉਸਨੇ ਤਾਂ ਬਸ ਬੋਲਣਾ ਹੀ ਹੈ। [ਭਾਈ ਬ੍ਰਾਨਹਾਮ ਇੱਕ ਵਾਰ ਚੁਟਕੀ ਵਜਾਉਂਦੇ ਹਨ-ਸੰਪਾ] ਇਹ ਠੀਕ ਗੱਲ ਹੈ। ਉਹ ਸਿਰਜਣਹਾਰਾ ਹੈ। ਹੁਣ, ਜੇ ਅਸੀਂ ਸਿਰਫ ਇਸਨੂੰ ਮਹਿਸੂਸ ਕਰਨਾ ਸ਼ੁਰੂ ਕਰ ਦੇਈਏ ਕਿ ਉਹ ਕਿੰਨਾ ਮਹਾਨ ਹੈ !ਸਮਝੇ ? ਉਹ ਉਹੋ ਹੀ ਕਰਦਾ ਹੈ ਜੋ ਉਹ ਚਾਹੁੰਦਾ ਹੈ।

106 ਪ੍ਰਮੇਸ਼ੁਰ ਉੱਥੇ ਉੱਪਰ ਬੈਠਾ ਲੋਕਾਂ ਵੱਲ ਵੇਖਦਾ ਹੈ, ਅਤੇ ਇਹ ਪੜ੍ਹੇ ਲਿਖੇ, ਚਲਾਕ ਲੋਕ ਆਖਦੇ ਹਨ ਕਿ ਕੋਈ ਖੁਦਾ ਨਹੀਂ ਹੈ ", ਅਤੇ ਇਸੇ ਤਰ੍ਹਾਂ ਦੀਆਂ ਹੋਰ ਗੱਲਾਂ ਕਰਦੇ ਹਨ। ਹੂ !ਇਹ ਤਾਂ ਦੁਬਾਰਾ ਉਸੇ ਤਰ੍ਹਾਂ ਹੀ ਹੈ ਜਿਵੇਂ ਇਹ ਬਾਬਲ ਵਿੱਚ ਸੀ। ਅਸਲ ਵਿੱਚ ਬਾਬਲ ਹੈ।

107 ਹੁਣ ਅਸੀਂ ਧਿਆਨ ਦਿੰਦੇ ਹਾਂ ਕਿ ਖੁਦਾ ਨੇ ਹੱਵਾਹ ਨੂੰ ਦੱਸਿਆ, "ਇੱਕ ਲੰਬੇ ਸਮੇਂ ਤੋਂ ਬਾਦ ਵਚਨ ਫਿਰ ਤੇਰੇ ਕੋਲ ਆ ਰਿਹਾ ਹੈ। " ਹੁਣ, ਵੇਖੋ ਉਹ ਕਿਵੇਂ ਡਿੱਗੀ ਸੀ? ਮੈਂ ਚਾਹੁੰਦਾ ਹਾਂ ਕਿ ਮੇਰੀ ਕਲਾਸ ਇਹ ਦੱਸੇ। ਉਹ ਕਿਸ ਤੋਂ ਡਿੱਗੀ ਸੀ? ਹੱਵਾਹ ਕਿਸ ਚੀਜ਼ ਤੋਂ ਡਿੱਗ ਗਈ ਸੀ?ਵਚਨ ਤੋਂ। ਕੀ ਇਹ ਠੀਕ ਹੈ? [ਸੰਗਤ ਆਖਦੀ ਹੈ, " ਵਚਨ ਤੋਂ। "-ਸੰਪਾ] ਵਚਨ ਤੋਂ। ਅਤੇ ਪਰਮੇਸ਼ੁਰ ਨੇ ਕਿਹਾ ਕਿ ਉਹ ਉਸਨੂੰ ਵਚਨ ਫਿਰ ਤੇ ਲਿਆਉਣ ਲਈ ਇੱਕ ਤਰੀਕਾ ਕੱਢੇਗਾ। ਠੀਕ ਹੈ। ਇੱਕ ਲੰਮੇ ਸਮੇਂ ਬਾਦ ਵਚਨ ਉਸ ਤੇ ਪ੍ਰਗਟ ਕੀਤਾ ਜਾਵੇਗਾ। ਠੀਕ ਹੈ। ਹੁਣ ਵਚਨ ਇੱਕ ਮਕਸਦ ਲਈ ਆਵੇਗਾ। ਹੁਣ ਜੋ ਮੈਂ ਕਹਿਣ ਜਾ ਰਿਹਾ ਹਾਂ ਤੁਸੀਂ ਇਸਨੂੰ ਚੰਗੀ ਤਰ੍ਹਾਂ ਫੜ ਲਓ। ਅਤੇ ਉਸਦੇ ਕੋਲ ਵਚਨ ਇੱਕ ਮਕਸਦ ਲਈ ਆਵੇਗਾ, ਉਹ ਮਕਸਦ ਛੁਟਕਾਰਾ ਸੀ। ਇਹ ਸਹੀ ਗੱਲ ਹੈ।

108 ਪ੍ਰੰਤੂ ਉਸ ਵਚਨ ਦੇ ਆਉਣ ਤੱਕ ਉਸਦੇ ਕੋਲ ਇੱਕ ਹੋਰ ਚੀਜ਼ ਸੀ ਜੋ ਤਦ ਤੱਕ ਕੰਮ ਕਰਦੀ ਜਦ ਤੱਕ ਅਸਲੀ ਵਚਨ ਮੁੜ ਵਾਪਿਸ ਨਹੀਂ ਆ ਜਾਂਦਾ ਹੈ। ਹੁਣ ਤੁਸੀਂ ਕੀ ਇਸਨੂੰ ਸੱਫਾਈ ਨਾਲ ਸਮਝ ਰਹੇ ਹੋ ?[ਸਭਾ ਆਖਦੀ ਹੈ-"ਆਮੀਨ। "-ਸੰਪਾ]ਹੁਣ ਉਸਨੇ ਹੱਵਾਹ ਨੂੰ ਦੱਸਿਆ ਸੀ ਕਿ ਦੁਬਾਰ ਫਿਰ ਵਚਨ ਤੇਰੇ ਕੋਲ ਆਵੇਗਾ ਪ੍ਰੰਤੂ ਉਸ ਸਮੇਂ ਦੇ ਆਉਣ ਤੱਕ ਉਸਨੇ ਉਹਨੂੰ ਉਸਦੀ ਜਗ੍ਹਾ ਕੋਈ ਹੋਰ ਚੀਜ਼ ਦਿੱਤੀ। ਇਸ ਲਈ ਉਸਨੇ ਉਹਨੂੰ ਲਹੂ ਦੇ ਰੂਪ ਵਿੱਚ ਇੱਕ ਬਲੀਦਾਨ ਚੜਾਉਣ ਲਈ ਦੇ ਦਿੱਤਾ ਜੋ ਕਿ ਉਸ ਲਹੂ ਦੀ ਜਗ੍ਹਾ ਤੇ ਸੀ।

109 ਹੁਣ ਇਹ ਲਹੂ ਤਾਂ ਬੈਲਾਂ, ਬੱਕਰੀਆਂ, ਭੇਡਾਂ ਅਤੇ ਦੂਸਰੇ ਜਾਨਵਰਾਂ ਦਾ ਸੀ, ਪਰ ਇਸਨੇ ਉਹਨੂੰ ਪਾਪ ਤੋਂ ਨਹੀਂ ਛੁਡਾਇਆ ਸੀ। ਸਮਝੇ? ਇਸਨੇ ਤਾਂ ਬਸ ਉਸਦੇ ਪਾਪ ਨੂੰ ਢੱਕਿਆ ਹੀ ਸੀ। ਇਸਨੇ ਉਹਦਾ ਪਾਪ ਕਦੇ ਵੀ ਦੂਰ ਨਹੀਂ ਕੀਤਾ ਸੀ, ਪ੍ਰੰਤੂ ਬਸ ਉਸਦੇ ਪਾਪ ਨੂੰ ਢੱਕਿਆ ਸੀ। ਕਿਉਂਕਿ ਇਹ ਤਾਂ ਪਸ਼ੂ ਦਾ ਲਹੂ ਸੀ, ਅਤੇ ਪਸ਼ੂ ਦੇ ਲਹੂ ਵਿੱਚ ਪਸ਼ੂ ਦੀ ਜਾਨ ਹੁੰਦੀ ਹੈ। ਇਹ ਤਾਂ ਉਸ ਵੇਲੇ ਤੱਕ ਸੀ ਜਦ ਤੱਕ ਕਿ ਅਸਲੀ .....ਪ੍ਰੰਤੂ ਹੁਣ ਜਰਾ ਗੌਰ ਕਰੋ।

110 ਅਸਲੀ ਮਨੁੱਖੀ ਲਹੂ ਇੱਕ ਮਨੁੱਖ ਵਾਂਗੂੰ ਬਣ ਗਿਆ, ਪ੍ਰਮੇਸ਼ੁਰ ਬਿਨਾਂ ਸੰਭੋਗ ਦੇ ਇੱਕ ਮਨੁੱਖ ਬਣ ਗਿਆ .ਇੱਕ ਕੁਆਰੀ ਨੇ ਉਹਨੂੰ ਪੈਦਾ ਕੀਤਾ ਸੀ। ਹੁਣ ਪ੍ਰਮੇਸ਼ੁਰ ਦਾ ਵਚਨ, ਪ੍ਰਮੇਸ਼ੁਰ ਦਾ ਵਾਇਦਾ ਲਹੂ ਬਣ ਗਿਆ ਸੀ, ਅਤੇ ਉਹ ਇੱਕ ਮਨੁੱਖ ਯਿਸੂ ਮਸੀਹ ਜੋ ਮੁਕਤੀਦਾਤਾ ਹੈ ਦਾ ਰੂਪ ਧਾਰ ਲਿਆ। "ਵਹਿੜਕਿਆਂ ਜਾਂ ਬੱਕਰੀਆਂ ਅਤੇ ਹੋਰ ਜਾਨਵਰਾਂ ਦਾ ਲਹੂ .....

111 ਹੁਣ ਜਰਾ ਰੁਕੋ। ਪ੍ਰਮੇਸ਼ੁਰ ਨੇ ਇਹ ਕਹਿ ਕੇ ਵਾਅਦਾ ਕੀਤਾ ਸੀ ਕਿ ਜਦ ਉਹ ਆਵੇਗਾ ਤਾਂ "ਤੀਵੀਂ ਦੀ ਸੰਤਾਨ ਸੱਪ ਦੇ ਸਿਰ ਨੂੰ ਫੇਵੇਂਗੀ। " ਹੁਣ ਜੇ ਉਸਦੀ ਸੰਤਾਨ ਉਸੇ ਤਰ੍ਹਾਂ ਆਦਮ ਤੋਂ ਆਉਂਦੀ ਹੈ ਜਾਂ ਉਸਦੀ ਸੰਤਾਨ ਉਸੇ ਤਰ੍ਹਾਂ ਸੱਪ ਤੋਂ ਆਉਂਦੀ ਤਾਂ ਉਹ ਹਾਲੇ ਵੀ ਪਾਪੀ ਸੰਤਾਨ ਹੁੰਦੀ।

112 ਇਹ ਹੀ ਕਾਰਨ ਸੀ ਯੂਹੰਨਾ ਰੋ ਪਿਆ ਸੀ। ਉੱਥੇ ਕੋਈ ਵੀ ਅਦਮੀ ਨਹੀਂ ਸੀ ਕਿਉਂਕਿ ....ਹਰ ਇੱਕ ਆਦਮੀ ਉਸ ਵੱਡੀ ਖਾਈ ਦੇ ਦੂਸਰੇ ਪਾਸੇ ਸੀ। ਪ੍ਰੰਤੂ ਇੱਕ ਅਜਿਹਾ ਸਮਾਂ ਆ ਰਿਹਾ ਸੀ ਜਦ ਜਾਨਵਰਾਂ ਦੇ ਇਸ ਲਹੂ ਨੂੰ ਪਰਮੇਸ਼ੁਰ ਦੇ ਅਸਲੀ ਲਹੂ ਦੇ ਆਉਣ ਤੇ,ਪ੍ਰਮੇਸ਼ੁਰ ਦੇ ਮਾਸ ਅਤੇ ਲਹੂ ਵਿੱਚ ਆਉਣ ਤੇ ਹਟਾ ਦਿੱਤਾ ਜਾਣਾ ਸੀ। ਬਾਈਬਲ ਦੱਸਦੀ ਹੈ ਕਿ ਇਹ ਅਸਲੀ ਲਹੂ ਖੁਦਾ ਦਾ ਹੀ ਸੀ। ਪਹਿਲਾ ਤਿਮੋਥੀਅਸ 3:16, "ਅਤੇ ਨਿਸੰਗ ਭਗਤੀ ਦਾ ਭੇਤ ਵੱਡਾ ਹੈ ਪ੍ਰਮੇਸ਼ੁਰ ਸ਼ਰੀਰ ਵਿੱਚ ਪ੍ਰਗਟ ਹੋਇਆ। " ਇਹ ਠੀਕ ਗੱਲ ਹੈ। ਕੁੰਵਾਰੀ ਤੋਂ ਜਨਮ ਲੈਣ ਦੇ ਰਾਹੀਂ ਇਸ ਤਰ੍ਹਾਂ ਹੋਇਆ।

113 ਹੁਣ, ਬੱਕਰੀਆਂ ਅਤੇ ਭੇਡਾਂ ਦੇ ਲਹੂ ਨਾਲ ਤਾਂ ਲੋਕਾਂ ਦੇ ਪਾਪ ਬਸ ਢੱਕੇ ਹੀ ਜਾਂਦੇ ਸਨ, ਪ੍ਰੰਤੂ ਉਨ੍ਹਾਂ ਦਾ ਪਾਪ ਤੋਂ ਛੁਟਕਾਰਾ ਨਹੀਂ ਸੀ ਹੁੰਦਾ ਕਿਉਂਕਿ ਉਹ ਪਸ਼ੂ ਦਾ ਲਹੂ ਸੀ।

114 ਯਕੀਨਨ ਹੀ ਉਹ ਉਸ ਚੀਜ਼ ਦੇ ਆਦਿ ਹੋ ਗਏ ਸਨ ਜੋ ਕਿ ਅਸਲੀ ਚੀਜ਼ ਦੀ ਥਾਂ ਤੇ ਸੀ ਇਸੇ ਲਈ ਉਨ੍ਹਾਂ ਨੇ ਲਹੂ ਬਹਾਉਣਾ ਜਾਰੀ ਰੱਖਿਆ।

115 ਅਤੇ ਜਦੋਂ ਅਸਲੀ ਵਾਇਦਾ ਕੀਤਾ ਹੋਇਆ ਵਚਨ ਯਿਸੂ ਮਸੀਹ ਦੇ ਵਿੱਚ ਪ੍ਰਗਟ ਹੋਇਆ ਤਾਂ ਉਹਨੇ ਇਹ ਸਾਬਤ ਕਰਨਾ ਸੀ ਕਿ ਉਹ ਮਹਾਨ ਰਚਨਹਾਰੇ ਪ੍ਰਮੇਸ਼ੁਰ ਦਾ ਪੁੱਤਰ ਹੈ,ਅਤੇ ਉਸਨੇ ਇਹ ਖੁਦ ਵਚਨ ਦੇ ਦੁਆਰਾ ਜੀਉਂਦੇ ਰਹਿਣ ਦੇ ਦੁਆਰਾ ਪ੍ਰਮਾਣਿਤ ਕੀਤਾ। ਉਫ !ਮੇਰੇ ਪ੍ਰਭੂ !ਉਸਨੇ ਪ੍ਰਮਾਣਿਤ ਕੀਤਾ ਸੀ ਕਿ ਉਹ ਹੈ ਸੀ। ਉਹਦੇ ਬੋਲਣ ਤੇ ਚੀਜ਼ਾਂ ਹੋਂਦ ਵਿੱਚ ਆ ਜਾਂਦੀਆਂ ਸਨ।

116 ਅਤੇ ਇਸ ਸੰਸਾਰ ਵਿੱਚ ਕੋਈ ਵੀ ਇਸ ਤਰ੍ਹਾਂ ਦਾ ਮਨੁੱਖ ਜਾਂ ਕੋਈ ਹੋਰ ਨਹੀਂ ਹੈ ਜੋ ਇਹ ਕਰ ਸੱਕਦਾ ਸੀ। ਧਰਤੀ ਤੇ ਕੋਈ ਵੀ ਅਜਿਹਾ ਨਹੀਂ ਹੈ ਜਿਹੜਾ ਉਤਪਤੀ ਕਰ ਸਕੇ ਪ੍ਰਮੇਸ਼ੁਰ ਹੀ ਇੱਕ ਅਜਿਹਾ ਹੈ ਜੋ ਉਤਪਤੀ ਕਰ ਸੱਕਦਾ ਹੈ। ਸ਼ੈਤਾਨ ਉਤਪਤੀ ਜਾਂ ਰਚਨਾ ਨਹੀਂ ਕਰ ਸੱਕਦਾ ਹੈ। ਉਹ ਤਾਂ ਰਚੀਆਂ ਹੋਈਆਂ ਚੀਜ਼ਾਂ ਦਾ ਬਿਗਾੜ ਹੀ ਕਰ ਸੱਕਦਾ ਹੈ ਪ੍ਰੰਤੂ ਉਹ ਰਚਨਾ ਨਹੀਂ ਕਰ ਸੱਕਦਾ ਹੈ। ਪਾਪ ਤਾਂ ਕੇਵਲ ਧਰਮਿਕਤਾ ਦਾ ਬਿਗਾੜ ਹੀ ਹੈ। ਤੁਸੀਂ ਜਾਣਦੇ ਹੋ ਕਿ ਮੇਰਾ ਕੀ ਮਤਲਬ ਹੈ। ਝੂਠ ਕੀ ਹੈ? ਇਹ ਸੱਚ ਦਾ ਬਿਗੜਿਆ ਹੋਇਆ ਰੂਪ ਹੈ। ਸਮਝੇ? ਵਿਭਚਾਰ ਕੀ ਹੈ? ਇਹ ਠੀਕ ਕਨੂੰਨੀ ਢੰਗ ਦਾ ਬਿਗਾੜ ਹੈ। ਹਰੇਕ ਚੀਜ਼ ਜੋ ਪਾਪ ਵਿੱਚ ਹੈ, ਪਾਪ ਤਾਂ ਸੱਚ ਦਾ ਬਿਗਾੜ ਹੀ ਹੈ। ਹੁਣ, ਉਹ ਰਚਨਾ ਨਹੀਂ ਕਰ ਸੱਕਦਾ ਹੈ।

117 ਪਰ ਜਦ ਮਸੀਹ ਆਇਆ ਤਾਂ ਉਸਨੇ ਸਾਬਤ ਕੀਤਾ ਕਿ ਉਹ ਰਚਨਹਾਰਾ ਹੈ। ਉਹ ਤਾਂ ਉਹ ਲਹੂ ਸੀ ਜਿਹਦਾ ਵਾਇਦਾ ਕੀਤਾ ਗਿਆ ਸੀ। ਹੁਣ ਜੇ ਤੁਸੀਂ ਇਸਨੂੰ ਪੜ੍ਹਨਾ ਚਹੁੰਦੇ ਹੋ ....ਆਓ ਅਸੀਂ ਇੱਕ ਮਿੰਟ ਕੱਢੀਏ। ਜਿਵੇਂ ਵੀ ਹੋਵੇ ਅੱਜ ਰਾਤ ਅਸੀਂ ਇਹਦੇ ਉੱਤੇ ਕੁਝ ਸਮਾਂ ਬਿਤਾਵਾਂਗੇ। ਮੈਂ ....



ਫਰੀਸੀ ਆਪਣੇ ਰੀਤਾਂ ਰਿਵਾਜਾਂ ਕਾਰਨ ਨਹੀਂ ਵੇਖ ਸਕੇ ਸਨ। [ਭਾਈ ਬ੍ਰਾਨਹਾਮ ਚੁੱਪ ਹੋ ਜਾਂਦੇ ਹਨ ਅਤੇ ਚਿੰਨ੍ਹਾਂ ਨਾਲ ਸਮਝਾਉਂਦੇ ਹਨ। ਸੰਗਤ ਹਾਂ ਦੇ ਵਿੱਚ ਜਵਾਬ ਦਿੰਦੀ ਹੈ-ਸੰਪਾ]ਉਹ ਆਪਣੀਆਂ ਰੀਤਾਂ ਦੇ ਕਾਰਨ ਨਹੀਂ ਵੇਖ ਸਕੇ ਸਨ। ਪ੍ਰੰਤੂ ਵੇਸ਼ਵਾ, ਕਿਸਾਨ ਅਤੇ ਬਾਕੀ ਸਾਰਿਆਂ ਨੇ ਇਸਨੂੰ ਵੇਖ ਲਿਆ ਸੀ ਕਿਉਂਕਿ ਉਹ ਪਹਿਲਾਂ ਤੋਂ ਹੀ ਠਹਿਰਾਏ ਹੋਏ ਸਨ। ਜਦ ਸ਼ੱਕ ਜਾਂਦੇ ਰਹੇ ਤਦ ਉਹ ਬੀਜ਼ ਉੱਗਣ ਲੱਗ ਪਿਆ। ਇਹ ਠੀਕ ਹੈ।

241 ਉਸਨੇ ਕੀ ਕੀਤਾ ਸੀ ? ਕੀ ਉਸਨੇ ਇਹ ਕਿਹਾ, ਚੰਗਾ, ਮੈਨੂੰ ਖੁਸ਼ੀ ਹੈ ਮੈਂ ਮਸੀਹ ਨੂੰ ਮਿਲੀ ਹਾਂ?" ਓਹ, ਨਹੀਂ ਭਾਈ ਜੀ। ਉਹ ਦੋੜਦੀ ਹੋਈ ਸਿੱਧੀ ਨਗਰ ਵਿੱਚ ਗਈ। ਉਹ ਪਾਣੀ ਦੇ ਬਾਰੇ ਵਿੱਚ ਭੁੱਲ ਗਈ ਸੀ। ਉਹਨੇ ਕਿਹਾ, "ਆਓ ਤੇ ਇੱਕ ਮਨੁੱਖ ਨੂੰ ਵੇਖੋ ਜਿਹਨੇ ਸੱਭ ਕੁਝ ਜੋ ਮੈਂ ਕੀਤਾ ਸੀ ਮੈਨੂੰ ਦੱਸ ਦਿੱਤਾ ਹੈ। ਕੀ ਇਹ ਉਹ ਗੱਲ ਨਹੀਂ ਹੈ ਜਿਹੜੀ ਵਚਨ ਦੱਸਦਾ ਹੈ ਕਿ ਜਦ ਮਸੀਹ ਆਏਗਾ ਤਾਂ ਉਹ ਇਹ ਕਰੇਗਾ?" ਕੀ ਇਹ ਬਿਲਕੁੱਲ ਉਸੇ ਤਰ੍ਹਾਂ ਹੀ ਨਹੀਂ ਹੈ?ਅਤੇ ਲੋਕਾਂ ਨੇ ਬਿਲਕੁੱਲ ਉਸੇ ਤਰ੍ਹਾਂ ਹੀ ਵੇਖਿਆ।

242 ਜਿਵੇਂ ਯਿਸੂ ਮਸੀਹ ਨੇ ਯੂਹੰਨਾ 14:12 ਵਿੱਚ ਕਿਹਾ ਹੈ ਇਹ ਫਿਰ ਦੁਬਾਰਾ ਹੋਵੇਗਾ। ਉਸਨੈ ਲੂਕਾ ਵਿੱਚ ਵੀ ਇਸੇ ਤਰ੍ਹਾਂ ਹੀ ਕਿਹਾ ਹੈ ਜਦ ਉਸਨੇ ਆਖਿਆ ਕਿ, ਜਿਵੇਂ ਨੂਹ ਦੇ ਦਿਨਾਂ ਵਿੱਚ ਹੋਇਆ ਸੀ। " ਕਿਵੇਂ ਖੁਦਾ ਨੇ ਆਪਣੇ ਆਪ ਨੂੰ ਇੱਕ ਮਨੁੱਖ ਵਿੱਚ ਪ੍ਰਗਟ ਕੀਤਾ ਸੀ,ਅਤੇ ਦੱਸ ਦਿੱਤਾ ਸੀ ਕਿ ਉਸਦੇ ਪਿੱਛੇ ਕੋਣ ਹੈ; ਅਤੇ ਸਾਰਾਹ ਨੇ ਕੀ ਕੀਤਾ ਸੀ, ਉਹ ਤੰਬੂ ਵਿੱਚ ਹੱਸ ਰਹੀ ਸੀ। ਇਹ ਸਾਰੀਆਂ ਵਚਨ, ਮਲਾਕੀ ਦੀਆਂ ਲਿਖਤਾਂ ਅਤੇ ਹੋਰ ਦੂਸਰੀਆਂ ਲਿਖਤਾਂ ਅੰਤ ਦੇ ਦਿਨਾਂ ਦੀ ਭਵਿੱਖਬਾਣੀ ਕਰਦੇ ਹਨ। ਇੱਥੇ ਇਬਰਾਨੀਆਂ 4 ਵਿੱਚ ਕਿਹਾ ਗਿਆ ਹੈ ਜਦ," ਵਚਨ" ਵਾਪਸ ਆਉਂਦਾ ਹੈ। ਮਲਾਕੀ 4 ਆਖਦਾ ਹੈ ਵਚਨ ਇੱਕ ਮਨੁੱਖ ਦੇ ਰਾਹੀਂ ਵਾਪਸ ਆਵੇਗਾ। ਇਬਰਾਨੀਆਂ 4 ਕਹਿੰਦਾ ਹੈ, " ਪ੍ਰਮੇਸ਼ੁਰ ਦਾ ਵਚਨ ਉਨ੍ਹਾਂ ਵਿਚਾਰਾਂ ਨੂੰ ਜਾਂਚ ਲੈਂਦਾ ਹੈ ਜਿਹੜੇ ਹਿਰਦੇ ਵਿੱਚ ਹੁੰਦੇ ਹਨ। "

243 ਅਤੇ ਉਹ ਅਜਿਹਾ ਹੁੰਦੇ ਹੋਏ ਵੇਖ ਸੱਕਦੇ ਹਨ, ਅਤੇ ਸਿੱਧਾ ਇਹਦੇ ਤੋਂ ਦੂਰ ਚਲੇ ਜਾਂਦੇ ਹਨ। ਅਤੇ ਉਨ੍ਹਾਂ ਦੀਆਂ ਰੀਤਾਂ ਇਹਨੂੰ ਲੁਕਾ ਦਿੰਦੀਆਂ ਹਨ ਅਤੇ ਇਸਨੂੰ ਬੇਅਸਰ ਕਰ ਦਿੰਦੀਆਂ ਹਨ। ਅੱਛਾ, ਅਸੀਂ ਬਸ ਇੱਥੇ ਹਾਂ। ਬਸ ਏਨਾ ਹੀ ਹੈ।

244 ਤੁਸੀਂ ਜਾਣਦੇ ਹੋ ਕਿ ਉਗ ਅੱਜ ਵੀ ਉਨ੍ਹਾਂ ਹੀ ਕੰਮਾਂ ਨੂੰ ਕਰ ਸੱਕਦਾ ਹੈ। ਉਹ ਦ੍ਰਿਸ਼ ਤੇ ਆਇਆ ਅਤੇ ਉਸਨੇ ਉਹੀ ਕੰਮ ਕੀਤੇ ਹਨ ਜਿਹੜੇ ਉਸਨੇ ਉਦੋਂ ਕੀਤੇ ਸਨ -ਜਿਵੇਂ ਕਿ ਉਸਨੇ ਕਿਹਾ ਸੀ ਕਿ ਉਹ ਕਰੇਗਾ। ਸਮਝੇ? ਉਸਨੇ ਇਸ ਤਰ੍ਹਾਂ ਕਰਨ ਦਾ ਵਾਇਦਾ ਕੀਤਾ ਹੈ। ਉਸਨੇ ਇਸ ਤਰ੍ਹਾਂ ਕਰਨ ਦਾ ਵਾਇਦਾ ਕੀਤਾ ਹੈ। ਅਤੇ ਜੇ ਉਹ ਉਹਨਾਂ ਹੀ ਕੰਮਾਂ ਨੂੰ ਕਰਦਾ ਹੈ ਤਾਂ ਲਾਉਦੀਕੀਆ ਦੀ ਕਲੀਸਿਯਾ ਦਾ ਦੂਤ ਇਹ ਕਰੇਗਾ।

245 ਅਤੇ ਫਿਰ ਜੇ ਲਾਉਦੀਕੀਆ ਦੀ ਕਲੀਸਿਯਾ ਨੇ ਇਹਨੂੰ ਹੁੰਦੇ ਵੇਖਿਆ ਹੈ ਤਾਂ ਉਹ ਬਿਲਕੁੱਲ ਉਸੇ ਤਰ੍ਹਾਂ ਹੀ ਕਰਨਗੇ ਜਿਵੇਂ ਸ਼ੁਰੂ ਵਿੱਚ ਇਬਰਾਨੀ ਕਲੀਸਿਯਾ ਨੇ ਕੀਤਾ ਸੀ। ਇਸ ਨਾਲ ਕੋਈ ਮਤਲਬ ਨਹੀਂ ਹੈ ਕਿ ਇਸਨੂੰ ਕਿੰਨੇ ਚੰਗੇ ਢੰਗ ਨਾਲ ਸਾਬਤ ਕੀਤਾ ਜਾਂਦਾ ਹੈ,ਉਹ ਤਾਂ ਕਿਵੇਂ ਨਾ ਕਿਵੇਂ ਇਹ ਜਰੂਰ ਹੀ ਕਰਨਗੇ। ਹੇ ਮੇਰੇ ਖੁਦਾ !

ਅਤੇ ਉਸਨੇ ਕਿਹਾ, ਜਾ ਆਪਣੇ ਪਤੀ ਨੂੰ ਇੱਥੇ ਬੁਲਾ ਲਿਆ। "

ਉਹਨੇ ਕਿਹਾ, " ਮੇਰਾ ਪਤੀ?ਮੇਰਾ ਕੋਈ ਵੀ ਪਤੀ ਨਹੀਂ ਹੈ। "

235 "ਕਿਉਂ ",ਉਸਨੇ ਕਿਹਾ, "ਇਹ ਸੱਚ ਹੈ। " ਉਹਨੇ ਆਖਿਆ,"ਤੂੰ ਪੰਜ ਪਤੀ ਕਰ ਚੁੱਕੀਂ ਹੈਂ ਅਤੇ ਜਿਹਦੇ ਨਾਲ ਤੂੰ ਹੁਣ ਰਹਿ ਰਹੀਂ ਹੈਂ ਉਹ ਛੇਵਾਂ ਹੈ। " ਅਤੇ ਕਿਹਾ, ਤੇਰੇ ਪੰਜ ਪਤੀ ਸਨ। ਅਤੇ-ਅਤੇ ਤੂੰ ਜਾਣਦੀ ਹੈਂ। ਤੂੰ ਸੱਚ ਦੱਸਿਆ ਹੈ। "

236 ਧਿਆਨ ਦਿਓ!ਇਹ ਕੀ ਸੀ?ਉਸ ਰੋਸ਼ਨੀ ਨੇ ਉਸ ਬੀਜ ਨੂੰ ਛੂਹਿਆ ਸੀ। ਉਹ ਬੀਜ ਜਿਹੜਾ ਖੁਦਾ ਨੇ ਬੋਲਿਆ ਸੀ ਉਹ ਉੱਥੇ ਪਿਆ ਹੋਇਆ ਸੀ। ਹਾਂ ਜੀ ਸ਼੍ਰੀਮਾਨ।

237 ਬੀਜ ਧਰਤੀ ਤੇ ਹੀ ਪਿਆ ਹੋਇਆ ਸੀ। ਜਦ ਖੁਦਾ ਨੇ ਪਾਣੀ ਨੂੰ ਹਟਾਇਆ ਅਤੇ ਸੂਰਜ ਇਸ ਤੇ ਚਮਕਿਆ, ਇਹ ਪੁੰਗਰ ਪਿਆ। ਇਹ ਸੱਚ ਹੈ। ਸਮਝੇ? ਬਸ ਇਸਨੂੰ ਸੂਰਜ ਦੀ ਦੀ ਲੋੜ ਸੀ। ਬਸ ਉਸਨੂੰ ਰੋਸ਼ਨੀ ਦੀ ਲੋੜ ਸੀ। ਹਾਂ ਜੀ ਸ਼੍ਰੀਮਾਨ।

238 ਅਤੇ ਜਦ ਪਵਿੱਤਰ ਆਤਮਾ ਜਿਹੜਾ ਉਸਦੇ ਅੰਦਰ ਸੀ ਉਸਦੀ ਪੁਰਾਣੀ ਜਿੰਦਗੀ ਵਿੱਚ ਗਿਆ ਅਤੇ ਉਸ ਸਾਮਰੀ ਔਰਤ ਨੂੰ ਇਹ ਵਿਖਾਇਆ ਤਾਂ ਉਹ ਰੋਸ਼ਨੀ ਉਸ ਬੀਜ ਤੇ ਪਈ। ਉਸ ਔਰਤ ਨੇ ਕਿਹਾ, "ਸ਼੍ਰੀਮਾਨ ਮੈਨੂੰ ਜਾਪਦਾ ਹੈ ਕਿ ਤੂੰ ਨਬੀ ਹੈਂ। " ਕਹਿਣ ਲੱਗੀ, "ਹੁਣ ਅਸੀਂ ਜਾਣਦੇ ਹਾਂ, ਮੈਂ ਇਹ ਜਾਣਦੀ ਹਾਂ, ਕਿ ਜਦ ਮਸੀਹ ਆਵੇਗਾ ਤਾਂ ਉਹ ਇਹੋ ਕੁਝ ਹੀ ਕਰੇਗਾ। ਅਤੇ ਸੈਂਕੜੇ ਸਾਲਾਂ ਤੋਂ ਸਾਡੇ ਕੋਲ ਕੋਈ ਵੀ ਨਬੀ ਨਹੀਂ ਹੈ। ਸੈਂਕੜੇ ਸਾਲਾਂ ਤੋਂ ਸਾਡੇ ਵਿੱਚ ਕੋਈ ਵੀ ਸੱਚਾ ਨਬੀ ਨਹੀਂ ਹੋਇਆ ਹੈ। " ਅਤੇ ਉਸਨੇ ਕਿਹਾ, "ਕਿਵੇਂ ਤੂੰ ਮੈਨੂੰ ਮੇਰੇ ਪਤੀ ਦੇ ਬਾਰੇ ਵਿੱਚ ਦੱਸਿਆ ਹੈ ਕਿ ਮੇਰੇ ਕਿੰਨੇ ਪਤੀ ਹੋ ਚੁੱਕੇ ਹਨ ਅਤੇ ਹੋਰ ਹੋਰ। ਕਿਵੇਂ ", ਬੋਲੀ, "ਮੈਂ ਇਹ ਨਹੀਂ ਸਮਝਦੀ। " ਕਹਿਣ ਲੱਗੀ, " ਜਦ ਮਸੀਹਾ ਆਏਗਾ ਤਾਂ ਉਹ ਇਹ ਕੰਮ ਕਰੇਗਾ। ਪ੍ਰੰਤੂ ਤੂੰ ਕੌਣ ਹੈ?"

ਉਸਨੇ ਆਖਿਆ, " ਮੈਂ ਉਹ ਹੀ ਹਾਂ। "

ਇਹ ਸੀ ਉਹ। ਸਮਝੇ? ਇੱਕ ਕੰਜਰੀ !

239 ਅਤੇ ਜਾਜਕਾਂ ਨੇ ਚਾਰੇ ਪਾਸੇ ਵੇਖਿਆ ਅਤੇ ਕਿਹਾ ......ਅੱਛਾ, ਉਨ੍ਹਾਂ ਨੂੰ ਆਪਣੀ ਸੰਗਤੀ ਨੂੰ ਜਵਾਬ ਦੇਣਾ ਪੈਣਾ ਸੀ। ਉਨ੍ਹਾਂ ਨੇ ਕਿਹਾ, ਤੁਸੀਂ ਉਸ ਆਦਮੀ ਦੇ ਨਾਲ ਮੂਰਖ ਨਾ ਬਣੋ। ਉਹ ਹੈ -ਉਸਨੂੰ ਭੂਤ ਚਿੰਬੜਿਆ ਹੋਇਆ ਹੈ। ਬਸ ਉਹਦੇ ਬਾਰੇ ਵਿੱਚ ਇਹੋ ਹੀ ਹੈ। " ਹੁਣ ਇਹ ਹੀ ਫਰਕ ਹੈ। ਅੱਜ ਵੀ ਬਿਲਕੁੱਲ ਇਹ ਹੀ ਕੰਮ ਹੋ ਰਿਹਾ ਹੈ। ਸਮਝੇ? ਉਹ ਹੀ ਗੱਲ ਅੱਜ ਹੈ। ਜੀ ਹਾਂ। ਹਾਂ ਜੀ ਸ਼੍ਰੀਮਾਨ।

240 ਉਹ ਇਸਨੂੰ ਜਾਣਦੀ ਸੀ ਕਿਉਂਕਿ ਰੋਸ਼ਨੀ ਇਸਨੂੰ ਆਣ ਟਕਰਾਈ ਸੀ। ਉਨ੍ਹਾਂ ਨੇ ਦੇ.....ਉਨ੍ਹਾਂ ਮਛੇਰਿਆਂ, ਜੰਗਲੀ ਮਨੁੱਖਾਂ, ਕਿਸਾਨਾਂ, ਚੁੰਗੀ ਲੈਣ ਵਾਲਿਆਂ ਅਤੇ ਵੇਸ਼ਵਾਵਾਂ ਨੇ ਉਸ ਵਿੱਚ ਵੇਖਿਆ ਸੀ ਕਿ ਵਚਨ ਦੀ ਸਦਾ ਜਿਹੀ ਲਿਖਤ ਕੀ ਕਹਿੰਦੀ ਹੈ ਕਿ ਉਹ ਕੀ ਕਰੇਗਾ। ਅਤੇ



118 ਇਹ ਗੱਲ ਮੈਨੂੰ ਪ੍ਰੇਸ਼ਾਨ ਕਰਦੀ ਹੈ। ਤੁਸੀਂ ਜਾਣਦੇ ਹੋ ਕਿ ਹਰ ਕੋਈ ਘਰ ਜਾਣਾ ਚਾਹੁੰਦਾ ਹੈ। ਅਤੇ ਇੰਝ ਇਹ .....[ਸੰਗਤ ਆਖਦੀ ਹੈ, "ਨਹੀਂ। "-ਸੰਪਾ] ਧੰਨਵਾਦ। ਹੁਣ ਆਓ ਰਸੂਲਾਂ ਦੇ ਕਰਤੱਵ 2 ਪੜ੍ਹੀਏ। ਅਤੇ ਅਸੀਂ ਵੇਖਾਂਗੇ ......

119 ਕਰਤੱਵ 2 ਬਾਬ ਅਤੇ ਅਸੀਂ ਵੇਖਾਂਗੇ ਕਿ ਇਹ ਠੀਕ ਹੈ ਜਾਂ ਨਹੀਂ ਕਿ ਇਹ ਸਿੱਧ ਹੋਇਆ ਸੀ ਕਿ ਉਹ ਖੁਦਾ ਸੀ। ਠੀਕ ਹੈ, ਤੁਸੀਂ ਕਰਤੱਵ 2 ਬਾਬ ਕੱਢੋ। ਆਓ ਅਸੀਂ ਕਹਦੀ 22 ਆਇਤ ਪੜ੍ਹ ਕੇ ਵੇਖੀਏ, ਇੱਥੇ ਪਤਰਸ ਪੈਂਤੀਕੁਸ਼ਤ ਵਾਲੇ ਦਿਨ ਬੋਲ ਰਿਹਾ ਹੈ।

*ਹੇ ਇਸਰਾਏਲੀਓ ਇਹ ਗੱਲਾਂ ਸੁਣੋ ਕਿ ਯਿਸੂ ਨਾਸਰੀ ਇੱਕ ਮਨੁੱਖ ਸੀ ਜਿਹਦੇ ਸੱਤ ਹੋਣ ਦਾ ਪ੍ਰਮਾਣ ਪ੍ਰਮੇਸ਼ੁਰ ਦੀ ਵਲੋਂ ਉਹਨਾਂ ਕਰਾਮਾਤਾਂ ਅਤੇ ਅਚੰਭਿਆਂ ਅਤੇ ਨਿਸ਼ਾਨੀਆਂ ਨਾਲ ਤੁਹਾਨੂੰ ਦਿੱਤਾ ਗਿਆ ਜੋ ਪ੍ਰਮੇਸ਼ੁਰ ਨੇ ਉਸਦੇ ਹੱਥੀਂ ਤੁਹਾਡੇ ਵਿੱਚ ਵਿਖਾਲੀਆਂ ਜਿਹਾ ਤੁਸੀਂ ਆਪ ਜਾਣਦੇ ਹੋ।*

120 "ਇੱਕ ਮਨੁੱਖ ਜੋ ਕਿ ਪ੍ਰਮਾਣਿਤ ਕੀਤਾ ਹੋਇਆ ਸੀ ਕਿ ਉਹ ਤੁਹਾਡੇ ਵਿੱਚ ਪ੍ਰਮੇਸ਼ੁਰ ਹੈ। " ਜਿਹੜੇ ਕੰਮ ਉਸਨੇ ਕੀਤੇ ਸਨ ਉਨ੍ਹਾਂ ਕੰਮਾਂ ਦੇ ਰਾਹੀਂ ਹੀ ਉਸਨੇ ਸਾਬਤ ਕੀਤਾ ਸੀ ਕਿ ਉਹ ਕੌਣ ਹੈ। ਇੱਥੇ ਇਹ ਪਤਰਸ ਹੈ ਜੋ ਖੜਾ ਹੈ ਅਤੇ ਉਨ੍ਹਾਂ ਸਭਾ ਦੇ ਸਰਦਾਰਾਂ ਨੂੰ ਕਹਿ ਰਿਹਾ ਹੈ।

121 ਨਿਕੁਦੇਮੁਸ ਵੀ ਇਹੋ ਹੀ ਜਾਣਦਾ ਸੀ। ਉਸਨੇ ਕਿਹਾ, "ਰੱਬੀ ਅਸੀਂ ਸੱਭ ਜਾਣਦੇ ਹਾਂ ਕਿ ਤੂੰ ਪ੍ਰਮੇਸ਼ੁਰ ਦੀ ਵੱਲੋਂ ਭੇਜਿਆ ਗਿਆ ਗੁਰੂ ਹੈਂ, ਕਿਉਂਕਿ ਕੋਈ ਵੀ ਮਨੁੱਖ ਇਹ ਕੰਮ ਨਹੀਂ ਕਰ ਸੱਕਦਾ ਜਦ ਤੱਕ ਕਿ ਉਹ ਪ੍ਰਮੇਸ਼ੁਰ ਦੀ ਵਲੋਂ ਨਾ ਆਇਆ ਹੋਵੇ। " ਸਮਝੇ? ਉਹ ਇਸ ਗੱਲ ਨੂੰ ਜਾਣਦੇ ਸਨ। ਪਰ ਕਿਉਂ ?

122 ਹੁਣ ਧਿਆਨ ਦਿਓ। ਹੱਵਾਹ ਨਾਲ ਇਹਦਾ ਵਾਇਦਾ ਕੀਤਾ ਗਿਆ ਸੀ। ਪ੍ਰੰਤੂ ਜਦ .....ਉਹ ਦੁਲਹਨ ਥੱਲੇ ਆਈ ਅਤੇ ਜਦ ਉਹਦੇ ਕੋਲ ਸੱਚਾ ਵਚਨ ਆਇਆ ਤਾਂ ਉਹਨੇ ਉਸਨੂੰ ਰੱਦ ਕਰ ਦਿੱਤਾ। ਔਰਤ ਨੇ ; ਅਥਵਾ ਉਸ ਇਬਰਾਨੀ ਲਾੜੀ ਨੇ ਵਚਨ ਨੂੰ ਰੱਦ ਕਰ ਦਿੱਤਾ। ਅਤੇ ਉਹ ਤਲਾਕ ਲੈ ਕੇ ਵੱਖ ਹੋ ਗਈ ਸੀ। ਕੀ ਇਹ ਸਹੀ ਹੈ? ਉਹ ਪ੍ਰਮੇਸ਼ੁਰ ਦੀ ਦੁਲਹਨ ਸੀ।

123 ਤੁਸੀਂ ਕਹਿ ਸੱਕਦੇ ਹੋ, "ਅੱਛਾ, ਪ੍ਰੰਤੂ ਹਾਲੇ ਤੱਕ ਤਾਂ ਉਨ੍ਹਾਂ ਦਾ ਵਿਆਹ ਵੀ ਨਹੀਂ ਹੋਇਆ ਸੀ। " ਇਹ ਸਹੀ ਗੱਲ ਹੈ। ਪ੍ਰੰਤੂ ਯੂਸਫ ਨੇ ਮਰੀਯਮ ਨੂੰ ਛੱਡ ਦਿੱਤਾ ਸੀ, ਪਹਿਲਾਂ ਹੀ ......ਤੇ ਯੂਸਫ ਮਰੀਯਮ ਨੂੰ ਵਿਆਹ ਤੋਂ ਪਹਿਲਾਂ ਹੀ ਛੱਡਣ ਦੇ ਬਾਰੇ ਸੋਚ ਰਿਹਾ ਸੀ। ਸਮਝੇ? ਯੂਸਫ ਦੀ ਮਰੀਯਮ ਦੇ ਨਾਲ ਮੰਗਣੀ ਹੋ ਚੁੱਕੀ ਸੀ।

124 ਅਤੇ ਜਦ ਉਹ ਵਚਨ, ਮਸੀਹ ਜਿਹਦਾ ਖੁਦਾ ਨੇ ਵਾਇਦਾ ਕੀਤਾ ਹੋਇਆ ਸੀ ਵਿਆਹ ਕਰਨ ਲਈ ਆਇਆ ਤਾਂ ਉਸਨੇ ਉਹਨੂੰ ਆਪਣੇ ਵਚਨ ਦੀ ਬਜਾਏ ਹੋਰਨਾਂ ਚੀਜ਼ਾਂ ਵਿੱਚ ਜਕੜਿਆ ਹੋਇਆ ਪਾਇਆ ਤੇ ਉਨ੍ਹਾਂ ਚੀਜ਼ਾਂ ਵਿੱਚ ਉਹ ਇਸ ਤਰ੍ਹਾਂ ਵਲੇਟ ਹੋਈ ਸੀ ਕਿ ਉਹ ਵਾਇਦਾ ਜੋ ਕਿ ਵਚਨ ਦੇ ਰੂਪ ਵਿੱਚ ਮਸੀਹ ਸੀ ਉਹ ਉਸ ਅਸਲੀ ਵਾਇਦੇ ਨੂੰ ਲੈਣ ਲਈ ਤਿਆਰ ਨਹੀਂ ਸੀ।

125 ਹੋ ਸੱਕਦਾ ਹੈ ਕਿ ਇਹ ਗੱਲ ਤੁਹਾਡੀ ਸਮਝ ਵਿੱਚ ਨਾ ਆਈ ਹੋਵੇ। ਤੁਸੀਂ ਮੈਨੂੰ ਇਸਦੇ ਬਾਰੇ ਵਿੱਚ ਕੁਝ ਹੋਰ ਦੱਸਣ ਦਿਓ। ਵੇਖੋ, ਮੈਂ ਚਹੁੰਦਾ ਹਾਂ ਕਿ ਤੁਸੀਂ ਇਸਨੂੰ ਸਮਝ ਜਾਓ।

126 ਉਸ(ਹੱਵਾਹ, ਦੁਲਹਨ)ਨਾਲ ਵਾਇਦਾ ਕੀਤਾ ਗਿਆ ਸੀ ਕਿ ਉਹਦੇ ਲਈ ਇੱਕ ਛੁਡਾਉਣ ਵਾਲਾ ਅਵੇਗਾ। ਉਸਦਾ ਛੁਡਾਉਣ ਵਾਲਾ ਵਚਨ ਹੋਵੇਗਾ। ਅਤੇ ਜਦ ਦੇਹਧਾਰੀ ਵਚਨ ਆਇਆ ਤਾਂ ਉਹਨੇ ਉਸਨੂੰ ਹੀ ਠੁਕਰਾ ਦਿੱਤਾ। ਅਤੇ ਉਹਨੂੰ ਤਾਂ ਵਚਨ ਦੀ ਬਜਾਏ ਹੋਰ ਚੀਜ਼ਾਂ ਦਿੱਤੀਆਂ ਗਈਆਂ ਸਨ। ਹੁਣ ਤੁਸੀਂ ਇਨ੍ਹਾਂ "ਹੋਰ ਚੀਜ਼ਾਂ" ਵੱਲ ਧਿਆਨ ਦਿਓ। ਉਸਨੂੰ ਜੋ ਹੋਰ ਚੀਜ਼ਾਂ ਦਿੱਤੀਆਂ ਗਈਆਂ ਸਨ, ਉਸਨੇ ਉਨ੍ਹਾਂ ਨੂੰ ਤਦ ਤੱਕ ਚੜਾਉਂਦੇ ਰਹਿਣਾ ਸੀ ਜਦ ਤੱਕ ਕਿ ਛੁਡਾਉਣ ਵਾਲਾ ਨਹੀਂ ਆ ਜਾਂਦਾ ਹੈ। ਅਤੇ ਜਦੋਂ ਛੁਡਾਉਣ ਵਾਲਾ ਆਇਆ ਤਾਂ ਉਹ ਉਨ੍ਹਾਂ ਹੋਰ ਚੀਜ਼ਾਂ ਨੂੰ ਹੀ ਚੱਲਦਾ ਰੱਖਣਾ ਚਾਹੁੰਦੀ ਸੀ ਤੇ ਉਸਨੇ ਸੱਚੇ ਵਚਨ ਨੂੰ ਠੁਕਰਾ ਦਿੱਤਾ। ਕੀ ਤੁਸੀਂ ਇਸਨੂੰ ਸਮਝ ਗਏ? [ਸੰਗਤ ਆਖਦੀ ਹੈ, "ਆਮੀਨ। "-ਸੰਪਾ]ਅਤੇ ਉਹ ਤਾਂ ਇਬਰਾਨੀ ਅਥਵਾ ਯਹੂਦੀ ਲਾੜੀ ਸੀ।

127 ਅਤੇ ਇਸੇ ਤਰ੍ਹਾਂ ਹੀ ਉਹਦੇ ਨਾਲ ਦੁਲਹਨ ਨੇ, ਦੂਸਰੀ ਹੱਵਾਹ, ਸਾਰੇ ਆਤਮਿਕ ਜੀਉਂਦਿਆਂ ਦੀ ਮਾਤਾ ਨੇ ਕੀਤਾ ਸੀ। ਸਮਝੇ? *ਹੱਵਾਹ* ਦਾ ਅਰਥ ਹੁੰਦਾ ਹੈ, "ਸਭਨਾਂ ਜੀਉਂਦਿਆਂ ਦੀ ਮਾਂ ", ਇਹ ਆਤਮਾ-......" ਉਨ੍ਹਾਂ ਸਾਰਿਆਂ ਦੀ ਮਾਤਾ ਜਿਹੜੇ ਜੀਉਂਦੇ ਹਨ। " *ਹੱਵਾਹ* ਦਾ ਅਰਥ ਹੁੰਦਾ ਹੈ, "ਉਨ੍ਹਾਂ ਸਾਰਿਆਂ ਦੀ ਮਾਤਾ ਜੋ ਜੀਉਂਦੇ ਹਨ। "

128 ਅਤੇ ਹੁਣ ਜਦ ਉਹ ਇਬਰਾਨੀ ਦੁਲਹਨ ਦੇ ਕੋਲ ਆਇਆ, ਉਹ ਉਨ੍ਹਾਂ ਸਾਰੇ ਜੀਉਂਦਿਆਂ ਦੀ ਮਾਤਾ ਸੀ, ਪ੍ਰੰਤੂ ਉਸਨੇ ਉਹਨੂੰ ਠੁਕਰਾ ਦਿੱਤਾ ਸੀ।

129 ਸੁਭਾਵਕ ਅਥਵਾ ਭੌਤਿਕ ਹੱਵਾਹ ਅਦਨ ਦੇ ਬਾਗ ਵਿੱਚ ਪ੍ਰਮੇਸ਼ੁਰ ਦੇ ਵਚਨ ਦੀ ਬਜਾਏ ਸ਼ੈਤਾਨ ਦੇ ਤਰਕ ਨੂੰ ਸੁਣ ਕੇ ਡਿੱਗ ਗਈ। ਇਹੋ ਹੀ ਉਹਦੇ ਡਿੱਗਣ ਦਾ ਕਾਰਨ ਸੀ। ਠੀਕ ਹੈ, ਸ਼੍ਰੀਮਾਨ ਜੀ। ਉਹ ਡਿੱਗ ਗਈ ਕਿਉਂਕਿ ਉਸਨੇ ਇਸ ਤਰ੍ਹਾਂ ਕੀਤਾ ਸੀ।

130 ਆਤਮਿਕ ਹੱਵਾਹ, ਮਸੀਹ ਦੀ ਦੁਲਹਨ ਨੂੰ ਵੇਖੋ ਜੋ ਕਿ ਕਲੀਸਿਯਾ ਹੈ। ਉਹ ਅਦਨ ਦੇ ਬਾਗ ਵਿੱਚ ਨਹੀਂ ਬਲਕਿ ਰੋਮ ਵਿੱਚ ਨੀਸੀਆ ਸਭਾ ਵਿੱਚ ਉਸ ਵਕਤ ਡਿੱਗ ਗਈ ਜਦ ਉਸਨੇ ਵਚਨ ਨੂੰ ਠੁਕਰਾ ਦਿੱਤਾ ਸੀ। ਉਹ ਪੈਂਟੀਕਾਸਟਲ ਕਲੀਸਿਯਾ ਜਿਹੜੀ ਕਿ ਨੀਸੀਆ ਗਈ, ਇਸਦੇ ਬਜਾਏ ਕਿ ਉਹ ਵਚਨ ਨੂੰ ਫੜੀ ਰੱਖਦੀ, ਉਹਨੇ ਰੋਮ ਦੇ ਤਰਕ ਨੂੰ ਸੁਣਿਆ ਅਤੇ ਉਹ ਡਿੱਗ ਗਈ। ਅਤੇ ਜੋ ਕੁਝ ਵੀ ਉਹਦੇ ਕੋਲ ਸੀ ਉਹ ਉਸਦੇ ਨਾਲ ਹੀ ਮਰ ਗਿਆ ਸੀ, ਸੱਭ ਕੁਝ ਉਸਦੇ ਨਾਲ ਮਰ ਗਿਆ। ਜਿਵੇਂ ਸ਼ਰੀਰਕ ਹੱਵਾਹ ਡਿੱਗੀ, ਬਿਲਕੁੱਲ ਉਸੇ ਤਰ੍ਹਾਂ ਹੀ ਆਤਮਿਕ ਹੱਵਾਹ ਵੀ ਡਿੱਗੀ। ਪਰਮੇਸ਼ੁਰ ਦੀ ਲਾੜੀ ਅਦਨ ਦੇ ਬਾਗ ਵਿੱਚ ਡਿੱਗੀ ਅਤੇ ਮਸੀਹ ਦੀ ਦੁਲਹਨ ਰੋਮ ਵਿੱਚ ਡਿੱਗੀ। ਸਮਝੇ?

131 ਧਿਆਨ ਦਿਓ ਉਸਨੇ ਵੀ ਤਰਕ ਦੇ ਕਾਰਨ ਆਪਣੀ ਸ਼ਕਤੀ ਦੇ ਸਾਰੇ ਹੱਕ ਸ਼ੈਤਾਨ ਨੂੰ ਦੇ ਦਿੱਤੇ। ਜਿਵੇਂ ਕਿ ਅਸੀਂ ਇਨ੍ਹਾਂ ਮੋਹਰਾਂ ਦੇ ਖੋਲ੍ਹੇ ਜਾਣ ਤੇ ਇਹ ਲੱਭਿਆ ਹੈ ਕਿ ਉਹ ਸ਼ੈਤਾਨ ਹੀ ਸੀ ਅਤੇ ਉਹ ਹੁਣ ਵੀ ਸ਼ੈਤਾਨ ਹੀ ਹੈ। ਬਾਈਬਲ ਦੱਸਦੀ ਹੈ ਕਿ ਇਹ(ਰੋਮ) ਹੀ ਸ਼ੈਤਾਨ ਦੀ



227 ਯਿਸੂ ਉੱਥੇ ਖੜਾ ਸੀ, ਇੱਕ ਛੋਟਾ ਜਿਹਾ ਸਧਾਰਣ ਮਨੁੱਖ। ਸ਼ਮਊਨ ਯਿਸੂ ਦੇ ਕੋਲ ਆਉਂਦਾ ਹੈ। ਅਤੇ ਯਿਸੂ ਉਸਨੂੰ ਕਹਿੰਦਾ ਹੈ, "ਤੇਰਾ ਨਾਮ ਸ਼ਮਊਨ ਹੈ। ਅਤੇ ਤੇਰੇ ਪਿਤਾ ਦਾ ਨਾਮ ਯੋਨਾ ਹੈ। " ਇਸ ਗੱਲ ਨੇ ਉਸਨੂੰ ਹੈਰਾਨ ਕਰ ਦਿੱਤਾ। ਕਿਉਂ? ਕਿਉਂਕਿ ਅਨੰਤ ਜੀਵਨ ਉਸ ਛੋਟੇ ਜਿਹੇ ਬੀਜ ਨਾਲ ਜੋ ਉੱਥੇ ਅੰਦਰ ਸੀ ਟਕਰਾਇਆ। ਜੀ ਹਾਂ ਸ਼੍ਰੀ ਮਾਨ।

228 ਉਸਨੇ ਕਿਹਾ, "ਇੱਕ ਮਿੰਟ ਜਰਾ ਰੁਕੋ। ਮੇਰੇ ਬਾਰੇ ਵਿੱਚ ਤੂੰ ਇਹ ਕਿਸ ਤਰ੍ਹਾਂ ਜਾਣਿਆ? ਤੂੰ ਤਾਂ ਮੈਨੂੰ ਕਦੇ ਵੀ ਨਹੀਂ ਵੇਖਿਆ। ਨਾ ਹੀ ਤੂੰ ਮੇਰੇ ਪਿਤਾ ਨੂੰ ਜਾਣਦਾ ਹੈਂ ਕਿਉਂਕਿ ਉਸਨੂੰ ਮਰੇ ਹੋਏ ਤਾਂ ਕਈ ਸਾਲ ਹੋ ਗਏ ਹਨ। ਪ੍ਰੰਤੂ ਹੁਣ ਤੂੰ ਇੱਥੇ ਆਇਆ ਹੈਂ ਅਤੇ ਮੈਨੂੰ ਇਹ ਕਿਸ ਤਰ੍ਹਾਂ ਦੱਸ ਦਿੱਤਾ ਹੈ? ਹੁਣ, ਇਹ ਉਹ ਨਹੀਂ ਕਿ ਬਜੁਰਗ ਨੇ ਕੀ ਕਿਹਾ ਹੈ। " ਪ੍ਰੰਤੂ ਬਾਈਬਲ ਆਖਦੀ ਹੈ ਕਿ ਮਸੀਹਾ ਨਬੀ ਹੋਵੇਗਾ। ਇੱਥੇ ਉਹ ਹੈ। ਇਹ ਹੀ ਉਹ ਹੈ। "

229 ਇੱਕ ਦਿਨ ਉਹ ਕੁਝ ਯਹੂਦੀਆਂ ਨਾਲ ਸਾਮਰੀਆ ਦੇ ਵਿੱਚ ਦੀ ਹੋ ਕੇ ਲੰਘਿਆ। ਉਸਨੇ ਉਨ੍ਹਾਂ ਲੋਕਾਂ ਨੂੰ ਵੱਖਰੇ ਕੀਤਾ। ਅਤੇ ਤੁਸੀਂ ਜਾਣਦੇ ਹੋ ਕਿ ਇਹ ਬਦਨਾਮ ਤੀਵੀਂ ਆਉਂਦੀ ਹੈ, ਹੋ ਸੱਕਦਾ ਹੈ ਕਿ ਉਹ ਇੱਕ ਸੁੰਦਰ ਲੜਕੀ ਹੋਵੇ। ਅਤੇ ਉਹਨੂੰ ਬੱਚੇ ਵਾਂਗੂ ਬਾਹਰ ਗਲੀ ਵਿੱਚ ਕੱਢ ਦਿੱਤਾ ਜਾ ਚੁੱਕਾ ਸੀ। ਅਤੇ ਉਹ ਉੱਥੋਂ ਦੀ ਲੰਘ ਰਹੀ ਸੀ। ਹੋ ਸੱਕਦਾ ਹੈ ਕਿ ਉਹ ਕੁਝ ਸੋਚ ਰਹੀ ਹੋਵੇ। ਉਹ ਉੱਥੇ ਆਈ, ਅਤੇ ਉਸਨੇ ਆਪਣੀ ਬਾਲਟੀ ਹੇਠਾਂ ਖੂਹ ਵਿੱਚ ਲਟਕਾ ਦਿੱਤੀ। ਸੋ ਤੁਸੀਂ ਜਾਣਦੇ ਹੋ ਕਿ ਉਸਨੇ ਪਾਣੀ ਭਰਨ ਲਈ ਲੱਜ ਨੂੰ ਚਰਖੜੀ ਤੋਂ ਹੇਠਾਂ ਛੱਡ ਦਿੱਤਾ। ਅਤੇ ਉਸਨੇ ਇੱਕ ਆਦਮੀ ਨੂੰ ਆਖਦੇ ਸੁਣਿਆ, " ਮੈਨੂੰ ਪਾਣੀ ਪਿਆ।" ਉਸਨੇ ਇੱਧਰ-ਉੱਧਰ ਵੇਖਿਆ ਤਾਂ ਉੱਥੇ ਅਧਖੜ ਉਮਰ ਦਾ ਇੱਕ ਯਹੂਦੀ ਬੈਠਾ ਹੋਇਆ ਸੀ।

230 ਉਸ ਤੀਵੀਂ ਨੇ ਕਿਹਾ, "ਦੱਸ ਕੀ ਤੂੰ ਯਹੂਦੀ ਨਹੀਂ ਹੈ?ਤੈਨੂੰ ਮੇਰੇ ਕੋਲੋਂ ਪਾਣੀ ਨਹੀਂ ਮੰਗਣਾ ਚਾਹੀਦਾ ਹੈ। ਮੇਰੇ ਨਾਲ ਗੱਲ ਕਰਨਾ ਵੀ ਤੇਰੀ ਰੀਤ ਦੇ ਓਲਟ ਹੈ। ਮੈਂ ਇੱਕ ਸਾਮਰੀ ਹਾਂ। "

231 ਉਸਨੇ ਕਿਹਾ, " ਜੇ ਤੂੰ ਇਹ ਜਾਣਦੀ ਕਿ ਤੇਰੇ ਨਾਲ ਕੌਣ ਗੱਲਾਂ ਕਰ ਰਿਹਾ ਹੈ ਤਾਂ ਤੂੰ ਲਿਆਉਂਦੀ ....ਤਾਂ ਤੂੰ ਮੇਰੇ ਕੋਲੋਂ ਪਾਣੀ ਮੰਗਦੀ। "

232 ਉਹ ਬੋਲੀ, "ਤੇਰੀ ਬਾਲਟੀ ਕਿੱਥੇ ਹੈ?""ਤੇਰੀ ਲੱਜ ਕਿੱਥੇ ਹੈ?" ਸਮਝੇ? ਉਸਨੇ ਕਿਹਾ, "ਚੰਗਾ ਜਿਹੜਾ ਪਾਣੀ ਮੈਂ ਤੈਨੂੰ ਦਿੰਦਾ ਹਾਂ ਉਹ ਜੀਵਨ ਹੈ। "

233 "ਕੀ?" ਸਮਝੇ? ਕਿਉਂ, ਤੁਸੀਂ ਸਾਰੇ ਯਰੂਸ਼ਲਮ ਵਿੱਚ ਭਗਤੀ ਕਰਨੀ ਚਹੁੰਦੇ ਹੋ। ਅਤੇ ਸਾਡੇ ਬਾਪ ਦਾਦਿਆਂ ਨੇ ਭਗਤੀ ਕੀਤੀ ......."

234 ਔਹ, ਉਹ ਨੇ ਕਿਹਾ, ਇਹ ਸੱਚ ਹੈ ਪਰ ਅਸੀਂ ਯਹੂਦੀ ਜਾਣਦੇ ਹਾਂ ਕਿ ਅਸੀਂ ਕੀ ਭਗਤੀ ਕਰਦੇ ਹਾਂ। "ਪ੍ਰੰਤੂ", "ਤੁਸੀਂ ਇਹ ਜਾਣ ਲਓ ਕਿ ਇੱਕ ਸਮਾਂ ਆਉਂਦਾ ਹੈ ਜਦ ਲੋਕ ਨਾ ਤਾਂ ਯਰੂਸ਼ਲਮ ਵਿੱਚ ਅਤੇ ਨਾ ਹੀ ਇਸ ਪਹਾੜ ਉੱਤੇ ਭਗਤੀ ਕਰਨਗੇ। " ਉਸਨੇ ਕਿਹਾ, ਉਹ ਤਾਂ ਆਤਮਾ ਵਿੱਚ ਉਸਦੀ ਭਗਤੀ ਕਰਨਗੇ ਕਿਉਂਕਿ ਉਹ ਆਤਮਾ ਅਤੇ ਸੱਚਾਈ ਹੈ। ਤੁਸੀਂ ਜਾਣਦੇ ਹੋ ਤਦ ਉਹਨੇ ਉਸ ਦੀਆਂ ਗੱਲਾਂ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ।

219 ਮੈਂ ਇਹ ਆਖਾਂਗਾ ਕਿ ਅਸਲ, ਤੁਸੀਂ ......ਇਸਨੂੰ ਗਹਿਰਾਈ ਤੱਕ ਜਾਣ ਦਿਓ। ਮੈਂ ਚਾਹੁੰਦਾ ਹਾਂ ਕਿ ਇਹ ਤੁਹਾਡੇ ਅੰਦਰ ਘਰ ਕਰ ਜਾਵੇ। ਬਿਲਕੁੱਲ ਇਹ ਹੀ ਗੱਲ ਅੱਜ ਤੁਹਾਡੇ ਨਾਲ ਹੈ, ਵੇਖੋ, ਤੁਸੀਂ ਵਚਨ ਨਹੀਂ ਜਾਣਦੇ ਹੋ!ਸਮਝ ਲੱਗੀ?

220 ਖੁਦਾਵੰਦ ਯਿਸੂ ਨੇ ਕਿਹਾ, " ਤੁਸੀਂ ਅਕਾਸ਼ ਦੇ ਲੱਛਣ ਵੇਖ ਕੇ ਪਰਖ ਸੱਕਦੇ ਹੋ ਪਰ ਤੁਸੀਂ ਸਮੇਂ ਦੇ ਚਿੰਨ੍ਹਾਂ ਨੂੰ ਤੁਸੀਂ ਨਹੀਂ ਦੱਸ ਸੱਕਦੇ। "

ਉਨ੍ਹਾਂ ਆਖਿਆ, "ਸਾਡੇ ਕੋਲ ਮੂਸਾ ਹੈ। "

221 ਇਸ ਲਈ ਯਿਸੂ ਨੇ ਕਿਹਾ, " ਜੇ ਤੁਸੀਂ ਮੂਸਾ ਨੂੰ ਜਾਣਦੇ ਹੁੰਦੇ ਤਾਂ ਤੁਸੀਂ ਮੈਨੂੰ ਵੀ ਜਾਣ ਲੈਂਦੇ। " ਉਹ ਮੂਸਾ ਨੂੰ ਨਹੀਂ ਜਾਣਦੇ ਸਨ ਇਸੇ ਲਈ ਉਹ ਨਹੀਂ ਜਾਣ ਸਕੇ। ਉਹ ਤਾਂ ਬਸ ਉਸ ਅਕੀਦੇ ਨੂੰ ਜਾਣਦੇ ਸਨ ਜਿਸ ਵਿੱਚ ਉਹ ਪੈਦਾ ਹੋਏ ਸਨ।

222 ਹੁਣ ਆਓ ਅਸੀਂ ਇਸ ਪੁਰਾਣੇ ਮਛੇਰੇ ਨੂੰ ਵੇਖੀਏ। ਉਸਨੇ ਆਪਣੀ ਟੋਕਰੀ ਸੰਭਾਲੀ। ਅਤੇ ਆਪਣੀ ਧੌਲੀ ਦਾੜ੍ਹੀ ਤੇ ਹੱਥ ਫੇਰਿਆ ਅਤੇ ਇਹ ਕਹਿੰਦੇ ਹੋਏ ਤੁਰ ਪੈਂਦਾ ਹੈ ਕਿ " ਮੇਰਾ ਵਿਸ਼ਵਾਸ਼ ਹੈ ਮੈਂ ਵੇਖਾਂਗਾ ਕਿ ਉਹ ਕੌਣ ਹੈ। "

223 ਉਸਦੇ ਭਾਈ ਨੇ ਕਿਹਾ, "ਆਓ ਚੱਲੀਏ। " ਇਹ ਉਹ ਹੀ ਆਦਮੀ ਹੈ। ਇਹ ਹੀ ਉਹ ਆਦਮੀ ਹੈ ਜਿਹਦੇ ਬਾਰੇ ਵਿੱਚ ਕਿਸੇ ਦੂਜੇ ਦਿਨ ਉਸਨੇ ਕਿਹਾ ਸੀ .....ਮੈਂ ਕੱਲ ਸਾਰੀ ਰਾਤ ਉਸਦੇ ਨਾਲ ਰਿਹਾ ਸੀ। ਕੀ ਤੁਸੀਂ ਯੂਹੰਨਾ ਨੂੰ ਜਾਣਦੇ ਹੋ ਮੈਂ ਉਸੇ ਦੇ ਬਾਰੇ ਵਿੱਚ ਹੀ ਤੁਹਾਡੇ ਨਾਲ ਗੱਲਾਂ ਕਰ ਰਿਹਾ ਸਾਂ ?"

224 ਹਾਂ, ਉਹ ਜੰਗਲੀ ਆਦਮੀ ਉੱਥੇ ਹੈ !ਹਾਂ, ਮੈਂ ਉਸਦੇ ਬਾਰੇ ਵਿੱਚ ਸੁਣਿਆ ਹੈ। " ਮੈਂ ਉੱਥੇ ਥੱਲੇ ਉਸਦੇ ਬਾਰੇ ਵਿੱਚ ਸੁਣਿਆ ਹੈ। ਹਾਂ ਉਹ ਉੱਥੇ ਥੱਲੇ ਦੋ ਤਿੰਨ ਮਹੀਨਿਆਂ ਤੋਂ ਹੈ। "

225 "ਅੱਛਾ, ਉਹਨੇ ਕਿਹਾ .......ਅਤੇ ਇੱਕ ਦਿਨ ਉਹ ਉੱਥੇ ਖੜ੍ਹਾ ਸੀ, ਅਤੇ ਉਸਨੇ ਇੱਕ ਅਜੀਬ ਗੱਲ ਕਹੀ। ਉਹਨੇ ਕਿਹਾ, 'ਤੁਸੀਂ ਜਾਣਦੇ ਹੋ ਹੁਣ ਉਹ ਸਿੱਧਾ ਇੱਥੇ ਆਉਂਦਾ ਹੈ!' ਉਹਨਾਂ ਪੁੱਛਿਆ, ' ਤੂੰ ਕਿਸ ਤਰ੍ਹਾਂ ਜਾਣਦਾ ਹੈਂ?' ਉਸਨੇ ਉੱਥੇ ਉੱਪਰ ਵੇਖਿਆ ; ਉੱਥੇ ਇੱਕ ਸਧਾਰਨ ਜਿਹਾ ਆਦਮੀ ਖੜ੍ਹਾ ਸੀ। ਉਸਨੇ ਕਿਹਾ, 'ਮੈਂ ਪ੍ਰਮੇਸ਼ੁਰ ਦਾ ਆਤਮਾ ਕਬੂਤਰ ਦੀ ਨਾਈ ਹੇਠਾਂ ਆਉਂਦੇ ਵੇਖਦਾ ਹਾਂ। ਮੈਂ ਇੱਕ ਅਵਾਜ਼ ਨੂੰ ਇਹ ਕਹਿੰਦੇ ਹੋਏ ਸੁਣਦਾ ਹਾਂ, "ਇਹ ਹੀ ਉਹ ਹੈ। ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਵਿੱਚ ਰਹਿ ਕੇ ਮੈਂ ਪ੍ਰਸੰਨ ਹਾਂ। "' ਫਿਰ ਉਹ ਪਾਣੀ ਵਿੱਚ ਗਿਆ ਅਤੇ ਉਸਨੂੰ ਬਪਤਿਸਮਾ ਦਿੱਤਾ। ਅੱਛਾ, ਉੱਥੇ ਹੀ ਯੂਹੰਨਾ ਨੇ ਕਿਹਾ ਸੀ ਕਿ ਉਹ ਉਸਨੂੰ ਜਾਣਦਾ ਹੈ।"

226 ਸ਼ਮਊਨ ਨੇ ਕਿਹਾ, " ਮੈਂ ਨਹੀਂ ਜਾਣਦਾ ਹਾਂ। " "ਮੈਂ ਇਸ ਤਰ੍ਹਾਂ ਦੀਆਂ ਗੱਲਾਂ ਬਹੁਤ ਵਾਰ ਸੁਣੀਆਂ ਹਨ। " ਪ੍ਰੰਤੂ ਉਹ ਉੱਥੇ ਉੱਪਰ ਆਉਂਦਾ ਹੈ। ਪ੍ਰੰਤੂ ਉਸਦੇ ਹਿਰਦੇ ਵਿੱਚ ਪਹਿਲਾਂ ਤੋਂ ਹੀ ਚੁਣਿਆ ਹੋਇਆ ਬੀਜ਼ ਸੀ। ਸਮਝੇ? ਇਹ ਠੀਕ ਗੱਲ ਹੈ। ਯਿਸੂ ਨੇ ਇਸ ਤਰ੍ਹਾਂ ਹੀ ਕਿਹਾ ਸੀ। ਚੱਲ ਕੇ ਯਿਸੂ ਦੇ ਕੋਲ ਆਉਂਦਾ ਹੈ। ਕਿਹਾ, "ਮੈਂ ਉਸਦੀ ਸਭਾ ਵਿੱਚ ਜਾ ਕੇ ਤੇ ਵੇਖਾਂਗਾ। " ਅਤੇ ਉਹ ਉੱਥੇ ਗਿਆ।



ਗੱਦੀ ਹੈ। ਅਤੇ ਜਿਵੇਂ ਹੱਵਾਹ ਨੇ ਅਦਨ ਦੇ ਬਾਗ ਵਿੱਚ ਆਪਣੇ ਸ਼ਕਤੀਸ਼ਾਲੀ ਹੱਕ ਗੁਆ ਲਏ ਸਨ ਅਤੇ ਉਹ ਸ਼ੈਤਾਨ ਦੇ ਦਿੱਤੇ ਸਨ; ਇਸੇ ਤਰ੍ਹਾਂ ਹੀ ਕਲੀਸਿਯਾ, ਮਸੀਹ ਦੀ ਦੁਲਹਨ ਨੇ ਰੋਮ ਵਿੱਚ ਕੀਤਾ ਸੀ ਜਦ ਉਨ੍ਹਾਂ ਨੇ ਆਪਣੇ ਅਕੀਦੇ ਅਤੇ ਤਰਕਾਂ ਦੇ ਕਾਰਨ ਬਾਈਬਲ ਨੂੰ ਨਕਾਰ ਦਿੱਤਾ ਸੀ। ਵੇਖਿਆ ਇਹ ਕਿਵੇਂ ਮਿਲਦਾ-ਜੁਲਦਾ ਹੈ? [ਸੰਗਤ ਆਖਦੀ ਹੈ, "ਅਮੀਨ। "-ਸੰਪਾ]

132 ਜੇ ਤੁਸੀਂ ਉਨ੍ਹਾਂ ਨਮੂਨਿਆਂ ਨੂੰ ਵੇਖਦੇ ਰਹੋ ਤਾਂ ਤੁਸੀਂ ਇਸਦੇ ਲਈ ਬੱਧੇ ਹੋਏ ਹੋ ਕਿ ਤੁਸੀਂ ਬਾਹਰ ਨਿੱਕਲ ਜਾਓ। ਜੇ ਮੇਰਾ ਹੱਥ ਇਸ ਤਰ੍ਹਾਂ ਦਾ ਵਿਖਾਈ ਦਿੰਦਾ ਹੈ .......ਜੇ ਮੈਂ ਆਪਣੇ ਆਪ ਨੂੰ ਕਦੇ ਨਹੀਂ ਵੇਖਿਆ, ਅਤੇ ਮੈਂ ਆਪਣੇ ਪ੍ਰਛਾਵੇਂ ਨੂੰ ਆਉਂਦਾ ਹੋਇਆ ਵੇਖਾਂ ਤਾਂ ਮੈਨੂੰ ਪਤਾ ਲੱਗ ਜਾਵੇਗਾ ਕਿ ਮੈਂ ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਹਾਂ। ਸਮਝੇ? ਪ੍ਰੰਤੂ ਇਹ ਤਾਂ ਇੱਕ ਢੰਗ ਹੈ। ਜੇ ਤੁਸੀਂ ਇਹ ਵੇਖਣਾ ਚਾਹੁੰਦੇ ਹੋ ਕਿ ਕੀ ਹੋਣ ਵਾਲਾ ਹੈ ਤਾਂ ਤੁਸੀਂ ਉਹ ਵੇਖੋ ਜੋ ਹੋ ਚੁੱਕਾ ਹੈ। ਬਾਈਬਲ ਦੱਸਦੀ ਹੈ ਕਿ, "ਕਿਉਂਕਿ .....ਸੱਭ ਪੁਰਾਣੀਆਂ ਗੱਲਾਂ ਆਉਣ ਵਾਲੀਆਂ ਗੱਲਾਂ ਦਾ ਪ੍ਰਛਾਵਾਂ ਹੀ ਸਨ। "ਇਹ ਠੀਕ ਗੱਲ ਹੈ।

133 ਕਿਉਂਕਿ ਉਸਨੇ ਆਪਣੀ ਨੈਤਕਿਤਾ ਦੇ ਵਚਨ ਨੂੰ ਵੇਚ ਦਿੱਤਾ, ਪ੍ਰਮੇਸ਼ੁਰ ਦਾ ਵਚਨ, ਉਸਨੇ ਬਾਈਬਲ ਨੂੰ ਵੇਚ ਦਿੱਤਾ ਤੇ ਉਸ ਥਾਂ ਇੱਕ ਆਦਮੀ ਨੂੰ ਰੱਖ ਦਿੱਤਾ ਜੋ ਇਹ ਆਖਦਾ ਹੈ ਕਿ ਗਿਰਜੇ ਦੇ ਕੋਲ ਹੱਕ ਹਨ ਕਿ ਉਹ ਕੁਝ ਵੀ ਬਦਲ ਸੱਕਦੇ ਹਨ ਜੋ ਕੁਝ ਉਹ ਬਦਲਣਾ ਚਾਹੁੰਦੇ ਹੋਣ ਅਤੇ ਉਨ੍ਹਾਂ ਨੇ ਇੰਝ ਹੀ ਕੀਤਾ। ਅਤੇ ਮਸੀਹ ਦੀ ਲਾੜੀ ਨੇ, ਪੈਂਤੀਕੁਸਤ ਲਾੜੀ ਨੇ ਆਪਣੇ ਗੁਣਾਂ ਨੂੰ ਨੀਸੀਆ ਦੀ ਸਭਾ ਦੇ ਦੌਰਾਨ ਵੇਚ ਦਿੱਤਾ, ਬਿਲਕੁੱਲ ਓਸੇ ਤਰ੍ਹਾਂ ਜਿਵੇਂ ਹੱਵਾਹ ਨੇ ਆਪਣਾ ਗੁਣ ਸ਼ੈਤਾਨ ਨੂੰ ਅਦਨ ਦੇ ਬਾਗ ਵਿੱਚ ਵੇਚ ਦਿੱਤਾ ਸੀ। ਇਹ ਠੀਕ ਗੱਲ ਹੈ।

134 ਇਹ ਜਾਣਦੇ ਹੋਏ ਕਿ ਉਹ ਇਸ ਤਰ੍ਹਾਂ ਕਰੇਗੀ, ਖੁਦਾ ਨੇ ਇਸ ਕਲੀਸਿਯਾ ਨਾਲ, ਇਸ ਪੈਂਤੀਕਾਸਟਲ ਕਲੀਸਿਯਾ ਨਾਲ ਵਾਅਦਾ ਕੀਤਾ ਹੋਇਆ ਹੈ ਜਿਵੇਂ ਕਿ ਉਸਨੇ ਹੱਵਾਹ ਨਾਲ ਵਾਅਦਾ ਕੀਤਾ ਸੀ, ਪ੍ਰਮੇਸ਼ੁਰ ਵਾਅਦਾ ਕਰ ਚੁੱਕਾ ਹੈ।

135 ਪੈਂਤੀਕਾਸਟਲ ਕਲੀਸਿਯਾ, ਕੀ ਤੁਸੀਂ ਨਿਹਚਾ ਕਰਦੇ ਹੋ ਕਿ ਉੱਥੇ ਉਸਨੇ ਆਪਣੇ ਜਨਮ ਹੱਕ ਵੇਚ ਦਿੱਤੇ ਹਨ, ਇਸ ਤੋਂ ਪਹਿਲਾ ਕਿ .....ਆਪਣੇ ਗੁਣਾਂ ਨੂੰ ਗੁਆ ਦਿੱਤਾ ਸੀ? ਕੀ ਤੁਸੀਂ ਇਹਦਾ ਵਿਸ਼ਵਾਸ਼ ਕਰਦੇ ਹੋ ? [ਸੰਗਤ ਆਖਦੀ ਹੈ, "ਆਮੀਨ। "-ਸੰਪਾ] ਯਕੀਨਨ ਹੀ ਉਸਨੇ ਇਸੇ ਤਰ੍ਹਾਂ ਹੀ ਕੀਤਾ ਸੀ। ਫਿਰ ਉਸ ਅਕੀਦੇ ਦਾ ਕੀ ਲਾਭ ਹੈ ਜਿਹੜਾ ਇਸ ਬਾਈਬਲ ਤੇ ਅਧਾਰਿਤ ਹੀ ਨਹੀਂ ਹੈ? ਮੈਂ ਚਾਹੁੰਦਾ ਹਾਂ ਕਿ ਕੋਈ ਮੈਨੂੰ ਇਹ ਲੱਭ ਕੇ ਵਿਖਾਏ ਜੋ ਰਸੂਲਾਂ ਦਾ ਅਕੀਦਾ ਅਖਵਾਉਂਦਾ ਹੈ ਜਾਂ ਇਹਦੇ ਬਾਰੇ ਵਿੱਚ ਬਾਈਬਲ ਵਿੱਚ ਇੱਕ ਸ਼ਬਦ ਵੀ ਲੱਭ ਕੇ ਵਿਖਾਏ। ਇਹ ਤਾਂ ਕੈਥੋਲਿਕ ਦਾ ਅਕੀਦਾ ਹੈ, ਰਸੂਲਾਂ ਦਾ ਅਕੀਦਾ ਨਹੀਂ ਹੈ।

136 ਤੁਸੀਂ ਰਸੂਲਾਂ ਦੇ ਕਰਤੱਵ 2:38 ਨੂੰ ਪੜ੍ਹੋ,ਜੇ ਰਸੂਲਾਂ ਦਾ ਕੋਈ ਅਕੀਦਾ ਸੀ ਤਾਂ ਉਹ ਇਹੋ ਹੀ ਸੀ। ਜੀ ਹਾਂ। ਸਮਝੇ? ਹੁਣ ਉਨ੍ਹਾਂ ਨੇ ਇਹੋ ਹੀ ਅਕੀਦਾ ਹਰ ਵਾਰ ਵਰਤਿਆ ਹੈ ਜਿਦਾਂ ਵੀ ਹੋਵੇ। ਸੋ ਜੇ ਤੁਸੀਂ .....ਸਮਝੇ?

137 ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਜਨਮ ਸਿੱਧ ਅਧਿਕਾਰ ਵੇਚ ਦਿੱਤੇ। ਇਨ੍ਹਾਂ ਨੇ ਹੀ ਨਹੀਂ ਸਗੋਂ ਮੈਥੋਡਿਸਟਾਂ, ਬੈਪਟਿਸਟਾਂ, ਪ੍ਰੈਸਬਾਈਟੇਰੀਅਨਾਂ, ਪੈਂਟੀਕਾਸਟਲਾਂ ਅਤੇ ਉਹਨਾਂ ਸਾਰਿਆਂ ਨੇ

ਵੀ ਇਹੋ ਹੀ ਕੀਤਾ ਹੈ। ਉਸਨੇ ਇੱਕ ਜੱਥੇਬੰਦੀ ਬਣਾਈ ਸੀ। ਇਹ ਰੋਮ ਸੀ, ਜਿਹਨੇ ਉਸ ਤੋਂ ਜੱਥੇਬੰਦੀ ਬਣਾਈ ਸੀ ਅਤੇ ਇੱਕ ਮਨੁੱਖ ਨੂੰ ਉਹਦੇ ਉੱਪਰ ਪ੍ਰਧਾਨ ਬਣਾ ਦਿੱਤਾ। ਅਤੇ ਮੈਥੋਡਿਸਟਾਂ, ਬੈਪਟਿਸਟਾਂ, ਪੈਂਟੀਕਾਸਟਲਾਂ ਅਤੇ ਹਰੇਕ ਨੇ ਇੰਝ ਹੀ ਕੀਤਾ ਹੈ ਅਤੇ ਆਦਮੀਆਂ ਦੇ ਝੁੰਢ ਨੂੰ ਉਹਦੇ ਤੇ ਪ੍ਰਧਾਨ ਠਹਿਰਾ ਦਿੱਤਾ ਹੈ। ਉਨ੍ਹਾਂ ਨੂੰ ਇਹਦੇ ਨਾਲ ਕੋਈ ਮਤਲਬ ਨਹੀਂ ਹੈ ਕਿ ਪ੍ਰਮੇਸ਼ੁਰ ਕੀ ਕਹਿੰਦਾ ਹੈ ......ਤੁਹਾਨੂੰ ਉਸੇ ਤਰ੍ਹਾਂ ਹੀ ਕਰਨਾ ਹੋਵੇਗਾ ਜਿਵੇਂ ਉਹ ਕਰਨ ਲਈ ਕਹਿੰਦੇ ਹਨ।

138 ਠੀਕ ਹੈ, ਇਹ ਕੀ ਹੈ ? ਇਹ ਦੁਨੀਆ ਵਿੱਚ ਕੁਝ ਨਹੀਂ ਬਲਕਿ ਆਤਮਿਕ ਵਿਭਚਾਰ ਅਥਵਾ ਹਰਾਮਕਾਰੀ ਹੈ, ਇਹ ਇੱਕ ਗਲਤ ਕਿਸਮ ਦੀ ਔਰਤ ਹੈ ; ਜਿਹੜੀ ਅਕੀਦੇ- ਮਨੁੱਖਾਂ ਦੇ ਘੜੇ ਹੋਏ ਝੂਠੇ ਅਕੀਦਿਆਂ ਦੀ ਪਾਲਣਾ ਕਰਦੀ ਹੈ, ਜੀ ਹਾਂ, ਸ਼੍ਰੀਮਾਨ। ਤਦ ਜਦ ਉਸਨੇ ਇਸ ਤਰ੍ਹਾਂ ਕੀਤਾ ਤਾਂ ਉਹ ਖੁਦਾ ਦੀ ਨਿਗਾਹ ਵਿੱਚ ਇੱਕ ਕੰਜਰੀ ਬਣ ਗਈ ਸੀ। ਹੁਣ ਮੈਂ ਤੁਹਾਨੂੰ ਇਹ ਸਿੱਧ ਕਰਕੇ ਵਿਖਾਵਾਂਗਾ। ਕੀ ਤੁਸੀਂ ਨਿਹਚਾ ਕਰਦੇ ਹੋ ਕਿ ਬਾਈਬਲ ਇਸੇ ਤਰ੍ਹਾਂ ਹੀ ਕਹਿੰਦੀ ਹੈ? ਹਾਂ, ਸ਼੍ਰੀਮਾਨ ਜੀ। ਉਸ ਦੀਆਂ ਧੀਆਂ ਨੇ ਵੀ ਇਹੋ ਕੁਝ ਹੀ ਕੀਤਾ ਹੈ।

139 ਹੁਣ ਜੇ ਤੁਸੀਂ ਇਹਨੂੰ ਨੋਟ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਕਰ ਸੱਕਦੇ ਹੋ। ਹੁਣ ਪ੍ਰਕਾਸ਼ ਦੀ ਪੋਥੀ 17 ਵਿੱਚ ਯੂਹੰਨਾ ਉੱਪਰ ਉਠਾ ਲਿਆ ਜਾਂਦਾ ਹੈ "ਅਤੇ ਉਸਨੇ ਇੱਕ ਵੱਡੀ ਕੰਜ਼ਰੀ ਨੂੰ ਬਹੁਤ ਸਾਰੇ ਪਾਣੀਆਂ ਉੱਤੇ ਬੈਠਾ ਵੇਖਿਆ ....." ਅਤੇ ਅਸੀਂ ਇਸਨੂੰ ਕੱਲ ਰਾਤ ਪੜ੍ਹਿਆ ਸੀ। ਅਤੇ ਉੱਥੇ ਸੱਤ ਪਹਾੜ ਸਨ, ਅਤੇ ਅਸਲ ਵਿੱਚ ਜੋ ਉਸਨੇ ਕੀਤਾ ਸੀ ਉਹ ਇਹ ਸੀ ਕਿ ਉਸਨੇ ਸੰਸਾਰ ਨੂੰ ਆਪਣੀਆਂ ਪਲੀਤ ਹਰਾਮਕਾਰੀਆਂ ਦਿੱਤੀਆਂ ਹਨ। ਕੀ ਇਹ ਠੀਕ ਹੈ? ਅਤੇ ਧਰਤੀ ਦੇ ਸੱਭ ਰਾਜਿਆਂ ਨੇ ਉਹਦੇ ਨਾਲ ਵਿਭਚਾਰ ਕੀਤਾ, ਠੱਗਣਾ, ਚੋਰੀ ਕਰਨਾ, ਅਤੇ ਝੂਠ ਬੋਲਣਾ, ਅਤੇ ਤੋਬਾ ਕਰਨ ਦੇ ਲਈ ਪੈਸੇ ਲੈਣੇ ਅਤੇ ਨੋਵੀਨਾ ਅਤੇ ਹੋਰ ਦੂਸਰੀਆਂ ਚੀਜ਼ਾਂ ਉਹਨੇ ਸੰਸਾਰ ਨੂੰ ਦਿੱਤੀਆਂ ਹਨ।

140 ਠੀਕ ਹੈ, ਹੁਣ ਯਾਦ ਰੱਖੋ, ਉਸ ਦੀਆਂ ਧੀਆਂ ਸਨ। ਠੀਕ ਹੈ, ਜੇ ਉਹ ਇੱਕ ਸੰਸਥਾ ਪ੍ਰਣਾਲੀ ਦੇ ਅਧੀਨ ਇੱਕ ਸੰਗਠਨ ਬਣ ਗਈ ਤਾਂ ਉਹ ਸਾਰੀ ਪ੍ਰਣਾਲੀ ਹੀ ਗਲਤ ਹੈ। ਅਤੇ ਜੇ ਹੱਵਾਹ ਨੇ ਪ੍ਰਮੇਸ਼ੁਰ ਦੀ ਅਣ-ਆਗਿਆਕਾਰੀ ਕਰਨ ਦੇ ਰਾਹੀਂ ਉਨ੍ਹਾਂ ਸਭਨਾਂ ਨੂੰ ਜੋ ਉਹਦੇ ਅਧੀਨ ਹੈ ਮੌਤ ਵਿੱਚ ਧੱਕ ਦਿੱਤਾ ਸੀ, ਬਿਲਕੁੱਲ ਉਸੇ ਤਰ੍ਹਾਂ ਹੀ ਹਰ ਇੱਕ ਗਿਰਜਾ ਜਿਹੜਾ ਕਿ ਸੰਸਥਾ ਹੈ ਮੌਤ ਵੱਲ ਧੱਕਦਾ ਹੈ। ਸੱਭ ਕੁਝ ਮੱਤ ਵਿੱਚ ਚਲਾ ਗਿਆ ਹੈ। ਇਹ ਬਿਲਕੁੱਲ ਖੁਦਾ ਦੇ ਵਚਨ ਦੇ ਅਨੁਸਾਰ ਹੈ। ਤੁਸੀਂ ਪ੍ਰਕਾਸ਼ ਪੋਥੀ 17 ਪੜ੍ਹੋ। ਅਤੇ ਬਾਈਬਲ ਕਹਿੰਦੀ ਹੈ ਕਿ ਉਹ, " ਵੱਡੀ ਕੰਜ਼ਰੀ ਅਤੇ ਉਸਦੇ ਬਾਲਕਾਂ ਨੂੰ ਅੱਗ ਨਾਲ ਸਾੜੇਗਾ। " ਇਹ ਸੱਚ ਹੈ। ਇਹਦਾ ਮਤਲਬ ਹੈ ਕਿ ਹਰੇਕ ਸੰਸਥਾ ਪ੍ਰਣਾਲੀ ਇਸ ਵੱਡੀ ਕੰਜ਼ਰੀ ਦੇ ਨਾਲ ਸਾੜੀ ਜਾਵੇਗੀ।

141 ਹੁਣ, ਇਹ ਗੱਲ ਬੜੀ ਹੀ ਸਿੱਧੀ ਅਤੇ ਸਾਫ ਲੱਗਦੀ ਹੈ ਅਤੇ ਮੈਂ ਜਾਣਦਾ ਹਾਂ ਕਿ ਤੁਸੀਂ ਇਹਦੇ ਤੋਂ ਸੁਣਨਾ ਚਾਹੋਗੇ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਵਿੱਚੋਂ ਸੁਣੋ। ਅਤੇ ਮੈਂ -ਮੈਂ .....ਭਾਵੇਂ ਇਹ ਠੀਕ ਹੈ। ਬਾਈਬਲ ਇਸੇ ਤਰ੍ਹਾਂ ਹੀ ਆਖਦੀ ਹੈ, ਇਸ ਲਈ ਇਹ ਸੱਚ ਹੈ।

142 ਉਹ ਇੱਕ "ਕੰਜਰੀ"ਬਣ ਗਈ। ਤੁਸੀਂ ਇਸਨੂੰ ਪ੍ਰਕਾਸ਼ ਦੀ ਪੋਥੀ ਦੀ 17 ਬਾਬ ਵਿੱਚ ਪੜ੍ਹ ਸੱਕਦੇ ਹੋ। ਉਹਨੇ ਕੀ ਕੀਤਾ ਸੀ ? ਉਹਨੇ ਆਪਣੇ ਹੀ ਪਤੀ ਦੇ ਵਿਰੁੱਧ ਹਰਾਮਕਾਰੀਆਂ ਕੀਤੀਆਂ।



ਕਰਦੇ, ਉਸਦੇ ਨਾਲ ਤਾਂ "ਨਜਾਇਜ "ਹੋਣ ਦਾ ਇੱਕ ਕਾਲਾ ਨਾਮ ਜੁੜਿਆ ਹੋਇਆ ਸੀ। ਅਤੇ ਉਹ ਉਸ ਵਰਗੇ ਆਦਮੀ ਨੂੰ ਮਿਲਣਾ ਨਹੀਂ ਚਾਹੁੰਦੇ ਸਨ।

213 ਪ੍ਰੰਤੂ ਵੇਖੋ, ਖੁਦਾ ਨੇ ਕੀ ਕੀਤਾ ਸੀ। ਉਸਨੇ ਅਨਪੜ੍ਹਾਂ, ਗਰੀਬਾਂ, ਮਛੇਰਿਆਂ, ਲੱਕੜਹਾਰਿਆਂ, ਜੰਗਲੀਆਂ ਅਤੇ ਵੇਸ਼ਵਾਵਾਂ ਨੂੰ ਲਿਆ ਪਰ ਸਮਾਜ ਦੇ ਸ਼ਾਹੀ ਲੋਕਾਂ ਨੂੰ ਉੱਥੇ ਹੀ ਬੈਠੇ ਰਹਿਣ ਦਿੱਤਾ। ਕਿਉਂ? ਕੀ ?ਉਸਨੇ ਇਸ ਤਰ੍ਹਾਂ ਕਿਉਂ ਕੀਤਾ ਸੀ? ਕਿਉਂ ਉਸਨੇ ਇਸ ਤਰ੍ਹਾਂ ਦਾ ਕੰਮ ਕੀਤਾ? ਕੀ ਤੁਸੀਂ ਇਸਦਾ ਅੰਦਾਜ਼ਾ ਲਾ ਸੱਕਦੇ ਹੋ। ਕਿਉਂਕਿ ਉਨ੍ਹਾਂ ਲੋਕਾਂ ਨੇ ਉਸਨੂੰ ਪਛਾਣਿਆ ਸੀ ਕਿ ਉਹ ਵਚਨ ਹੈ। ਆਓ, ਹੁਣ ਅਸੀਂ ਥੋੜੀ ਦੇਰ ਲਈ ਉਨ੍ਹਾਂ ਲੋਕਾਂ ਉੱਤੇ ਨਿਗਾਹ ਮਾਰੀਏ।

214 ਇੱਥੇ ਇੱਕ ਬੁੱਢਾ ਅਨਪੜ੍ਹ ਮਛੇਰਾ ਹੈ ਜੋ ਆਪਣਾ ਨਾਮ ਵੀ ਨਹੀਂ ਲਿਖ ਸੱਕਦਾ ਹੈ। ਬਾਈਬਲ ਦੱਸਦੀ ਹੈ ਕਿ ਉਹ "ਅਨਪੜ੍ਹ ਅਤੇ ਅਗਿਆਨੀ" ਸੀ। ਉਹ ਤਾਂ ਮੱਛੀਆਂ ਫੜ ਕੇ ਲਿਆਉਂਦਾ ਸੀ ਅਤੇ ਉਨ੍ਹਾਂ ਨੂੰ ਇੱਕਠੀਆਂ ਕਰਦਾ ਹੁੰਦਾ ਸੀ। ਉਹ ਉੱਥੇ ਥੱਲੇ ਜਾਂਦਾ ਅਤੇ ਵੇਖਦਾ ਸੀ ਕਿ ਇਹ ਰੌਲਾ-ਰੱਪਾ ਕੀ ਹੈ। ਪ੍ਰੰਤੂ ਕਿਤੇ ਅੰਦਰ ਉਹ ਜਾਣਦਾ ਸੀ ਕਿ ਬਾਈਬਲ ਕਹਿੰਦੀ ਹੈ ਕਿ ਮਸੀਹ ....ਸਾਰੇ ਇਬਰਾਨੀ ਲੋਕ ਮਸੀਹ ਦੀ ਉਡੀਕ ਵਿੱਚ ਸਨ ਕਿਉਂਕਿ ਉਹ ਜਾਣਦੇ ਸਨ ਕਿ ਜਦ ਉਹ ਆਵੇਗਾ ਤਾਂ ਵਚਨ ਦੇ ਅਨੁਸਾਰ ਹੋਣਾ ਹੈ।

215 ਉੱਥੇ ਬਥੇਰੇ ਮਸੀਹ ਉੱਠ ਖੜੋਤੇ ਸਨ ਅਤੇ ਆਖਿਆ, " ਮੈਂ ਉਹੀ ਹਾਂ ; ਅਤੇ ਸੈਂਕੜੇ ਲੋਕ ਉਸਦੇ ਪਿੱਛੇ ਲੱਗ ਤੁਰੇ ਸਨ ਅਤੇ ਉਹ ਸੱਭ ਖਿੱਲਰ ਗਏ ਅਤੇ ਨਾਸ਼ ਹੋ ਗਏ। ਪ੍ਰੰਤੂ ਵੇਖੋ, ਇਹ ਇਸ ਲਈ ਹੋਇਆ ਕਿ ਜਦ ਉਹ ਅਸਲੀ ਆਦਮੀ ਆਉਂਦਾ ਹੈ ਤਾਂ ਲੋਕਾਂ ਦਾ ਧਿਆਨ ਉਸ ਤੋਂ ਹਟਾ ਦਿੱਤਾ ਜਾਵੇ।

216 ਸਾਡੇ ਕੋਲ ਏਲੀਯਾਹ ਦੀਆਂ ਚਾਦਰਾਂ ਅਤੇ ਚੋਗੇ ਅਤੇ ਹਰੇਕ ਦੂਸਰੀ ਚੀਜ਼ ਸੀ, ਪ੍ਰੰਤੂ ਜਦ ਅਸਲੀ ਚੀਜ ਆਈ ਤਾਂ ਇਹ ਸੱਭ ਚੀਜ਼ਾਂ ਉਨ੍ਹਾਂ ਨੂੰ ਉਸ ਅਸਲੀ ਚੀਜ ਤੋਂ ਦੂਰ ਲੈ ਗਈਆਂ ਸਨ। ਸਮਝੇ? ਇਹ ਠੀਕ ਗੱਲ ਹੈ। ਸੱਭ ਤਰ੍ਹਾਂ ਦੇ ਲੋਕ ਜਿਹਨਾਂ ਨੇ ਚੋਗੇ ਅਤੇ ਵਸਤਰ ਪਹਿਨੇ ਹੋਏ ਸਨ ਅਤੇ ਹਰ ਤਰ੍ਹਾਂ ਦੇ ਟੋਪਾਂ ਨੂੰ ਪਹਿਨੇ ਹੋਏ ਅਤੇ ਬਾਕੀ ਸੱਭ ਕੁਝ ਸੀ। ਇਹ ਤਾਂ ਬਸ ਸਾਬਤ ਕਰਦਾ ਹੈ। ਜਿਵੇਂ ਨਕਲੀ ਡਾਲਰ ਇਹ ਦਿਖਾਉਂਦਾ ਹੈ ਕਿ ਕਿਤੇ ਅਸਲੀ ਡਾਲਰ ਹੈ, ਜੇ ਤੁਸੀਂ ਬਸ ਇਹਦਾ ਪਤਾ ਲਗਾ ਸੱਕਦੇ ਹੋ। ਵੇਖਿਆ?

217 ਸੋ ਉਹ ਆਇਆ। ਹੁਣ ਇਹ ਉੱਚਕੋਟੀ ਦੇ ਲੋਕ ਆਏ, ਜਿਹੜੇ ਉੱਚੇ ਪਦਾਂ ਤੇ ਸਨ, ਅਤੇ ਉਹ ਆਪਣੇ ਵਿਕਲਪਾਂ ਨੂੰ ਹੀ ਫੜੀ ਬੈਠੇ ਸਨ!ਉਹ ਕਹਿੰਦੇ ਹਨ, " ਚੰਗਾ ਜੇ ਹੁਣ ਮਸੀਹ ਆਉਂਦਾ ਹੈ ਤਾਂ ਜਰੂਰ ਹੀ ਕੈਫਾ ਦੇ ਕੋਲ ਆਵੇਗਾ। ਉਹ ਸਾਡੀ ਜੱਥੇਬੰਦੀ ਵਿੱਚ ਆਵੇਗਾ। ਉਹ ਫਰੀਸੀਆਂ ਦੇ ਕੋਲ ਆਏਗਾ। " ਅਤੇ ਸਦੂਕੀ ਕਹਿੰਦੇ ਹਨ, "ਇਹ ਹੀ ਤੁਸੀਂ ਸੋਚਦੇ ਹੋ! ਉਹ ਸਦੂਕੀਆ ਦੇ ਕੋਲ ਆਵੇਗਾ। " ਅਤੇ ਉੱਥੇ ਲੋਕਾਂ ਦੀਆਂ ਇਸ ਤਰ੍ਹਾਂ ਦੀਆਂ ਧਾਰਨਾਵਾਂ ਸਨ ਅਤੇ ਹੁਣ ਵੇਖੋ, ਉਹੋ ਹੀ ਹਾਲ ਹੁਣ ਅੱਜ ਹੈ।

218 ਪ੍ਰੰਤੂ ਜਦ ਉਹ ਆਇਆ ਤਾਂ ਇਹ ਉਨ੍ਹਾਂ ਲਈ ਬੜਾ ਹੀ ਅਜ਼ੀਬ ਸੀ। ਜਦ ਉਹ ਆਇਆ ਤਾਂ ਉਹ ਤਾਂ ਇਸਦੇ ਬਿਲਕੁੱਲ ਉਲਟ ਆਇਆ ਸੀ ਜੋ ਉਹ ਸੋਚਦੇ ਸਨ ਕਿ ਉਹ ਇਸ ਤਰ੍ਹਾਂ ਆਏਗਾ ਪ੍ਰੰਤੂ ਉਹ ਵਚਨ ਦੇ ਅਨੁਸਾਰ ਆਇਆ ਅਤੇ ਉਹ ਵਚਨ ਨਹੀਂ ਜਾਣਦੇ ਸਨ।

206 ਜਦ ਉਹ ਉੱਥੇ ਖੜਾ ਸੀ ਤਾਂ ਉਨ੍ਹਾਂ ਨੇ ਉਸ ਤੋਂ ਪੁੱਛਿਆ, " ਕੀ ਤੂੰ ਮਸੀਹ ਹੈਂ?ਸਾਨੂੰ ਸਾਡੇ ਹੈੱਡਕੁਆਟਰ ਨੇ ਇੱਥੇ ਭੇਜਿਆ ਹੈ ......ਸਾਡੇ ਬਜ਼ੁਰਗਾਂ ਅਤੇ ਹੋਰ ਮਹਾਨ ਅਦਮੀਆਂ ਨੇ ਸਾਨੂੰ ਇੱਥੇ ਘੱਲਿਆ ਹੈ। ਜੇ ਤੂੰ ਮਸੀਹ ਹੈਂ ਤਾਂ ਤੂੰ ਕਿਉਂ ਉੱਪਰ ਨਹੀਂ ਆਉਂਦਾ ਹੈਂ ਅਤੇ ਆ ਕੇ ਆਪਣੀ ਪਛਾਣ ਨਹੀਂ ਕਰਾਉਂਦਾ ਹੈਂ ;ਤੂੰ ਇੱਥੇ ਥੱਲੇ ਇਨ੍ਹਾਂ ਛੋਟੇ ਲੋਕਾਂ ਵਿੱਚ ਨਹੀਂ ਪਰ ਉੱਥੇ ਉੱਪਰ ਆ ਅਤੇ ਆਪਣੀ ਪਛਾਣ ਕਰਵਾ। "

207 ਯੂਹੰਨਾ ਨੇ ਉਹਨਾਂ ਨੂੰ ਕਿਹਾ, " ਮੈਂ ਮਸੀਹ ਨਹੀਂ ਹਾਂ। ਮੈਂ ਉਜਾੜ ਵਿੱਚ ਪੁਕਾਰਨ ਵਾਲੇ ਦੀ ਅਵਾਜ਼ ਹਾਂ। "

208 ਅਤੇ ਇਹ ਗੱਲ ਉਨ੍ਹਾਂ ਦੇ ਸਿਰ ਤੋਂ ਏਨੀ ਉੱਪਰ ਦੀ ਲੰਘ ਗਈ ਜਿੰਨੀ ਕਿ ਲੰਘ ਸੱਕਦੀ ਸੀ। ਵੇਖੋ, ਜਦਕਿ ਉਹ ਸੱਭ ਉਸਦੇ ਆਉਣ ਦੀ ਉਡੀਕ ਕਰ ਰਹੇ ਸਨ ਪ੍ਰੰਤੂ ਉਹ ਉਸਦੇ ਬਾਰੇ ਵਿੱਚ ਕੁਝ ਵੀ ਨਹੀਂ ਜਾਣਦੇ ਸਨ। ਉਨ੍ਹਾਂ ਨੇ ਸੋਚਿਆ, "ਉਹ ਤਾਂ ਇਸ ਤਰ੍ਹਾਂ ਦਾ ਮਨੁੱਖ ਨਹੀਂ ਹੋ ਸੱਕਦਾ। ਓਹ, ਜੇ ਇਹ ਉਹ ਹੀ ਹੋਇਆ ਤਾਂ ਬੜੀ ਹੀ ਭਿਆਨਕ ਗੱਲ ਹੋਵੇਗੀ !"

"ਤੂੰ ਕਿਹੜੇ ਸਕੂਲ ਤੋਂ ਆਇਆਂ ਹੈਂ ?"

"ਕਿਸੇ ਸਕੂਲ ਤੋਂ ਵੀ ਨਹੀਂ। "

"ਕੀ ਤੇਰੇ ਕੋਲ ਤੇਰਾ ਸੰਗਤ ਕਰਨ ਦਾ ਪੱਤਰ ਹੈ ?"

"ਉਹ ਕੀ ਹੁੰਦਾ ਹੈ?" ਸਮਝੇ?

209 ਉਹ ਪ੍ਰਮੇਸ਼ੁਰ ਦਾ ਮਸ੍ਹਾ ਕੀਤਾ ਹੋਇਆ ਸੀ। ਉਸਨੇ ਆਖਿਆ, " ਮੇਰੇ ਕੋਲ ਇੱਕ ਹੀ ਚੀਜ ਹੈ। ਕੁਹਾੜਾ ਰੁੱਖਾਂ ਦੀਆਂ ਜੜਾਂ ਤੇ ਰੱਖਿਆ ਹੋਇਆ ਹੈ। " ਹੁਣ, ਬਸ ਏਨਾ ਹੀ, ਬਸ ਇੰਨਾ ਹੀ ਉਸਦੇ ਕੋਲ ਸੀ। ਉਹ ਤਾਂ ਇੱਕ ਜੰਗਲੀ ਮਨੁੱਖ ਦੀ ਭਾਸ਼ਾ ਵਿੱਚ ਉਨ੍ਹਾਂ ਨਾਲ ਗੱਲਾਂ ਕਰਦਾ ਸੀ, ਇੱਕ ਬੁੱਧੀਜੀਵੀ ਦੀ ਭਾਸ਼ਾ ਵਿੱਚ ਨਹੀਂ ; ਉਹ ਤਾਂ ਸੱਪ, ਕੁਹਾੜਾ, ਰੁੱਖ ਅਤੇ ਇਸੇ ਤਰ੍ਹਾਂ ਦੇ ਹੋਰ ਸ਼ਬਦਾਂ ਦੀ ਵਰਤੋਂ ਕਰਦਾ ਸੀ। ਉਹ ਉਸ ਭਾਸ਼ਾ ਵਿੱਚ ਗੱਲਾਂ ਨਹੀਂ ਕਰਦਾ ਸੀ ਜਿਸ ਭਾਸ਼ਾ ਵਿੱਚ ਪਾਦਰੀ-ਵਰਗ ਗੱਲਾਂ ਕਰਦਾ ਸੀ।

210 ਪ੍ਰੰਤੂ ਯਿਸੂ ਨੇ ਕਿਹਾ ਸੀ ਕਿ ਉਸ ਵਰਗਾ ਨਬੀ ਕਦੇ ਵੀ ਨਹੀਂ ਹੋਇਆ। ਇਸ ਦਿਨ ਤੱਕ ਉਸ ਵਰਗਾ ਆਦਮੀ ਕਿਸੇ ਵੀ ਇਸਤਰੀ ਤੋਂ ਪੈਦਾ ਨਹੀਂ ਹੋਇਆ ਹੈ। ਇਹ ਸਹੀ ਗੱਲ ਹੈ। ਉਹ ਇੱਕ ਨਬੀ ਤੋਂ ਵੀ ਵੱਧ ਕੇ ਸੀ। ਉਹ ਤਾਂ ਨੇਮ ਦਾ ਦੂਤ ਸੀ ਜੋ ਠੀਕ ਦੋ ਯੁੱਗਾਂ ਦੇ ਵਿਚਾਲੇ ਖਲੋਤਾ ਹੋਇਆ ਸੀ ਜੋ ਆ ਰਹੇ ਸਨ। ਸਮਝੇ?ਉਹ ਇੱਕ ਨਬੀ ਤੋਂ ਵੀ ਵੱਧ ਕੇ ਸੀ।

211 ਅਤੇ ਇਸ ਲਈ ਉਹਨਾਂ ਯੂਹੰਨਾ ਨੂੰ ਨਹੀਂ ਜਾਣਿਆ ਸੀ। ਉਹ ਉਸਨੂੰ ਸਮਝ ਨਹੀਂ ਸਕੇ ਸਨ। ਉਹ ਤਾਂ ਉਨ੍ਹਾਂ ਲਈ ਇੱਕ ਕਿਸਮ ਦਾ ਵਚਿੱਤ੍ਰ ਜਿਹਾ ਮਨੁੱਖ ਸੀ, ਵੇਖੋ, ਇਸੇ ਲਈ ਉਨ੍ਹਾਂ ਨੇ ਉਸਨੂੰ ਰੱਦ ਕਰ ਦਿੱਤਾ ਸੀ।

212 ਫਿਰ ਜਦੋਂ ਪ੍ਰਭੂ ਯਿਸੂ ਆਇਆ ਤਾਂ ਯਕੀਨਨ ਹੀ ਉਹ ਉਸਨੂੰ ਕਬੂਲ ਕਰਨ ਵਾਲੇ ਨਹੀਂ ਸਨ, ਕਿਉਂਕਿ ਇਸ ਤਰਖਾਣ ਦੇ ਪੁੱਤਰ ਵਿੱਚ ਅਜਿਹਾ ਕੁਝ ਨਹੀਂ ਸੀ ਜੋ ਉਹ ਉਸਨੂੰ ਕਬੂਲ



"ਅੱਛਾ ", ਤੁਸੀਂ ਕਹਿੰਦੇ ਹੋ,"ਇਸ ਤਰ੍ਹਾਂ ਨਹੀਂ ਹੈ, ਪਰ ਇਹ ਤਾਂ ਬਾਈਬਲ ਦੇ ਅਨੁਸਾਰ ਹੈ। " ਵਚਨ ਪ੍ਰਮੇਸ਼ੁਰ ਹੈ। ਅਤੇ ਜੇ ਤੁਸੀਂ ਇੱਕ ਸ਼ਬਦ ਵੀ ਵੀ ਕੱਢ ਦਿਓ .........

143 ਕੀ ਤੁਸੀਂ ਚਾਹੋਗੇ ਕਿ ਤੁਹਾਡੀ ਪਤਨੀ ਕਿਸੇ ਹੋਰ ਮਨੁੱਖ ਨੂੰ ਚੁੰਮੇ? ਅਤੇ ਜੇ ਉਹਨੇ ਇਸ ਤੋਂ ਵੱਧ ਨਹੀਂ ਕੀਤਾ, ਤਾਂ ਤੁਸੀਂ ਨਹੀਂ ਚਾਹੋਗੇ ਕਿ ਉਹ ਇੰਝ ਕਰੇ। ਉਸਨੂੰ ਆਪਣੀ ਇਸ ਬੇਵਫਾਈ ਦਾ ਸਬੂਤ ਦੇਣਾ ਪਵੇਗਾ।

144 "ਜੋ ਕੋਈ ਇਸ ਵਿੱਚ ਇੱਕ ਸ਼ਬਦ ਵੀ ਜੋੜੇ ਜਾਂ ਇਸ ਵਿੱਚੋਂ ਇੱਕ ਸ਼ਬਦ ਵੀ ਕੱਢੇ। " ਹਾਲੇਲੂਯਾਹ! ਮਸੀਹ ਚਾਹੁੰਦਾ ਹੈ ਕਿ ਉਸਦੀ ਦੁਲਹਨ ਵਚਨ ਨਾਲ ਸ਼ੁੱਧ ਰਹੇ। [ਭਾਈ ਬ੍ਰਾਨਹਾਮ ਚਾਰ ਵਾਰ ਪੁਲਪਿਟ ਖੜਕਾਉਂਦੇ ਹਨ-ਸੰਪਾ] ਉਸ ਨੂੰ ਇਸ ਢੰਗ ਦੇ ਨਾਲ ਹੀ ਹੋਣਾ ਚਾਹੀਦਾ ਹੈ।

145 ਕਿਉਂਕਿ ਉਸ ਬਿਵਸਥਾ ਵਿੱਚੋਂ ਇੱਕ ਵੀ ਬਿੰਦੂ ਜਾਂ ਸ਼ੋਸ਼ਾ ਨਹੀਂ ਟਲ ਸੱਕਦਾ ਜਦ ਤੱਕ ਕਿ ਉਹ ਪੂਰਾ ਨਾ ਹੋ ਲਵੇ। ਯਿਸੂ ਨੇ ਕਿਹਾ ਸੀ, " ਅਸਮਾਨ ਅਤੇ ਧਰਤੀ ਟਲ ਜਾਣਗੇ ਪਰ ਮੇਰਾ ਵਚਨ ਕਦੇ ਨਾ ਟਲੇਗਾ। "

146 ਤੁਸੀਂ ਵਚਨ ਵਿੱਚ ਆਪਣਾ ਕੋਈ ਨਿੱਜੀ ਅਨੁਵਾਦ ਨਹੀਂ ਵਾੜ ਸੱਕਦੇ। ਉਹ ਤਾਂ ਆਪਣੇ ਵਚਨ ਨੂੰ ਪਾਕ, ਖਾਲਸ ਅਤੇ ਸ਼ੁੱਧ ਚਾਹੁੰਦਾ ਹੈ ਅਤੇ ਕੋਈ ਵੀ ਇਸ ਨਾਲ ਛੇੜ ਛਾੜ ਨਾ ਕਰੇ। ਮੈਂ ਨਹੀਂ ਚਾਹੁੰਦਾ ਕਿ ਮੇਰੀ ਪਤਨੀ ਕਿਸੇ ਹੋਰ ਮਰਦ ਨਾਲ ਪਿਆਰ ਕਰੇ। ਅਤੇ ਜਦ ਤੁਸੀਂ ਵਚਨ ਤੋਂ ਇਲਾਵਾ ਕਿਸੇ ਕਿਸਮ ਦੀ ਸੋਚ ਵਿਚਾਰ ਨੂੰ ਸੁਣਦੇ ਹੋ ਤਾਂ ਇਸਦਾ ਮਤਲਬ ਹੈ ਕਿ ਤੁਸੀਂ ਸ਼ੈਤਾਨ ਦੇ ਨਾਲ ਤੁਰ ਫਿਰ ਰਹੇ ਹੋ। ਆਮੀਨ ਕੀ ਇਹਦੇ ਨਾਲ ਤੁਸੀਂ ਧਾਰਮਿਕ ਮਹਿਸੂਸ ਨਹੀਂ ਕਰਦੇ ? [ਸੰਗਤ ਆਖਦੀ ਹੈ, " ਆਮੀਨ। "-ਸੰਪਾ] ਪ੍ਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਖਾਲਸ ਰਹੋ। ਉਸ ਵਚਨ ਦੇ ਨਾਲ ਜੁੜੇ ਰਹੋ। ਠੀਕ ਉਹਦੇ ਨਾਲ ਟਿਕੇ ਰਹੋ। ਠੀਕ ਹੈ।

147 ਜਿਵੇਂ ਖੁਦਾ ਨੇ ਅਦਨ ਦੇ ਬਾਗ ਵਿੱਚ ਹੱਵਾਹ ਨਾਲ ਵਾਇਦਾ ਕੀਤਾ ਸੀ ਉਸੇ ਤਰ੍ਹਾਂ ਹੀ ਖੁਦਾ ਨੇ ਇਸਦੇ ਨਾਲ ਜੋ ਕਿ ਆਖਰੀ ਹੱਵਾਹ ਹੈ ਵਾਇਦਾ ਕੀਤਾ ਹੈ। ਪੈਂਟੀਕੁਸਤ ਕਲੀਸਿਯਾ, ਜੋ ਕਿ ਕਲੀਸਿਯਾ ਦਾ ਅਰੰਭ ਹੈ, ਅਤੇ ਕਲੀਸਿਯਾ ਆਪਣੇ ਆਪ ਵਿੱਚ ਸਾਰੇ ਜੀਉਂਦਿਆਂ ਦੀ ਮਾਂ ਹੈ ਕਿਉਂਕਿ ਜਿੰਨਾ ਚਿਰ ਤੱਕ ਉਹ ਉਹਦੇ ਅੰਦਰ ਜਾਂਦੇ ਹਨ। ਪਰ ਤੁਸੀਂ ਵੇਖਦੇ ਹੋ ਕਿ ਜਦ ਲੋਕਾਂ ਨੇ ਉਸਦੇ ਪਾਪਾਂ ਨੂੰ ਲੈ ਲਿਆ ਤਾਂ ਉਹ ਉਸਦੇ ਨਾਲ ਹੀ ਮਰ ਗਏ।

148 ਜਿਵੇਂ ਕਿ ਇੱਥੇ ਇੱਕ ਛੋਟਾ ਜਿਹਾ ਲੜਕਾ ਆਉਂਦਾ ਹੈ। ਉਹ ਕਹਿੰਦਾ ਹੈ, "ਮੈ ਪ੍ਰਮੇਸ਼ੁਰ ਦੀ ਸੇਵਾ ਕਰਨਾ ਚਾਹੁੰਦਾ ਹਾਂ। "

149 ਉਹ ਕਹਿੰਦੇ ਹਨ, " ਠੀਕ ਹੈ ਤੈਨੂੰ ਇਹ ਕਰਨਾ ਹੈ ਕਿ ਤੂੰ ਉੱਥੇ ਥੱਲੇ ਜਾ ਅਤੇ ਤੋਬਾ ਕਰ।"

ਉਹ ਕਹਿੰਦਾ ਹੈ, ਠੀਕ ਹੈ, "ਮੈਂ ਇਹ ਕਰਾਂਗਾ। ਖੁਦਾ ਦੀ ਵਡਿਆਈ ਹੋਵੇ! "ਉੱਥੇ ਥੱਲੇ ਜਾਂਦਾ ਹੈ ਅਤੇ ਤੋਬਾ ਕਰਦਾ ਹੈ।

150 "ਹੁਣ ਆਓ ਸਾਡੇ ਵਿੱਚ ਸ਼ਾਮਿਲ ਹੋ ਜਾਓ। " ਇਹ ਹੈ ਗੱਲ। ਜੀ ਹਾਂ। ਵੇਖਿਆ?ਉਸਨੇ ਇਹਨੂੰ ਪਾ ਲਿਆ। ਜੀ ਹਾਂ ਇਹ ਠੀਕ ਹੈ, ਉਹ ਇਸਦੇ ਨਾਲ ਹੀ ਮਰ ਗਏ। ਸਮਝੇ? ਸਮਝੇ? ਇਹ ਬਸ ......ਇਹ ਹੀ ਹੈ ਜੋ ਬਾਈਬਲ ਸਿੱਖਿਆ ਦਿੰਦੀ ਹੈ ਨਾ ਕਿ ਉਹ ਜੋ ਮੈਂ ਕਹਿ ਰਿਹਾ ਹਾਂ। ਕਿਉਂਕਿ ਇਹ ਇਸਦੇ ਵਿੱਚ ਕਿਹਾ ਗਿਆ ਹੈ ਇਸ ਲਈ ਇਹ ਸੱਚ ਹੈ।

151 ਹੁਣ, ਪ੍ਰਮੇਸ਼ੁਰ ਨੇ ਉਸਦੇ ਨਾਲ ਵਾਇਦਾ ਕੀਤਾ ਹੈ ਜਿਵੇਂ ਉਸਨੇ ਹੱਵਾਹ ਨਾਲ ਕੀਤਾ ਸੀ। ਪ੍ਰਮੇਸ਼ੁਰ ਨੇ ਹੱਵਾਹ ਨੂੰ ਕਿਹਾ ਸੀ, ਕਿ ਇੱਕ ਅਜਿਹਾ ਸਮਾਂ ਆਵੇਗਾ ਜਦ ਉਸਦੇ ਕੋਲ ਫਿਰ ਵਚਨ ਆਵੇਗਾ। ਹੁਣ ਕੀ ਤੁਹਾਨੂੰ ਇਹ ਗੱਲ ਯਾਦ ਹੈ?ਜੋ ਉਸਨੇ ਗੁਆਇਆ ਹੈ ਉਹ ਉਸਨੂੰ ਫਿਰ ਮਿਲ ਜਾਵੇਗਾ। ਕਿਉਂਕਿ ਇੱਕ ਹੀ ਚੀਜ ਹੈ ਜੋ ਗੁਆਚਿਆ ਹੋਇਆ ਫਿਰ ਦੇ ਸੱਕਦੀ ਹੈ ਉਹ ਵਚਨ ਹੈ। ਬਿਲਕੁੱਲ ਇਸੇ ਤਰ੍ਹਾਂ ਹੀ ਹੈ।

152 ਜੇ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਬੰਦੂਕ ਨਾਲ ਗੋਲੀ ਚਲਾਓ। ਅਤੇ ਜੇ ਤੁਸੀਂ ਨਿਸ਼ਾਨਾ ਨਹੀਂ ਲਗਾ ਪਾਉਂਦੇ ਹੋ ਤਾਂ ਤੁਸੀਂ ਵੇਖੋ ਕਿ ਉਹ ਗੋਲੀ ਕਿੱਥੇ ਨਿੱਕਲ ਗਈ ਹੈ। ਜੇ ਤੁਸੀਂ ਨਿਸ਼ਾਨਾ ਲਗਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਫਿਰ ਦੁਬਾਰਾ ਉੱਥੇ ਹੀ ਆਉਣਾ ਪੈਣਾ ਹੈ, ਅਤੇ ਫਿਰ ਨਿਸ਼ਾਨਾ ਲਗਾਉਣਾ ਪੈਣਾ ਹੈ। ਸਮਝੇ?

153 ਅਤੇ ਜੇ ਤੁਸੀਂ ਵਾਪਸ ਆਉਣਾ ਚਾਹੁੰਦੇ ਹੋ ਤਾਂ ਤੁਸੀਂ ਵਾਪਿਸ ਨੀਸੀਆ ਦੀ ਸਭਾ ਤੇ ਆਓ। ਵੇਖੋ, ਤੁਹਾਨੂੰ ਇੱਥੋਂ ਹੀ ਅਰੰਭ ਕਰਨਾ ਪਵੇਗਾ। ਸਮਝੇ? ਤੁਸੀਂ ਉਨ੍ਹਾਂ ਸੰਸਥਾਵਾਂ ਤੋਂ, ਉਨ੍ਹਾਂ ਸਾਰੀਆਂ ਨਾਮਧਾਰੀ ਕਲੀਸਿਆਵਾਂ ਤੋਂ ਵਾਪਿਸ ਮੁੜ ਕੇ ਆਓ। ਅਸੀਂ ਇਨ੍ਹਾਂ ਮੋਹਰਾਂ ਨੂੰ ਪੂਰੇ ਸਿੱਧ ਤਰੀਕੇ ਨਾਲ ਵੇਖ ਰਹੇ ਹਾਂ।

154 ਮੈਂ ਹਮੇਸ਼ਾਂ ਹੀ ਆਪਣੀ ਸਾਰੀ ਜ਼ਿੰਦਗੀ ਹੈਰਾਨ ਰਿਹਾ ਹਾਂ ਕਿ ਕਿਉਂ ਮੈਂ ਇਨ੍ਹਾਂ ਸੰਸਥਾਵਾਂ ਦੇ ਵਿਰੁੱਧ ਰਿਹਾ ਹਾਂ। ਨਹੀਂਮੈਂ ਲੋਕਾਂ ਦੇ ਵਿਰੁੱਧ ਨਹੀਂ ਹਾਂ। ਲੋਕ ਤਾਂ ਮੇਰੇ ਜਾਂ ਤੁਹਾਡੇ ਵਰਗੇ ਜਾਂ ਬਾਕੀਆਂ ਵਰਗੇ ਹਨ। ਪ੍ਰੰਤੂ ਇਹ ਤਾਂ ਉਹ ਪ੍ਰਣਾਲੀ ਹੈ ....ਇਹ ਤਾਂ ਜੱਥੇਬੰਦੀਆਂ ਦੀ ਪ੍ਰਣਾਲੀ ਹੈ ਜਿਹਦੇ ਮੈਂ ਵਿਰੋਧ ਵਿੱਚ ਹਾਂ, ਹੁਣ ਮੈਂ ਵੇਖਦਾ ਹਾਂ ਕਿ ਇਹ ਠੀਕ ਇਸ ਸਮੇਂ ਇੱਥੇ ਹੈ। ਮੈਂ ਇਸ ਤੋਂ ਪਹਿਲਾਂ ਇਹਨੂੰ ਕਦੇ ਨਹੀਂ ਜਾਣਦਾ ਸੀ। ਅਤੇ ਇਹ ਠੀਕ ਗੱਲ ਹੈ।

155 ਜਿਵੇਂ ਪ੍ਰਮੇਸ਼ੁਰ ਨੇ ਆਤਮਿਕ ਹੱਵਾਹ ਦੇ ਨਾਲ ਇਹ ਵਾਇਦਾ ਕੀਤਾ ਉਸੇ ਤਰ੍ਹਾਂ ਹੀ ਉਸਨੇ ਸ਼ਰੀਰਕ ਹੱਵਾਹ ਦੇ ਨਾਲ ਵਾਇਦਾ ਕੀਤਾ ਕਿ ਉਸਦੇ ਕੋਲ ਫਿਰ ਵਚਨ ਆਵੇਗਾ। ਅੰਤ ਦੇ ਦਿਨਾਂ ਵਿੱਚ ਉਹ ਕਲੀਸਿਯਾ ਨੂੰ ਫਿਰ ਮੂਲ ਵਚਨ ਦੇ ਵੱਲ ਲੈ ਕੇ ਆਵੇਗਾ।

156 ਹੁਣ ਬਹੁਤ ਹੀ ਧਿਆਨ ਨਾਲ ਵੇਖੋ। ਪ੍ਰਮੇਸ਼ੁਰ ਨੇ ਹੱਵਾਹ ਨਾਲ ਵਾਇਦਾ ਕੀਤਾ ਸੀ ਕਿ ਇੱਕ ਅਜਿਹਾ ਸਮਾਂ ਆਵੇਗਾ ਜਦ ਉਸਦੀ ਸੰਤਾਨ ਦੇ ਰਾਹੀਂ ਫਿਰ ਵਚਨ ਲਿਆਂਦਾ ਜਾਵੇਗਾ। ਇਹ ਵਚਨ ਆਪ ਹੀ ਸੰਤਾਨ ਬਣ ਜਾਵੇਗਾ। ਅਤੇ ਜਦ ਉਸਨੇ ਉਨ੍ਹਾਂ ਨੇ ਉਹਨਾਂ ਨੂੰ ਇਵਜ਼ ਦਿੱਤਾ ਤਾਂ ਉਹਨੇ ਉਸ ਇਵਜ਼ ਨੂੰ ਹੀ ਫੜੀ ਰੱਖਿਆ। ਅਤੇ ਜਦ ਵਚਨ ਉਸਦੇ ਕੋਲ ਆਇਆ ਤਾਂ ਉਸਨੇ ਕੀ ਕੀਤਾ ਸੀ ? ਉਸਨੇ ਆਖਿਆ, "ਮੈਂ ਇਹਨੂੰ ਨਹੀਂ ਲੈਣਾ ਚਾਹੁੰਦੀ ਹਾਂ। " ਉਹ ਵਚਨ ਬਹੁਤ ਹੀ ਹਲੀਮ ਸੀ। ਉਹ ਹੱਵਾਹ ਨੂੰ ਠੀਕ ਵਿਖਾਈ ਨਹੀਂ ਦਿੰਦਾ ਸੀ। ਇਹ ਬਹੁਤ



ਵਧੀਆ ਕੱਪੜੇ ਪਾਈਆਂ ਹੋਈਆ ਔਰਤਾਂ ਅਤੇ ਉਨ੍ਹਾਂ ਦੇ ......ਅਤੇ ਦੇਰ ਹੋਵੇ, ਅਤੇ ਉਨ੍ਹਾਂ ਦੇ ਸੱਭ ਪੀ.ਐਚ.ਡੀ ਅਤੇ ਐਲ.ਐਲ.ਡੀ ਉਪਾਧੀਆਂ ਵਾਲੇ ਸਾਰੇ ਲੋਕ, ਵੱਡੇ-ਵੱਡੇ ਲੋਕ .ਲੰਮੇ ਟੋਪ ਪਾਏ ਹੋਏ .ਕਮੀਜ਼ਾਂ ਦੇ ਕਾਲਰ ਮੁੜੇ ਹੋਏ ਉੱਥੇ ਸ਼ਾਮਿਲ ਹੁੰਦੇ ਹਨ ਅਤੇ ਉੱਥੇ ਸੱਭ ਕੁਝ ਹੁੰਦਾ ਹੈ ਅਤੇ ਉਨ੍ਹਾਂ ਸਭਨਾਂ ਨੇ ਪ੍ਰੋਗਰਾਮ ਵਿੱਚ ਆਉਣਾ ਹੁੰਦਾ ਹੈ। " ਇਹ ਕੁਝ ਮਹਾਨ ਹੈ। "

ਖੁਦਾ ਆਖਦਾ ਹੈ, " ਇਹ ਮੂਰਖਤਾ ਹੈ। "

200 ਅਤੇ ਖੁਦਾ ਕਿਸੇ ਅਜਿਹੇ ਸਧਾਰਨ ਜਿਹੇ ਆਦਮੀ ਨੂੰ ਖੜਾ ਕਰਦਾ ਹੈ ਜਿਹਨੂੰ ਮੁਸ਼ਕਿਲ ਨਾਲ ੳ-ਅ- ੲ ਦੇ ਫਰਕ ਦਾ ਵੀ ਨਹੀਂ ਪਤਾ ਹੈ, ਪ੍ਰੰਤੂ ਉਹ ਕੁਝ ਅਜਿਹਾ ਕਰ ਸੱਕਦਾ ਹੈ ਜਿਹੜਾ ਸੱਚੀ ਕਲੀਸਿਯਾ ਵਿੱਚ ਵਿੱਚ ਸਰਗਰਮੀ ਪੈਦਾ ਕਰ ਦੇਵੇ। ਅਤੇ ਬਾਕੀ ਦੇ ਲੋਕ ਅਜਿਹੀ ਕਲੀਸਿਯਾ ਨੂੰ "ਪਵਿੱਤਰ ਪਖੰਡੀਆਂ ਦਾ ਟੋਲਾ" ਆਖਦੇ ਹਨ। ਦੁਨੀਆਂ ਜਿਹਨੂੰ "ਮਹਾਨ" ਆਖਦੀ ਹੈ ਖੁਦਾ ਉਸਨੂੰ "ਮੂਰਖਤਾ" ਕਹਿੰਦਾ ਹੈ। ਜਿਹਨੂੰ ਖੁਦਾ "ਮਹਾਨ" ਕਹਿੰਦਾ ਹੈ ਸੰਸਾਰ ਉਹਨੂੰ "ਮੂਰਖਤਾ" ਕਹਿੰਦਾ ਹੈ। ਵੇਖਿਆ, ਸੰਸਾਰ ਅਤੇ ਖੁਦਾ ਦਾ ਵੇਖਣਾ ਬਿਲਕੁੱਲ ਇੱਕ ਦੂਸਰੇ ਦੇ ਵਿਪਰੀਤ ਹੈ। ਅਤੇ ਉਹ ਚੀਜ ਜਿਹਦਾ ਖੁਦਾ ਨੇ ਵਾਇਦਾ ਕੀਤਾ ਹੈ ਉਸਨੂੰ ਉਹ ਕਰੇਗਾ, ਅਤੇ ਉਹਨੇ ਉਹ ਕਰ ਦਿੱਤਾ ਹੈ। ਸਮਝੇ? ਇਹ ਹੈ ਗੱਲ।

201 ਹੁਣ, ਉਸਨੇ ਹਾਲੇ ਵੀ ਉਹ ਹੀ ਕੀਤਾ ਹੈ ਜੋ ਇਬਰਾਨੀ ਹੱਵਾਹ ਨੇ ਕੀਤਾ ਸੀ। ਉਹ ਸੱਚੇ ਵਚਨ ਨੂੰ ਕਬੂਲ ਨਹੀਂ ਕਰੇਗੀ। ਤੁਸੀਂ ਮਰਿਆਂ ਹੋਇਆਂ ਨੂੰ ਜਿਵਾਲ ਸੱਕਦੇ ਹੋ, ਤੁਸੀਂ ਖੁਦਾ ਦਾ ਆਤਮਾ ਵੇਖ ਸੱਕਦੇ ਹੋ। ਜਦ ਯਿਸੂ ਧਰਤੀ ਤੇ ਆਇਆ ਸੀ ਤਾਂ ਉਸਨੇ ਖੁਦ ਸਾਬਤ ਕੀਤਾ ਸੀ ਕਿ ਉਹ ਪ੍ਰਮੇਸ਼ੁਰ ਦਾ ਪੁੱਤਰ ਹੈ। ਸ਼ੁਰੂ ਵਿੱਚ ਉਸਨੇ ਪ੍ਰਚਾਰ ਕਰਨਾ ਅਰੰਭ ਕੀਤਾ। ਤਦ ਲੋਕਾਂ ਨੇ ਸੋਚਿਆ ਸੀ, " ਠੀਕ ਐ ਭਈ, ਇਹ ਤਾਂ ਇੱਕ ਕਿਸਮ ਦਾ ਵਚਿੱਤਰ ਜਿਹਾ ਮਨੁੱਖ ਜਾਪਦਾ ਹੈ। ਔਹ, ਇਹ ਕੋਣ ਹੈ?" ਚੰਗਾ, ਪਹਿਲੀ ਗੱਲ ਤੁਸੀਂ ਜਾਣਦੇ ਹੋ ਇਹ ਕਿ ਲੋਕ ਕਹਿਣ ਲੱਗੇ ਸਨ.....

202 ਜਦ ਉਸ ਤੋਂ ਪਹਿਲਾਂ ਉਸਦੇ ਅੱਗੇ ਚੱਲਣ ਵਾਲਾ ਦੂਤ ਯੂਹੰਨਾ ਆਇਆ ਤਾਂ ਉਨ੍ਹਾਂ ਨੇ ਉਸ ਤੋਂ ਇਹ ਪੁੱਛਿਆ ਸੀ, "ਕੀ ਤੂੰ ਮਸੀਹ ਹੈਂ?"

203 ਉਸਨੇ ਕਿਹਾ, "ਨਹੀਂ। ਪਰ ਉਹ ਤੁਹਾਡੇ ਵਿੱਚ ਇੱਥੇ ਕਿਤੇ ਖੜਾ ਹੈ। " ਔਹ, ਜੀ ਹਾਂ। ਸਮਝੇ? ਉਹ ਕਿਵੇਂ ਜਾਣਦਾ ਸੀ? ਕਿਉਂਕਿ ਉਹ ਜਾਣਦਾ ਸੀ ਕਿ ਜਦ ਉਸਦਾ ਸੰਦੇਸ਼ ਦਿੱਤਾ ਜਾ ਰਿਹਾ ਹੈ ਤਾਂ ਤਾਂ ਉਹਨੇ ਕੀ ਕਰਨਾ ਹੈ। ਉਹ ਜਾਣਦਾ ਸੀ ਕਿ ਉਹ ਕੀ ਕਰਨ ਵਾਲਾ ਹੈ।

204 ਜਿਵੇਂ ਨੂਹ ਨੇ ਹਨੋਕ ਤੇ ਨਿਗਾਹ ਲਗਾਈ ਹੋਈ ਸੀ। ਜਦ ਹਨੋਕ ਚਲਾ ਗਿਆ ਤਾਂ ਨੂਹ ਨੇ ਕਿਹਾ,"ਚੰਗਾ ਹੋਵੇਗਾ ਕਿ ਕਿਸ਼ਤੀ ਦੇ ਲਾਗੇ ਆ ਜਾਈਏ। ਸਮਾਂ ਬਿਲਕੁੱਲ ਨੇੜੇ ਹੈ। " ਨੂਹ ਹਨੋਕ ਨੂੰ ਤੱਕਦਾ ਰਿਹਾ। ਸਮਝੇ?

205 ਅਤੇ ਯੂਹੰਨਾ ਉਸ ਚਿੰਨ੍ਹ ਵੱਲ ਤੱਕਦਾ ਰਿਹਾ ਜਿਹੜਾ ਯਿਸੂ ਨੇ ਅਥਵਾ ਪ੍ਰਮੇਸ਼ੁਰ ਨੇ ਉਸਨੂੰ ਵੇਖਦੇ ਰਹਿਣ ਲਈ ਕਿਹਾ ਸੀ। ਉਸਨੇ ਕਿਹਾ, " ਉਹ ਹੁਣ ਤੁਹਾਡੇ ਵਿੱਚ ਇੱਥੇ ਕਿਤੇ ਹੀ ਖੜਾ ਹੈ। ਮੈਂ ਉਸਨੂੰ ਨਹੀਂ ਜਾਣਦਾ ਹਾਂ ਪ੍ਰੰਤੂ ਮੈਂ ਉਸਨੂੰ ਜਾਣ ਜਾਵਾਂਗਾ। "

ਪ੍ਰਤੀਕ/ਨਮੂਨਾ ਹੈ। ਉਹ ਇਹ ਨਹੀਂ ਕਰ ਸੱਕਦੀ। ਉਹ ਆਪਣੇ ਨਮੂਨੇ ਨੂੰ ਝੁਠਲਾ ਨਹੀਂ ਸੱਕਦੀ। ਸਮਝੇ?ਅਤੇ ਇਹਦੀ ਭਵਿੱਖਬਾਣੀ ਕੀਤੀ ਗਈ ਹੈ ਕਿ ਉਹ ਇਸੇ ਤਰ੍ਹਾਂ ਹੀ ਕਰੇਗੀ। ਸੋ ਤੁਸੀਂ ਕਿਸੇ ਚੀਜ਼ ਨੂੰ ਪੂਰਾ ਹੋਣ ਤੋਂ ਕਿਵੇਂ ਰੋਕ ਸੱਕਦੇ ਹੋ ?

196 ਹੁਣ ਬਸ ਇੱਕ ਹੀ ਕੰਮ ਕਰਨਾ ਬਾਕੀ ਹੈ ਤੇ ਉਹ ਇਹ ਹੈ ਕਿ ਤੁਸੀਂ ਜਿਸ ਵਿੱਚ ਹੋ ਉਸੇ ਵਿੱਚ ਹੀ ਖੁਸ਼ ਰਹੋ। ਬਸ ਕਰਨ ਲਈ ਇਹੋ ਹੀ ਹੈ। ਇਸਦੇ ਲਈ ਇੰਤਜ਼ਾਰ ਕਰਦੇ ਰਹੋ। ਠੀਕ ਹੈ।

197 ਪਰਮੇਸ਼ੁਰ ਨੇ ਵਾਇਦਾ ਕੀਤਾ ਹੈ ਕਿ ਅੰਤ ਦੇ ਦਿਨਾਂ ਵਿੱਚ ਉਹ ਇਸ ਤੇ ਆਪਣਾ ਵਚਨ ਪ੍ਰਗਟ ਕਰੇਗਾ ਅਤੇ ਸੱਚਾ ਸਾਬਤ ਕਰੇਗਾ ਅਤੇ ਫਿਰ ਵੀ ਉਹ ਇਸਨੂੰ ਕਬੂਲ ਨਹੀਂ ਕਰੇਗੀ। ਪ੍ਰਮੇਸ਼ੁਰ ਨੇ ਉਹਦੇ ਨਾਲ ਆਪਣੇ ਸੇਵਕਾਂ ਨਬੀਆਂ ਦੇ ਰਾਹੀਂ ਇਸਦਾ ਵਾਅਦਾ ਕੀਤਾ ਹੈ। ਪ੍ਰਮੇਸ਼ੁਰ ਨੇ ਯਿਸੂ ਮਸੀਹ ਦੇ ਰਾਹੀਂ ਵਾਇਦਾ ਕੀਤਾ ਹੈ। ਪ੍ਰਮੇਸ਼ੁਰ ਨੇ ਯੋਏਲ ਦੇ ਰਾਹੀਂ ਵਾਦਾ ਕੀਤਾ ਹੈ। ਪ੍ਰਮੇਸ਼ੁਰ ਨੇ ਮਲਾਕੀ ਦੇ ਦੁਆਰਾ ਵਾਇਦਾ ਕੀਤਾ ਹੈ। ਯੂਹੰਨਾ ......ਪ੍ਰਮੇਸ਼ੁਰ ਨੇ ਪ੍ਰਕਾਸ਼ ਪੋਥੀ ਦੇ ਲੇਖਕ ਯੂਹੰਨਾ ਦੇ ਰਾਹੀਂ ਵਾਇਦਾ ਕੀਦਾ ਹੈ,ਖੁਦਾ ਨੇ ਉਨ੍ਹਾਂ ਸਾਰੇ ਨਬੀਆਂ ਦੇ ਰਾਹੀਂ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਉਸਦੇ ਲਈ ਅੰਤ ਦਾ ਸੰਦੇਸ਼ ਕੀ ਹੋਵੇਗਾ। ਹੁਣ ਜੇ ਤੁਸੀਂ ਇਸਨੂੰ ਲਿਖਣਾ ਚਾਹੁੰਦੇ ਹੋ ਤਾਂ ਤੁਸੀਂ ਇਨ੍ਹਾਂ ਨੂੰ ਲਿਖ ਸੱਕਦੇ ਹੋ : ਅਸਲ ਵਿੱਚ ਤੁਸੀਂ ਸਾਰੇ ਹੀ ਇਸ ਨੂੰ ਜਾਣਦੇ ਹੋ। ਯਿਸੂ ਨੇ ਯੂਹੰਨਾ 14:12; ਅਤੇ ਯੋਏਲ ਨੇ 2:38 ਵਿੱਚ ;ਪੋਲੂਸ ਨੇ ਦੂਸਰਾ ਤਿਮੋਥੀਅਸ 3 ਵਿੱਚ; ਮਲਾਕੀ ਨੇ 4ਥੇ ਬਾਬ ਵਿੱਚ, ਅਤੇ ਪ੍ਰਕਾਸ਼ ਦੀ ਪੋਥੀ ਦੇ ਲਿਖਾਰੀ ਯੂਹੰਨਾ ਨੇ ਪ੍ਰਕਾਸ਼ ਪੋਥੀ 10:1-7 ਵਿੱਚ ਇਸਦੀ ਭਵਿੱਖਬਾਣੀ ਕੀਤੀ ਹੈ। ਵੇਖੋ ਇਨ੍ਹਾਂ ਨੇ ਠੀਕ-ਠੀਕ ਉਸਦੀ ਭਵਿੱਖਬਾਣੀ ਕੀਤੀ ਹੈ ਕਿ ਇਸ ਸਮੇਂ ਕੀ ਹੋਵੇਗਾ। ਅਤੇ ਕਲੀਸਿਯਾ ਲਈ ਇਹ ਕੀ ਹੈ? ਦੇਹਧਾਰੀ ਵਚਨ ਫਿਰ ਆਪਣੇ ਲੋਕਾਂ ਵਿੱਚ ਦੇਹਧਾਰੀ ਹੋਇਆ ਹੈ ! ਸਮਝੇ ? ਅਤੇ ਉਹ ਇਸਤੇ ਵਿਸ਼ਵਾਸ਼ ਨਹੀਂ ਕਰਦੇ ਹਨ।

198 ਤੁਸੀਂ ਜਾਣਦੇ ਹੋ ਕਿ ਯਿਸੂ ਨੇ ਕੀ ਕਿਹਾ ਸੀ ਜਦ ਉਸਨੇ ਵੇਖ ਲਿਆ ਸੀ ਉਹ ......ਜਦ ਉਹ ਉਨ੍ਹਾਂ ਦੇ ਸਾਮ੍ਹਣੇ ਸੱਭ ਅਚੰਭੇ ਵਿਖਾ ਚੁੱਕਾ ਸੀ ਅਤੇ ਉਹ ਸਾਬਤ ਕਰ ਚੁੱਕਾ ਸੀ ਕਿ ਉਹ ਖੁਦਾ ਹੈ? ਉਸਦੇ ਕੰਮ ਇਹ ਸਾਬਤ ਕਰਦੇ ਸਨ ਕਿ ਉਹ ਕੀ ਕਰ ਰਿਹਾ ਹੈ। ਉਸਦੇ ਕੰਮ ਪ੍ਰਮਾਣਿਤ ਕਰਦੇ ਸਨ ਕਿ ਉਹ ਕੋਣ ਹੈ। ਉਸਨੇ ਬਿਲਕੁੱਲ ਉਹੋ ਹੀ ਕੀਤਾ ਸੀ ਜੋ ਉਸਨੂੰ ਕਰਨਾ ਸੀ। ਉਸਨੇ ਉਨ੍ਹਾਂ ਨੂੰ ਕਿਹਾ ......ਉਸਨੇ ਅਖਿਆ, " ਹੇ ਕਫਰਨਾਹੂਮ ਜੋ ਕਿ ਅਸਮਾਨ ਤੱਕ ਉੱਚਾ ਹੋ ਗਿਆ ਹੈ ਜੇ ਇਹ ਵੱਡੇ-ਵੱਡੇ ਕੰਮ ਸਦੂਮ ਵਿੱਚ ਕੀਤੇ ਜਾਂਦੇ ਜਿਹੜੇ ਕਿ ਤੇਰੇ ਵਿੱਚ ਕੀਤੇ ਗਏ ਹਨ ਤਾਂ ਸਦੂਮ ਅੱਜ ਖਲੋਤਾ ਹੁੰਦਾ। " ਇਹ ਠੀਕ ਹੈ। ਅਤੇ ਕਫਰਨਾਹੂਮ ਵਿੱਚ ਉਸਨੇ ਕਦੇ ਵੀ ਕੁਝ ਨਹੀਂ ਕੀਤਾ ਸੀ ਬਲਕਿ ਕੁਝ ਕੁ ਲੋਕਾਂ ਨੂੰ ਹੀ ਚੰਗਾ ਕੀਤਾ ਸੀ ਅਤੇ ਉਨ੍ਹਾਂ ਦੇ ਦਿਲਾਂ ਦੇ ਗੁਪਤ ਵਿਚਾਰਾਂ ਨੂੰ ਦੱਸਿਆ ਸੀ ਅਤੇ ਉੱਥੋਂ ਬਾਹਰ ਨਿੱਕਲ ਆਇਆ ਸੀ। ਜੀ ਹਾਂ ਉਸਨੇ ਉੱਥੇ ਇਹੋ ਹੀ ਸੱਭ ਕੀਤਾ ਸੀ। ਸਮਝੇ?

199 ਉਹ ਨਹੀਂ ਜਾਣਦੇ ਹਨ ਕਿ ਅਚੰਭੇ ਕੰਮ ਕੀ ਹੁੰਦੇ ਹਨ। ਉਹ ਸੋਚਦੇ ਹਨ ਕਿ ਇਹ ਇੱਕ ਬਹੁਤ ਵੱਡਾ ਪ੍ਰੋਗਰਾਮ ਹੋਣਾ ਚਾਹੀਦਾ ਹੈ ਜਿੱਥੇ ਕਿ ਹਰੇਕ ਜਣਾ ਉੱਠ ਖੜਾ ਹੁੰਦਾ ਹੈ ਅਤੇ ਜੱਜ ਉੱਥੇ ਭਾਸ਼ਣ ਦੇਵੇ ਅਤੇ ਵਾਜੇ ਵੱਜਣ ਅਤੇ ਰੰਗ ਬਿਰੰਗੀਆਂ ਝੰਡੀਆਂ ਲਹਿਰਾਈਆਂ ਜਾਣ, ਅਤੇ



ਜਿਆਦਾ ਲਿਸ਼ਕਿਆ ਪੁਸ਼ਕਿਆ ਹੋਇਆ ਵੀ ਨਹੀਂ ਸੀ। " ਕੀ ਉਹ ਇੱਕ ਤਬੇਲੇ ਵਿੱਚ ਪੈਦਾ ਹੋਇਆ ਸੀ ?" ਹੇ ਮੇਰੇ ਖੁਦਾ !ਮੇਰੇ!ਇੱਕ ਇਸ ਤਰ੍ਹਾਂ ਦਾ ਆਦਮੀ ਜੋ ਇੱਕ ਦਿਨ ਵੀ ਸਕੂਲ ਨਹੀਂ ਗਿਆ ਸੀ ? ਚੰਗਾ, ਮੈਂ ਇਸਨੂੰ ਕਬੂਲ ਨਹੀਂ ਕਰ ਸੱਕਦੀ ਹਾਂ। ਇਹ ਮਸੀਹਾ ਨਹੀਂ ਹੈ। ਇੱਕ ਮਨੁੱਖ ਨੂੰ ਜਿਹਨੂੰ ਲੋਕ ਇਸ ਤਰ੍ਹਾਂ ਚਾਰੇ ਪਾਸਿਆਂ ਤੋਂ ਠੋਕਰ ਮਾਰਦੇ ਹਨ, ਅਤੇ ਕੀ ਫਿਰ ਵੀ ਉਹਨੂੰ ਮਸੀਹ ਕਹੀਏ? ਉਹਨਾਂ ਨੂੰ ਉਸਦੇ ਚਿਹਰੇ ਤੇ ਕੱਪੜਾ ਪਾਉਣ ਦਿਓ ਅਤੇ ਤਦ ਉਸਦੇ ਸਿਰ ਤੇ ਮਾਰਨ ਦਿਓ? ਅਤੇ ਫਿਰ ਵੀ ਕੀ ਉਹ ਆਪਣੇ ਆਪ ਨੂੰ ਨਬੀ ਕਹਿੰਦਾ ਹੈ, ਕਹਿੰਦਾ ਹੈ ਕਿ ਇੱਕ ਸੱਚਾ ਨਬੀ ਉੱਠ ਖੜੋਤਾ ਹੈ?"

157 ਅਸਲ ਵਿੱਚ ਉਹਨਾਂ ਨੇ ਨਬੀਆਂ ਨੂੰ ਨਹੀਂ ਜਾਣਿਆ ਸੀ। ਪ੍ਰਭੂ ਯਿਸੂ ਨੇ ਇਸੇ ਤਰ੍ਹਾਂ ਹੀ ਕਿਹਾ ਸੀ। ਉਸਨੇ ਆਖਿਆ, " ਜੇ ਤੁਸੀਂ ਨਬੀਆਂ ਨੂੰ ਜਾਣਦੇ ਹੁੰਦੇ ਤਾਂ ਤੁਸੀਂ ਮੈਨੂੰ ਵੀ ਜਾਣਦੇ।" ਇਹ ਠੀਕ ਹੈ।

158 ਹੁਣ ਧਿਆਨ ਦਿਓ। ਉਸਦੇ ਕੋਲ ਵਚਨ ਉਸੇ ਢੰਗ ਦੇ ਨਾਲ ਆਇਆ ਸੀ ਜਿਸ ਢੰਗ ਨਾਲ ਖੁਦਾ ਨੇ ਆਉਣ ਲਈ ਕਿਹਾ ਸੀ ਪ੍ਰੰਤੂ ਉਸਨੇ ਤਾਂ ਵਚਨ ਦੇ ਆਉਣ ਦਾ ਅੰਦਾਜ਼ਾ ਕਿਸੇ ਹੋਰ ਢੰਗ ਨਾਲ ਹੀ ਲਾਇਆ ਸੀ। ਮੈਂ ਇੱਥੇ ਲਾੜੀ ਦੇ ਬਾਰੇ ਵਿੱਚ, ਯਹੂਦੀ ਲਾੜੀ, ਇਬਰਾਨੀ ਲਾੜੀ ਦੇ ਬਾਰੇ ਵਿੱਚ ਬੋਲ ਰਿਹਾ ਹਾਂ। ਉਹ ਤਾਂ ਸ਼ੁਰੂ ਤੋਂ ਹੀ ਹੱਵਾਹ ਸੀ। ਜਦ ਵਚਨ ਉਸਦੇ ਕੋਲ ਆਇਆ ਤਾਂ ਉਹ ਆਪਣੇ ਇਵਜਾਂ ਦੇ ਨਾਲ ਟਿਕੀ ਰਹਿਣਾ ਚਾਹੁੰਦੀ ਸੀ।

159 ਹੁਣ, ਖੁਦਾ ਨੇ ਆਤਮਿਕ ਹੱਵਾਹ ਨਾਲ ਪੈਂਤੀਕੁਸਤ ਦੇ ਦਿਨ ਵਾਇਦਾ ਕੀਤਾ ਸੀ, ਇੱਥੋਂ ਤੱਕ ਕਿ ਇਸਦੇ ਵਾਪਰਨ ਤੋਂ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਉਹ ਡਿੱਗ ਜਾਣਗੇ ਅਤੇ ਉਹ ਉਹੀ ਕਰਨਗੇ ਜੋ ਉਹ ਕਰ ਚੁੱਕੇ ਹਨ। ਪ੍ਰੰਤੂ ਉਸਨੇ ਵਾਇਦਾ ਕੀਤਾ ਹੈ ਕਿ ਉਹ ਅੰਤ ਦੇ ਦਿਨਾਂ ਵਿੱਚ ਫਿਰ ਵਚਨ ਘੱਲੇਗਾ।

160 ਜਦੋਂ ਪ੍ਰਭੂ ਯਿਸੂ ਧਰਤੀ ਤੇ ਸੀ ਤਾਂ ਉਸਨੇ ਵੀ ਇਹੋ ਹੀ ਗੱਲ ਕਹੀ ਸੀ ਕਿ ਉਹ ਫਿਰ ਵਚਨ ਭੇਜੇਗਾ। ਅਤੇ ਕੀ ਹੈ .....ਅਤੇ ਜਦ ਉਹ ਆਏਗਾ ਤਾਂ ਕੀ ਪਾਵੇਗਾ? ਅਤੇ ਉਹ ਉਹੋ ਹੀ ਪਾਵੇਗਾ ਜੋ ਉਸਨੇ ਜਦ ਉਹ ਪਹਿਲਾਂ ਧਰਤੀ ਤੇ ਆਇਆ ਸੀ ਪਾਇਆ ਸੀ। ਇਹ ਸਹੀ ਗੱਲ ਹੈ। ਉਹ ਆਪਣੇ ......ਇਵਜ਼ ਚਾਹੁੰਦੇ ਹਨ। ਉਹ ਆਪਣੀਆਂ ਜੱਥੇਬੰਦੀਆਂ ਚਾਹੁੰਦੇ ਹਨ। ਉਹ ਆਪਣੇ ਅਕੀਦੇ ਚਾਹੁੰਦੇ ਹਨ। ਉਹ ਉਨ੍ਹਾਂ ਤੋਰ ਤਰੀਕਆਂ ਨਾਲ ਜੀਉਂਦੇ ਹਨ ਜਿਨ੍ਹਾਂ ਨਾਲ ਉਹ ਜੀਉਣਾ ਚਾਹੁੰਦੇ ਹਨ। ਅਤੇ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਮੈਂ ਤਾਂ ਫਲਾਂ-ਫਲਾਂ ਹਾਂ। ਮੈਂ ਤਾਂ ਫਲਾਂ-ਫਲਾਂ ਦਾ ਮੈਂਬਰ ਹਾਂ। ਉਹਨਾਂ ਨੂੰ ਇਸਦੇ ਨਾਲ ਕੋਈ ਫਰਕ ਨਹੀਂ ਪੈਦਾਂ ਕਿ ਪ੍ਰਮੇਸ਼ੁਰ ਕੀ ਕਰ ਰਿਹਾ ਹੈ, ਉਹ ਕਿੰਨਾ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਹੈ। ਉਨ੍ਹਾਂ ਨੂੰ ਇਸ ਨਾਲ ਫਰਕ ਨਹੀਂ ਪੈਂਦਾ ਕਿ ਪ੍ਰਮੇਸ਼ੁਰ ਮਰਿਆਂ ਹੋਇਆ ਨੂੰ ਜੀਉਂਦਾ ਕਰ ਸੱਕਦਾ ਹੈ, ਉਹ ਲੋਕਾਂ ਦੀਆਂ ਗੁਪਤ ਸੋਚਾਂ ਨੂੰ ਦੱਸ ਸੱਕਦਾ ਹੈ, ਉਹ ਤਾਂ ਉਹ ਸੱਭ ਕਰ ਸੱਕਦਾ ਹੈ ਜੋ ਬਾਈਬਲ ਦੱਸਦੀ ਹੈ ਕਿ ਉਹ ਕਰੇਗਾ। ਉਹਨਾਂ ਨੂੰ ਇਸ ਨਾਲ ਜਰਾ ਜਿੰਨਾ ਵੀ ਫਰਕ ਨਹੀਂ ਪੈਂਦਾ ਹੈ। " ਜੇ ਇਹਦਾ ਸਬੰਧ ਸਾਡੀ ਜੱਥੇਬੰਦੀ ਦੇ ਨਾਲ ਨਹੀਂ ਹੈ ਤਾਂ ਫਿਰ ਇਹ ਆਪਣੇ ਆਪ ਵਿੱਚ ਕੁਝ ਵੀ ਨਹੀਂ ਹੈ। " ਵੇਖਿਆ?

161 ਵੇਖੋ, ਇਹੋ ਹੀ ਇਬਰਾਨੀ ਦੁਲਹਨ ਨੇ ਕੀਤਾ ਸੀ ਉਨ੍ਹਾਂ ਨੇ ਆਪਣੇ ਇਵਜ਼ਾਂ ਤੇ ਧਿਆਨ ਲਾਇਆ ਹੋਇਆ ਸੀ,ਇਹ ਠੀਕ ਹੈ। ਅਤੇ ਖੁਦਾ ਨੇ ਉਨ੍ਹਾਂ ਨਾਲ ਅਸਲੀ ਦਾ ਵਾਇਦਾ ਕੀਤਾ ਹੋਇਆ ਸੀ। ਅਤੇ ਜਦ ਅਸਲੀ ਆਇਆ ਤਾਂ ਉਨ੍ਹਾਂ ਨੇ ਉਸਨੂੰ ਕਬੂਲ ਕਰਨਾ ਨਾ ਚਾਹਿਆ ਕਿਉਂਕਿ ਉਹ ਬਹੁਤ ਹੀ ਹਲੀਮ ਸੀ।

162 ਅੱਜ ਵੀ ਜਦ ਉਹ ਦ੍ਰਿਸ਼ ਤੇ ਆਉਂਦਾ ਹੈ ਤਾਂ ਉਹੋ ਹੀ ਗੱਲ ਹੈ। ਹੁਣ ਖੁਦਾ ਨੇ ਮਲਾਕੀ 4 ਵਿੱਚ ਕਿਹਾ ਹੈ ਕਿ ਉਹ ਅੰਤ ਦੇ ਦਿਨਾਂ ਵਿੱਚ ਸੰਦੇਸ਼ ਭੇਜੇਗਾ ਜਿਹੜਾ ਬਹਾਲ ਕਰੇਗਾ। ਯੋਏਲ ਨੇ ਕਿਹਾ, " ਮੈਂ ਸਾਰਿਆਂ ਵਰਿਹਾਂ ਦਾ ਮੋੜ ਦਿਆਂਗਾ। " ਸੱਭ ਕੁਝ ਜੋ ਮੂਲ ਪੈਂਤੀਕਾਸਟਲ ਬੇਲ ਤੋਂ, ਰੋਮ ਨੇ ਖਾ ਲਿਆ ਸੀ, ਅਤੇ ਉਹ ਸੱਭ ਕੁਝ ਜਿਹੜਾ ਮੈਥੋਡਿਸਟ ਨੇ ਬੈਪਟਿਸਟਾਂ ਨੇ ਖਾ ਲਿਆ ਸੀ, ਪ੍ਰਮੇਸ਼ੁਰ ਕਹਿੰਦਾ ਹੈ, " ਮੈਂ ਅੰਤ ਦੇ ਦਿਨ ਫਿਰ ਉਸਨੂੰ ਉਸਦੀ ਮੂਲ ਅਵਸਥਾ ਵਿੱਚ ਲੈ ਆਵਾਂਗਾ। " ਇਹ ਸਹੀ ਗੱਲ ਹੈ।

163 ਅਤੇ ਪ੍ਰਮੇਸ਼ੁਰ ਸਾਡੇ ਕੋਲ ਇੱਕ ਇਸ ਤਰ੍ਹਾਂ ਦਾ ਵਿਅਕਤੀ ਭੇਜ ਸੱਕਦਾ ਹੈ, ਜੋ ਹੋਵੇਗਾ .....ਇੱਕੋ ਇੱਕ ਗੱਲ ਜਿਹੜੀ ਪ੍ਰਮੇਸ਼ੁਰ ਨੇ ਕੀਤੀ ਹੈ ਕਿ ਜਦ ਵੀ ਉਸਨੇ ਆਪਣਾ ਵਚਨ ਘੱਲਿਆ ਹੈ ਉਹ ਨਬੀ ਦੇ ਕੋਲ ਹੀ ਘੱਲਿਆ ਹੈ ਅਤੇ ਉਹ ਸੁਧਾਰਕਾਂ ਦੇ ਕੋਲ ਨਹੀਂ ਘੱਲਿਆ ਹੈ ਪਰ ਉਸਨੇ ਆਪਣਾ ਵਚਨ ਨਬੀਆਂ ਦੇ ਕੋਲ ਘੱਲਿਆ ਹੈ। ਉਹ ਸਮਾਂ ਉਸਦੇ ਲਈ ਨਹੀਂ ਸੀ। ਪ੍ਰੰਤੂ ਇਹ ਸਮਾਂ ਉਸਦੇ ਆਉਣ ਦਾ ਸਮਾਂ ਹੈ ਅਤੇ ਇਹ ਹੀ ਕਾਰਨ ਹੈ ਕਿ ਅਸੀਂ ਉਸਦੇ ਆਉਣ ਦੀ ਉਡੀਕ ਕਰ ਰਹੇ ਹਾਂ। ਉਹ ਬਹੁਤ ਹੀ ਹਲੀਮ ਅਤੇ ਦੀਨ ਹੋਵੇਗਾ!ਅਤੇ ਇਸੇ ਲਈ .....ਹੇ ਮੇਰੇ ਖੁਦਾ !

164 ਕੀ ਤੁਸੀਂ ਸੋਚਦੇ ਹੋ ਕਿ ਧਨੀ ਮੈਥੋਡਿਸਟ, ਬੈਪਟਿਸਟ ਅਤੇ ਪ੍ਰੈਸਬਾਈਟੇਰੀਅਨ ਅਤੇ ਪੈਂਟੀਕਾਸਟਲ ਉਸਨੂੰ ਕਦੇ ਕਬੂਲ ਕਰਨਗੇ ?

"ਔਹ ", ਤੁਸੀਂ ਕਹਿੰਦੇ ਹੋ ਕਿ "ਪੈਂਟੀਕਾਸਟਲ " ਉਸਨੂੰ ਕਬੂਲ ਕਰ ਲੈਣਗੇ ?"

165 ਪੈਂਟੀਕਾਸਟਲ ਲਾਉਦੀਕੀਆ ਦੇ ਯੁੱਗ ਦੇ ਲੋਕ ਹਨ। " ਅਮੀਰ ਹਨ ਅਤੇ ਕਾਸੇ ਦੀ ਥੁੜ ਨਹੀਂ ਹੈ। "

166 ਇਹ ਕਹਿੰਦਾ ਹੈ, " ਤੂੰ ਨਹੀਂ ਜਾਣਦਾ ਹੈ ਕਿ ਤੂੰ ਕੰਗਾਲ ਹੈ। " ਹੋ ਸੱਕਦਾ ਹੈ ਕਿ ਤੇਰੇ ਲੱਖਾਂ ਕਰੋੜਾਂ ਦੀਆਂ ਬਣੀਆਂ ਇਮਾਰਤਾਂ ਹੋਣ, ਪਰ ਤੁਸੀਂ ਹਾਲੇ ਵੀ ਗਰੀਬ ਹੋ, ਆਤਮਿਕ ਢੰਗ ਨਾਲ ਗਰੀਬ ਹੋ।

"ਔਹ ", ਤੁਸੀਂ ਕਹਿੰਦੇ ਹੋ, "ਮੈਂ ਤਾਂ ਇਸਨੂੰ ਸਾਰੇ ਦਾ ਸਾਰਾ ਵੇਖ ਸੱਕਦਾ ਹਾਂ। "

"ਤੂੰ ਅੰਨ੍ਹਾ ਹੈ !"

"ਤੂੰ ਕਹਿੰਦਾ ਹੈ ਚੰਗਾ ਖੁਦਾ ਮੁਬਾਰਕ ਹੋਵੇ, ਮੈਂ ਢੱਕਿਆ ਹੋਇਆ ਹਾਂ। "

"ਤੂੰ ਨੰਗਾ ਹੈ !"



ਹੈ। ਸਮਝੇ? ਹੁਣ ਤੁਸੀਂ ਠੀਕ ਉੱਥੇ ਹੋ ਜਿੱਥੇ ਤੁਹਾਨੂੰ ਹੋਣਾ ਚਾਹੀਦਾ ਹੈ। ਤੁਸੀਂ ਇਸ ਤੋਂ ਝੂਠ ਨਹੀਂ ਬੁਲਵਾ ਸੱਕਦੇ ਜਾਂ ਕੋਈ ਗਲਤ ਕੰਮ ਨਹੀਂ ਕਰਵਾ ਸੱਕਦੇ। ਇਹ ਫਿਰ ਮੁੜ ਕੇ ਉਸੇ ਥਾਂ ਤੇ ਵਾਪਿਸ ਆਉਂਦਾ ਹੈ। ਜੀ ਹਾਂ, ਸ਼੍ਰੀਮਾਨ।

190 ਜਿਦਾਂ ਕਿ ਕੋਈ ਆਦਮੀ ਤੁਹਾਡੇ ਨਾਲ ਬਹਿਸ ਕਰਨ ਦੀ ਕੋਸ਼ਿਸ਼ ਕਰਦਾ ਹੈ ; ਜੇ ਤੁਸੀਂ ਜਾਣਦੇ ਹੋ ਕਿ ਕਿੱਥੇ ਖੜੇ ਹੋਣਾ ਹੈ ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਉਹ ਕੀ ਵਿਸ਼ਵਾਸ਼ ਕਰਦਾ ਹੈ।

191 ਇਹ ਤਾਂ ਇਸੇ ਤਰ੍ਹਾਂ ਹੀ ਹੈ ਜਿਵੇਂ ਕਿ ਤੁਸੀਂ ਇੱਕ ਖਰਗੋਸ਼ ਨੂੰ ਲਓ ਅਤੇ ਉਸਨੂੰ ਪਿੰਜਰੇ ਵਿੱਚ ਖੁੱਲ੍ਹਾ ਛੱਡ ਦਿਓ ਅਤੇ ਪਿੰਜਰੇ ਦੇ ਸਾਰੇ ਛੇਦ ਬੰਦ ਕਰ ਦਿਓ। ਤੁਸੀਂ ਉਸ ਪਿੰਜਰੇ ਦੇ ਬੂਹੇ ਮੁਹਰੇ ਹੀ ਖੜੇ ਰਹੋ ; ਉਹਨੇ ਵਾਪਿਸ ਆਉਣਾ ਹੀ ਹੈ। ਉੱਥੇ ਇਹੋ ਸੱਭ ਕੁਝ ਹੀ ਹੋਵੇਗਾ। ਸਮਝੇ? ਉਸਨੂੰ ਫੇਰ ਬੂਹੇ ਦੇ ਵੱਲ ਆਉਣਾ ਹੀ ਪਵੇਗਾ, ਕਿਉਂਕਿ ਉਹੋ ਹੀ ਇੱਕ ਰਾਹ ਹੈ ਜਿਹਦੇ ਰਾਹੀਂ ਉਹ ਬਾਹਰ ਨਿੱਕਲ ਸੱਕਦਾ ਹੈ। ਉਹ ਉਸ ਕੰਧ ਤੇ ਆਪਣਾ ਸਿਰ ਮਾਰੇਗਾ ਅਤੇ ਆਪਣੀ ਧੋਣ ਤੁੜਵਾ ਲਵੇਗਾ, ਉਹ ਵਾਰ-ਵਾਰ ਉਸ ਬੂਹੇ ਤੇ ਜਾਂਦਾ ਹੈ। ਤੁਸੀਂ ਬਸ ਉੱਥੇ ਖੜੇ ਰਹੋ ਅਤੇ ਉਸਨੂੰ ਵੇਖਦੇ ਰਹੋ ਅਤੇ ਉਹ ਫਿਰ ਉਸੇ ਜਗ੍ਹਾ ਤੇ ਹੀ ਵਾਪਿਸ ਆਵੇਗਾ। ਸਮਝੇ? ਬਸ ਉਹ ਇਹੋ ਹੀ ਕਰੇਗਾ।

192 ਇਸ ਨੂੰ ਕਰਨ ਦਾ ਬਸ ਇਹੋ ਹੀ ਇੱਕ ਤਰੀਕਾ ਹੈ। ਉਸ ਵਚਨ ਦੇ ਨਾਲ ਖੜੇ ਰਹੋ। ਤੁਸੀਂ ਆਪਣੇ ਧਾਰਮਿਕ ਅਕੀਦਿਆਂ ਨਾਲ ਚਾਰੇ ਪਾਸੇ ਧਮਾਕੇ ਕਰ ਸੱਕਦੇ ਹੋ ਪ੍ਰੰਤੂ ਇਸ ਤਰ੍ਹਾਂ ਕਰਕੇ ਤੁਸੀਂ ਬਸ ਆਪਣੀ ਧੋਣ ਹੀ ਤੁੜਵਾ ਰਹੇ ਹੋ, ਪਰ ਤੁਹਾਨੂੰ ਠੀਕ ਇਸ ਵਚਨ ਦੀ ਵੱਲ ਵਾਪਿਸ ਆਉਣਾ ਪਵੇਗਾ। ਸਮਝੇ? ਜੀ ਹਾਂ ਸ਼੍ਰੀਮਾਨ। ਬਸ ਏਨੀ ਹੀ ਗੱਲ ਹੈ।

193 ਹੁਣ, ਵੇਖੋ ਉਹ ਇਸਨੂੰ ਨਹੀਂ ਚਾਹੁੰਦੇ ਹਨ। ਉਹ ਖੁਦਾ ਦਾ ਵਚਨ ਨਹੀਂ ਚਾਹੁੰਦੇ ਹਨ। ਕਿਉਂਕਿ ਉਹਨਾਂ ਆਪਣੇ ਹੀ ਰੀਤਾਂ -ਰਿਵਾਜ਼ਾਂ ਨੂੰ ਫੜਿਆ ਹੋਇਆ ਹੈ, ਇਸ ਲਈ ਉਸਨੇ ਆਪਣੇ ਲਈ ਖੁਦਾ ਦਾ ਵਚਨ ਬੇਅਸਰ ਬਣਾ ਲਿਆ ਹੈ।

194 ਹੁਣ ਬਿਲਕੁੱਲ ਇਹੋ ਗੱਲ ਆਤਮਿਕ ਹੱਵਾਹ ਲਈ ਲਾਗੂ ਹੁੰਦੀ ਹੈ। ਉਹ ਨਹੀਂ ਚਾਹੁੰਦੀ ਹੈ .....ਉਹ ਆਪਣੇ ਰੀਤਾਂ -ਰਿਵਾਜ਼ਾਂ ਨੂੰ ਹੀ ਫੜੀ ਰੱਖਣਾ ਚਾਹੁੰਦੀ ਹੈ ਅਤੇ ਉਹ ਖੁਦਾ ਦੇ ਵਚਨ ਤੋਂ ਦੂਰ ਚਲੀ ਗਈ ਹੈ। ਪ੍ਰਮੇਸ਼ੁਰ ਦੇ ਵਚਨ ਨੂੰ ਕਬੂਲ ਕਰਨ ਦੀ ਬਜਾਏ ਉਹ ਤਾਂ ਫਿਰਕਾਪ੍ਰਸਤੀਆਂ ਨੂੰ ਅਤੇ ਉਨ੍ਹਾਂ ਦੇ ਅਕੀਦਿਆਂ ਅਤੇ ਆਪਣੇ ਬਜ਼ੁਰਗਾਂ ਦੇ ਰੀਤਾਂ-ਰਿਵਾਜ਼ਾਂ ਨਾਲ ਚਿੰਬੜੀ ਰਹਿਣਾ ਚਾਹੁੰਦੀ ਹੈ।

195 ਅਤੇ ਇਹਨਾਂ ਅੰਤ ਦੇ ਦਿਨਾਂ ਵਿੱਚ ਵਾਅਦਾ ਕੀਤਾ ਵਚਨ ਉਸਦੇ ਕੋਲ ਲਿਆਂਦਾ ਗਿਆ ਹੈ, ਉਹ ਉਸਨੂੰ ਕਬੂਲ ਨਹੀਂ ਕਰੇਗੀ ਕਿਉਂਕਿ ਉਹ ਆਪਣੇ ਰੀਤਾਂ-ਰਿਵਾਜ਼ਾਂ ਨਾਲ ਇਸ ਤਰ੍ਹਾਂ ਬੱਝੀ ਪਈ ਹੈ ਜਿਵੇਂ ਇਬਰਾਨੀ ਲਾੜੀ ਬੱਝੀ ਹੋਈ ਸੀ। ਜਦਕਿ ਉਸਨੂੰ ਸੱਚੇ ਵਚਨ ਦੀ ਪਛਾਣ ਕਰਾ ਦਿੱਤੀ ਗਈ ਹੈ, ਜਦਕਿ ਵਚਨ ਸੱਚਾ ਪ੍ਰਮਾਣਿਤ ਹੋ ਚੁੱਕਾ ਹੈ ਤਾਂ ਵੀ ਉਹ ਇਸਨੂੰ ਕਬੂਲ ਨਹੀਂ ਕਰੇਗੀ। ਇਹ ਠੀਕ ਹੈ। ਉਹ ਕਿਉਂ ਕਬੂਲ ਨਹੀਂ ਕਰੇਗੀ?ਕਿਉਂਕਿ ਉਸਦਾ ਪਹਿਲਾ

ਕਰ ਲੈਂਦੇ ਹੋ। " ਠੀਕ ਹੈ, ਏਹੋ ਹੀ ਗੱਲ ਅੱਜ ਆਤਮਿਕ ਹੱਵਾਹ ਦੇ ਨਾਲ ਹੈ, ਵੇਖੋ ਅੱਜ ਦੀ ਲਾੜੀ ਅਖੋਤੀ ਕਲੀਸਿਯਾ। ਉਹ ਪ੍ਰਮੇਸ਼ੁਰ ਦੇ ਵਚਨ ਨੂੰ ਲੈਂਦੀ ਹੈ ਅਤੇ ਉਸਨੂੰ ਸਵੀਕਾਰ ਨਹੀਂ ਕਰਦੀ ਹੈ। ਉਹ ਬਜਾਏ ਵਚਨ ਦੇ ਮੱਤਾਂ ਸਿਧਾਤਾਂ ਨੂੰ ਲੈਂਦੀ ਹੈ। ਇਸ ਲਈ ਵਚਨ ਉਸਦੇ ਵਾਸਤੇ ਅਸਰਦਾਰ ਨਹੀਂ ਹੈ, ਕਿਉਂਕਿ ਉਹ ਵਚਨ ਦੇ ਨਾਲ -ਨਾਲ ਆਪਣੇ ਅਕੀਦੇ ਸਿਖਾਉਣ ਦਾ ਯਤਨ ਕਰਦੀ ਹੈ ਪਰ ਇਹ ਕਾਮਯਾਬ ਨਹੀਂ ਹੋਵੇਗਾ। ਹੁਣ ਸਾਨੂੰ ਕਾਹਦੀ ਲੋੜ ਹੈ .......

185 ਮੈਂ ਇੱਥੇ ਇਸ ਰਸਾਲੇ *ਉਸਦੇ ਆਉਣ ਦੀ ਖੁਸ਼ਖਬਰੀ* ਦੀਆਂ ਇਹ ਮੁੱਖ ਲਾਈਨਾਂ ਪੜ੍ਹਦਾ ਜਾਵਾਂਗਾ, " ਸਾਨੂੰ ਇੱਕ ਨਬੀ ਦੀ ਵਾਪਸੀ ਦੀ ਲੋੜ ਹੈ ! ਸਾਨੂੰ ਇੱਕ ਨਬੀ ਦੀ ਵਾਪਸੀ ਦੀ ਲੋੜ ਹੈ !" ਮੈਂ ਸੋਚਦਾ ਹਾਂ ਕਿ ਜਦ ਉਹ ਨਬੀ ਆਵੇਗਾ ਤਾਂ ਇਹ ਲੋਕ ਉਸਦੇ ਬਾਰੇ ਵਿੱਚ ਕੁਝ ਵੀ ਨਹੀਂ ਜਾਨਣਗੇ। ਇਹ ਠੀਕ ਹੈ। ਇਹ ਹਮੇਸ਼ਾਂ ਹੀ ਇਸੇ ਤਰ੍ਹਾਂ ਹੈ। ਤੁਸੀਂ ਸੱਭ ਇਸਦੇ ਬਾਰੇ ਵਿੱਚ ਕਹਿੰਦੇ ਹੋ ਕਿ "ਸਾਨੂੰ ਇਸਦੀ ਲੋੜ ਹੈ ਸਾਨੂੰ ਇੱਕ ਨਬੀ ਦੀ ਲੋੜ ਹੈ ਕਿ ਆਵੇ ਜਿਹੜਾ ਖੁਦਾ ਦੇ ਵਚਨ ਨੂੰ ਨਿਡਰਤਾ ਦੇ ਨਾਲ ਲਿਆਵੇਗਾ। ਅਸੀਂ ਨਿਹਚਾ ਕਰਦੇ ਹਾਂ ਕਿ ਖੁਦਾ ਨੇ ਇਸਦਾ ਵਾਇਦਾ ਕੀਤਾ ਹੈ। "

186 ਹੁਣ, ਮੈਂ ਭਾਈ ਮੂਰ ਨੂੰ ਜੋ ਕਿ *ਉਸਦੇ ਆਉਣ ਦੀ ਖੁਸ਼ਖਬਰੀ* ਦੇ ਸੰਪਾਦਕ ਹਨ ਜਾਣਦਾ ਹਾਂ। ਮੈਂ ਉਨ੍ਹਾਂ ਦੇ ਨਾਲ ਉਹਨਾਂ ਦੇ ਘਰ ਭੋਜਨ ਖਾਧਾ ਹੈ, ਅਤੇ ਹੋਰ ਕਈ ਕੁਝ ਕੀਤਾ ਹੈ। ਅਤੇ ਉਹ ਬਹੁਤ ਹੀ ਭਲੇ ਆਦਮੀ ਹਨ ਜੋ ਬਹੁਤ ਹੀ ਦੀਨ ਹੋ ਕੇ ਚੱਲਦੇ ਹਨ। ਮੈਂ ਸੋਚਦਾ ਹਾਂ ਕਿ ਉਹ ਵਧੀਆ ਲੋਕਾਂ ਵਿੱਚੋਂ ਹਨ। ਪ੍ਰੰਤੂ ਵੇਖੋ, ਉਹ ਜਾਣਦੇ ਹਨ ਕਿ ਸਾਡੇ ਕੋਲ ਉਹ ਹੋਣਾ ਹੈ। ਅਤੇ ਭੈਣ ਮੂਰ ਇੱਕ ਚੰਗੀ ਭੈਣ ਹੈ .....ਉਹ ਬਹੁਤ ਹੀ ਨਮਰ ਹੈ। ਅਤੇ ਉਨ੍ਹਾਂ ਨੂੰ ਕਾਫੀ ਕੁਝ ਝੱਲਣਾ ਪੈਂਦਾ ਹੈ।

187 ਅਤੇ ਮੇਰੀ ਸਲਾਹ ਦੇ ਨਾਲ ਮੈਦਾਨ ਵਿੱਚ *ਉਸਦੀ ਆਮਦ ਦੀ ਖੁਸ਼ਖਬਰੀ* ਨਾਮਕ ਰਸਾਲਾ ਸੱਭ ਤੋਂ ਵਧੀਆ ਹੈ। ਪ੍ਰੰਤੂ ਤੁਸੀਂ ਵੇਖੋਗੇ ਕਿ ਉਹ ਹਮੇਸ਼ਾਂ ਹੀ ਇਸਦਾ ਧਮਾਕਾ ਕਰਦੇ ਹੀ ਰਹਿੰਦੇ ਹਨ ਕਿ "ਸਾਨੂੰ ਇੱਕ ਨਬੀ ਦੀ ਲੋੜ ਹੈ!ਸਾਨੂੰ ਇੱਕ ਨਬੀ ਦੀ ਲੋੜ ਹੈ !" ਸਮਝੇ? ਇਹ ਹੀ ਹੈ ਜਿਹਦੇ ਬਾਰੇ ਵਿੱਚ ਉਹ ਗੱਲਾਂ ਕਰਦੇ ਹਨ।

188 ਅਤੇ ਅੱਜ ਫਿਰ ਅਸੀਂ ਇੱਥੇ ਹਾਂ। ਅਤੇ ਕੱਲ ਅਤੇ ਅੱਜ ਵਾਂਗ ਰੇਡੀਓ ਤੇ ਐਲਾਨ ਕਰ ਰਹੇ ਹਾਂ ਕਿ .....ਅਤੇ ਬੈਪਟਿਸਟ ਚਰਚ ਅਤੇ ਹੋਰ ਦੂਸਰੇ ਚਰਚ ਕਹਿ ਰਹੇ ਹਨ, " ਅਸੀਂ ਕੈਥੋਲਿਕਾਂ ਵਿੱਚ ਨਹੀਂ ਮਿਲਾਂਗੇ, ਪ੍ਰੰਤੂ ਅਸੀਂ ਇੱਕ ਤਰ੍ਹਾਂ ਦੀ ਸੰਗਤ ਉਨ੍ਹਾਂ ਦੇ ਨਾਲ ਕਰਨੀ ਹੈ।

189 ਅਤੇ ਠੀਕ ਇੱਥੋਂ ਸੰਦੇਸ਼ ਬਾਹਰ ਜਾ ਰਿਹਾ ਹੈ ਕਿ "ਉਸ ਜ਼ਹਿਰੀਲੀ ਚੀਜ ਤੋਂ ਦੂਰ ਰਹੋ! "ਸਮਝੇ? ਵੇਖਿਆ? " ਦੋ ਜਣੇ ਇਕੱਠੇ ਕਿਵੇਂ ਚੱਲ ਸੱਕਦੇ ਹਨ ਜੇ ਉਹ ਸਹਿਮਤ ਨਾ ਹੋਣ?" ਹਨੇਰਾ ਅਤੇ ਚਾਨਣ ਇੱਕਠੇ ਸੰਗਤ ਨਹੀਂ ਰੱਖ ਸਕਦੇ ਹਨ। ਜਦ ਚਾਨਣ ਅੰਦਰ ਆਉਂਦਾ ਹੈ ਤਾਂ ਹਨੇਰਾ ਬਾਹਰ ਭੱਜ ਜਾਂਦਾ ਹੈ। ਸਮਝੇ? ਇਹ ਨਹੀਂ ਕਰ ਸੱਕਦਾ .....ਸੱਭ ਤੋਂ ਵਧੀਕ ਸ਼ਕਤੀਸ਼ਾਲੀ! ਤੁਸੀਂ ਹਨੇਰੇ ਦੇ ਨਾਲ ਚਾਨਣ ਨੂੰ ਬਾਹਰ ਨਹੀਂ ਕੱਢ ਸੱਕਦੇ ਹੋ। ਪਰ ਤੁਸੀਂ ਚਾਨਣ ਨਾਲ ਹਨੇਰੇ ਨੂੰ ਬਾਹਰ ਕੱਢ ਸੱਕਦੇ ਹੋ। ਇਹ ਠੀਕ ਹੈ। ਅਤੇ ਉਹ ਚਾਨਣ ਹੈ ਅਤੇ ਉਹ ਵਚਨ



"ਠੀਕ ਹੈ ਮੈਨੂੰ ਆਪਣੇ ਜਵਾਨਾਂ ਤੇ ਭਰੋਸਾ ਹੈ। ਸਾਡੇ ਕੋਲ ਬਾਈਬਲ ਦੇ ਕਾਲਜ ਹਨ। ਅਸੀਂ ......."

167 "ਅਤੇ ਇਸਨੂੰ ਨਹੀਂ ਜਾਣਦਾ ਹੈ। " ਹੁਣ ਇਹ ਠੀਕ ਇਸਦੇ ਵਿਪਰੀਤ ਹੈ। ਹੁਣ, ਜੇ ਬਾਈਬਲ ਦੱਸਦੀ ਹੈ ਕਿ ਲਾਉਦੀਕੀਆ ਕਲੀਸਿਯਾ ਇਸ ਹਾਲਤ ਵਿੱਚ ਹੋਵੇਗੀ .........

168 ਇਸ ਜ਼ਮੀਨ ਤੇ ਕੋਈ ਇਸ ਤਰ੍ਹਾਂ ਦਾ ਆਦਮੀ ਨਹੀਂ ਹੈ ਜਿਹੜਾ ਇਸਦਾ ਇਨਕਾਰ ਕਰ ਸਕੇ ਕਿ ਇਹ ਆਖਰੀ ਯੁੱਗ ਨਹੀਂ ਹੈ ਕਿਉਂਕਿ ਇਹ ਲਾਉਦੀਕੀਆ ਦਾ ਯੁੱਗ ਹੈ ਜਾਂ ਇਹ ਸੱਤਵਾਂ ਕਲੀਸਿਯਾਈ ਯੁੱਗ ਹੈ। ਅਤੇ ਅਸੀਂ ਇਸੇ ਕਾਲ ਵਿੱਚ ਹਾਂ। ਅਤੇ ਦੂਸਰਾ ਦੋ ਹਜ਼ਾਰ ਸਾਲ ਪੂਰੇ ਹੋ ਰਹੇ ਹਨ। ਇਸ ਤੋਂ ਬਾਦ ਕੋਈ ਵੀ ਹੋਰ ਕਲੀਸਿਯਾਈ ਯੁੱਗ ਨਹੀਂ ਹੋਵੇਗਾ। ਭਾਈਓ ਇਹ ਹੀ ਕਾਰਨ ਹੈ ਕਿ ਤੁਸੀਂ ਇਸ ਆਖਰੀ ਵਰਖਾ ਤੋਂ ਕੋਈ ਹੋਰ ਸੰਸਥਾ ਸ਼ੁਰੂ ਨਹੀਂ ਕਰ ਸੱਕਦੇ ਹਾਂ। ਹੁਣ ਇਸ ਤੋਂ ਬਾਦ ਕੋਈ ਹੋਰ ਕਲੀਸਿਯਾ ਦਾ ਯੁੱਗ ਨਹੀਂ ਹੋਣਾ ਹੈ। ਇਹ ਸੱਚ ਹੈ ਕਿ ਇਹ ਯੁੱਗ ਖਾਤਮੇ ਤੇ ਹੈ। ਆਮੀਨ। ਕੋਈ ਵੀ ਹੋਰ ਕਲੀਸਯਾ ਦੇ ਯੁੱਗ ਇਸ ਤੋਂ ਬਾਦ ਨਹੀਂ ਹੋ ਸੱਕਦੇ ਹਨ। ਸਾਰੇ ਯੁੱਗ ਪੂਰੇ ਹੋ ਚੁੱਕੇ ਹਨ।

169 ਅਤੇ ਫਿਰ ਜੇ ਪੈਂਟੀਕਾਸਟਲ ਸੰਦੇਸ਼ ਆਖਰੀ ਸੰਦੇਸ਼ ਸੀ .....ਜਿਹੜਾ ਕਿ ਧਰਮੀ ਠਹਿਰਾਏ ਜਾਣਾ, ਪਵਿੱਤਰ ਠਹਿਰਾਏ ਜਾਣਾ ਅਤੇ ਪਵਿੱਤਰ ਆਤਮਾ ਦਾ ਬਪਤਿਸਮਾ ਸੀ। ਇਹ ਆਖਰੀ ਤਿੰਨ ਕਲੀਸਿਯਾਈਫ਼ ਯੁੱਗਾਂ ਦੇ ਸੰਦੇਸ਼ ਹਨ। ਇਸ ਲਈ ਇਹ ਆਖਰੀ ਤਿੰਨ ਕਲੀਸਿਯਾਈ ਯੁੱਗ ਸੰਪੂਰਣ ਜਨਮ ਦਾ ਨਿਰਮਾਣ ਕਰਦੇ ਹਨ।

170 ਜਿਵੇਂ ਕਿ ਜਦ ਕੋਈ ਔਰਤ ਕਿਸੇ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਪਹਿਲਾਂ ਪਾਣੀ ਅਤੇ ਫਿਰ ਲਹੂ ਅਰ ਇਸ ਤੋਂ ਬਾਦ ਜੀਵਨ ਆਉਂਦਾ ਹੈ।

171 ਜਦ ਉਨ੍ਹਾਂ ਨੇ ਯਿਸੂ ਮਸੀਹ ਨੂੰ ਸਲੀਬ ਉੱਤੇ ਘਾਤ ਕੀਤਾ ਤਾਂ ਇਹ ਤੱਤ ਹੀ ਉਸਦੇ ਸ਼ਰੀਰ ਵਿੱਚੋਂ ਨਿੱਕਲ ਕੇ ਬਾਹਰ ਆਏ ਸਨ ਤਾਂ ਕਿ ਨਵਾਂ ਬਣਾਏ ......ਕਿ ਜਨਮ ਦੇਵੇ। ਜਦ ਉਨ੍ਹਾਂ ਨੇ ਉਸਦੀ ਵੱਖੀ ਨੂੰ ਵਿੰਨਿਆ ਤਾਂ ਉਸ ਵਿੱਚੋਂ ਲਹੂ ਅਤੇ ਪਾਣੀ ਬਾਹਰ ਨਿੱਕਲਿਆ ਅਤੇ ਉਸਨੇ ਕਿਹਾ, "ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥਾਂ ਵਿੱਚ ਸੋਂਪਦਾ ਹਾਂ। " ਇਸ ਲਈ ਜੋ ਉਸ ਵਿੱਚੋਂ ਬਾਹਰ ਨਿੱਕਲ ਕੇ ਆਇਆ ਸੀ ਉਹ ਪਾਣੀ, ਲਹੂ ਅਤੇ ਆਤਮਾ ਸੀ।

172 ਹੁਣ ਪਹਿਲਾ ਯੂਹੰਨਾ 5:7 ਤੁਹਾਨੂੰ ਇਹਦੇ ਬਾਰੇ ਵਿੱਚ ਦੱਸਦੀ ਹੈ ਕਿ ਸੁਰਗ ਵਿੱਚ ਉਸਦੀ ਗਵਾਹੀ ਦੇਣ ਵਾਲੇ ਤਿੰਨ ਹਨ, ਪਿਤਾ, ਵਚਨ( ਜੋ ਕਿ ਮਸੀਹ ਹੈ) ਅਤੇ ਪਵਿੱਤਰ ਆਤਮਾ। " ਅਤੇ ਇਹ ਤਿੰਨੋ ਇੱਕ ਹੀ ਗੱਲ ਤੇ ਸਹਿਮਤ ਹਨ; ਇਹ ਇੱਕ ਨਹੀਂ ਹਨ ਪਰ ਇਹ ਤਿੰਨੋ ਇੱਕ ਹੀ ਗੱਲ ਨਾਲ ਸਹਿਮਤ ਹਨ। ਅਤੇ ਤਿੰਨ ਹਨ ਜੋ ਸਾਖੀ ਦਿੰਦੇ ਹਨ .....ਜਾਂ ਮੇਰਾ ਮਤਲਬ ਹੈ ਕਿ ਇਹ ਤਿੰਨੋ ਇੱਕ ਹੀ ਹਨ। ਮੈਂ ਇਹ ਕਹਿਣ ਵਿੱਚ ਗਲਤੀ ਕੀਤੀ ਹੈ। " ਅਤੇ ਧਰਤੀ ਉੱਤੇ ਸਾਖੀ ਦੇਣ ਵਾਲੇ ਇਹ ਤਿੰਨ ਹਨ, ਪਾਣੀ, ਲਹੂ ਅਤੇ ਆਤਮਾ ਅਤੇ ਇਹ ਇੱਕ ਵਿੱਚ ਸਹਿਮਤ ਹਨ। "

173 ਤੁਸੀਂ ਬਿਨਾਂ ਧਰਮੀ ਠਹਿਰੇ ਪਵਿੱਤਰ ਹੋ ਸੱਕਦੇ ਹੋ। ਅਤੇ ਤੁਸੀਂ ਬਿਨਾਂ ਪਵਿੱਤਰ ਹੋਏ ਧਰਮੀ ਠਹਿਰ ਸੱਕਦੇ ਹੋ। ਤੁਸੀਂ ਪਵਿੱਤਰ ਆਤਮਾ ਪਾਏ ਬਿਨਾ ਹੀ ਪਵਿੱਤਰ ਹੋ ਸੱਕਦੇ ਹੋ। ਇਹ ਬਿਲਕੁੱਲ ਠੀਕ ਹੈ।

174 ਯੂਹੰਨਾ 17:17 ਵਿੱਚ ਚੇਲੇ ਪਵਿੱਤਰ ਹੋ ਚੁੱਕੇ ਸਨ ਅਤੇ ਉਨ੍ਹਾਂ ਨੂੰ ਭ੍ਰਿਸ਼ਟ ਆਤਮਿਆਂ ਨੂੰ ਕੱਢਣ ਦੀ ਸ਼ਕਤੀ ਦਿੱਤੀ ਜਾ ਚੁੱਕੀ ਸੀ ਪਰ ਹਾਲੇ ਤੱਕ ਉਨ੍ਹਾਂ ਨੇ ਪਵਿੱਤਰ ਆਤਮਾ ਨਹੀਂ ਪਾਇਆ ਸੀ। ਸਮਝੇ? ਯਕੀਨਨ। ਉਹਨਾਂ ਨੂੰ ਪੈਂਤੀਕੁਸਤ ਤੱਕ ਜਾਣਾ ਪਿਆ ਅਤੇ ਪਵਿੱਤਰ ਆਤਮਾ ਦੇ ਆਉਣ ਤੱਕ ਉਡੀਕ ਕਰਨੀ ਪਈ।

175 ਇਹ ਉਹ ਸੀ ਜਿੱਥੇ ਯਹੂਦਾ ਨੇ ਆਪਣੇ ਰੰਗ ਦਿਖਾ ਦਿੱਤੇ ਸਨ। ਕੀ ਤੁਸੀਂ ਵੇਖਿਆ ਕਿ ਉਸ ਆਤਮਾ ਨੇ ਧਰਮੀ ਠਹਿਰਾਏ ਜਾਣ ਅਤੇ ਪਵਿੱਤਰ ਠਹਿਰਾਏ ਜਾਣ ਤੱਕ ਕਿਸ ਤਰ੍ਹਾਂ ਕੰਮ ਕੀਤਾ ਸੀ। ਪ੍ਰੰਤੂ ਜਦ ਉਹ ਅੰਤ ਵਿੱਚ ਆਇਆ ਤਾਂ ਉਸਨੇ ਆਪਣਾ ਰੂਪ ਵਿਖਾ ਦਿੱਤਾ। ਸਮਝੇ? ਇਹ ਸਹੀ ਗੱਲ ਹੈ।

176 ਹੁਣ ਅਸੀਂ ਇੱਥੇ ਅੰਤ ਸਮੇਂ ਵਿੱਚ ਹਾਂ। ਅਤੇ ਆਤਮਿਕ ਹੱਵਾਹ ਨਾਲ ਬਿਲਕੁੱਲ ਉਸੇ ਤਰ੍ਹਾਂ ......ਜਿਵੇਂ ਇਬਰਾਨੀ ਹੱਵਾਹ ਨਾਲ ਵਾਇਦਾ ਕੀਤਾ ਗਿਆ ਸੀ ......ਜਿਵੇਂ ਇਬਰਾਨੀ ਲਾੜੀ ਨਾਲ ਵਾਇਦਾ ਕੀਤਾ ਗਿਆ ਸੀ, ਉਸਦੇ ਕੋਲ ਫਿਰ ਵਚਨ ਆਵੇਗਾ, ਉਸੇ ਤਰ੍ਹਾਂ ਹੀ ਆਤਮਿਕ ਹੱਵਾਹ ਦੇ ਨਾਲ ਵੀ ਵਾਇਦਾ ਕੀਤਾ ਗਿਆ ਹੈ। ਅਤੇ ਜਦ ਆਤਮਿਕ ਹੱਵਾਹ ਪੈਂਤੀਕੁਸਤ ਤੋਂ ਨੀਸੀਆ ਸਭਾ ਵਿੱਚ ਡਿੱਗੀ ਤਾਂ ਉਸ ਨਾਲ ਵਾਇਦਾ ਕੀਤਾ ਗਿਆ ਕਿ ਅੰਤ ਦੇ ਦਿਨਾਂ ਵਿੱਚ ਉਸਦੇ ਕੋਲ ਫਿਰ ਵਚਨ ਆਵੇਗਾ। ਹੁਣ ਤੁਸੀਂ ਕੰਫਿਦੇ ਹੋ, ਤਾਂ ਫਿਰ .........

177 ਜੇ ਤੁਸੀਂ ਵਚਨ ਦਾ ਇੱਕ ਹੋਰ ਹਵਾਲਾ ਵੇਖਣਾ ਚਾਹੁੰਦੇ ਹੋ ਤਾਂ ਤੁਸੀਂ ਇਸਨੂੰ ਪ੍ਰਕਾਸ਼ ਦੀ ਪੋਥੀ 10 ਵਿੱਚ ਵੇਖੋ। ਅਤੇ ਇੱਥੇ ਕਿਹਾ ਗਿਆ ਹੈ ਕਿ, " ਆਖਰੀ ਦੂਤ ਦੇ ਸਮੇਂ ਵਿੱਚ ਅਥਵਾ ਸੱਤਵੇਂ ਦੂਤ(ਸੱਤਵੇਂ ਸੰਦੇਸ਼ਵਾਹਕ) ਦੇ ਆਵਾਜ਼ ਦੇਣ ਦੇ ਦਿਨੀਂ ਜਦ ਉਹ ਤੁਰ੍ਹੀ ਵਜਾਵੇਗਾ ਤਾਂ ਪ੍ਰਮੇਸ਼ੁਰ ਦਾ ਗੁਪਤ ਭੇਤ ਪ੍ਰਗਟ ਹੋ ਜਾਵੇਗਾ। " ਸਮਝੇ ?ਮੁੜ ਵਚਨ ਦੇ ਵੱਲ ਫੇਰਿਆ ਜਾਣਾ ਹੈ। ਬਾਈਬਲ ਆਖਦੀ ਹੈ ਕਿ ਅੰਤ ਦੇ ਦਿਨਾਂ ਵਿੱਚ ਇਹ ਸੰਦੇਸ਼ਵਾਹਕ " ਲੋਕਾਂ ਨੂੰ ਫਿਰ ਮੂਲ ਵਿਸ਼ਵਾਸ਼ ਦੀ ਅਰਥਾਤ ਉਨ੍ਹਾਂ ਨੂੰ ਪੇਵਾਂ ਦੇ ਵਿਸ਼ਵਾਸ਼ ਵੱਲ ਮੋੜੇਗਾ। " ਪ੍ਰੰਤੂ ਕੀ ਤੁਸੀਂ ਸੋਚਦੇ ਹੋ ਕਿ ਉਹ ਇਸਨੂੰ ਕਬੂਲ ਕਰਨਗੇ ? ਨਹੀਂ ਜੀ ਸ਼੍ਰੀਮਾਨ। ਇਸੇ ਤਰ੍ਹਾਂ ਹੀ ਉਸਨੇ ਮਲਾਕੀ 4 ਵਿੱਚ ਕਿਹਾ ਹੈ ਕਿ, " ਅੰਤ ਦੇ ਦਿਨਾਂ ਵਿੱਚ ਉਹ ਫਿਰ ਮੂਲ ਵਚਨ ਨੂੰ ਵਾਪਸ ਲਿਆਵੇਗਾ। "

178 ਪ੍ਰੰਤੂ ਉਸਨੇ ਇਸਨੂੰ ਠੁਕਰਾ ਦਿੱਤਾ ਸੀ। ਹੁਣ ਉਸਨੇ ਤਾਂ ਇਹ ਵਚਨ ਨੀਸੀਆ ਦੀ ਸਭਾ ਵੇਲੇ ਗੁਆ ਲਿਆ ਸੀ। ਹੱਵਾਹ ਨੇ ਇਸਨੂੰ ਅਦਨ ਦੇ ਬਾਗ ਵਿੱਚ ਗੁਆ ਲਿਆ ਸੀ ; ਹੱਵਾਹ ਨੇ ਇਸਨੂੰ ਕਲਵਰੀ ਤੇ ਠੁਕਰਾ ਦਿੱਤਾ ਸੀ। ਅਤੇ ਬਿਲਕੁੱਲ ਇਸੇ ਤਰ੍ਹਾਂ ਹੀ ਨੀਸੀਆ ਦਾ ਸਮੂਹ ਇਸਨੂੰ ਅੰਤ ਦੇ ਦਿਨਾਂ ਵਿੱਚ ਰੱਦ ਰਿਹਾ ਹੈ। ਮੇਰੇ ਪ੍ਰਭੂ !

179 ਪ੍ਰੰਤੂ ਜਦ ਵਚਨ ਮਨੁੱਖੀ ਦੇਹ ਵਿੱਚ ਆਇਆ ਤਾਂ ਹੱਵਾਹ ਨੇ ਇਬਰਾਨੀ ਕਲੀਸਿਯਾ ਨੇ .....ਸਾਰੇ ਆਤਮਿਕ ਪ੍ਰਾਣੀਆਂ ਦੀ ਮਾਤਾ ਨੇ ਇਸਨੂੰ ਠੁਕਰਾ ਦਿੱਤਾ ਸੀ। ਉਹ ਆਪਣੇ ਰੀਤਾਂ ਰਿਵਾਜਾਂ ਅਤੇ ਮੱਤਾਂ ਅਕੀਦਿਆਂ ਵਿੱਚ ਏਨੀ ਕੁ ਮਰ ਚੁੱਕੀ ਸੀ ਕਿ ਉਸਨੇ ਇਹਨੂੰ ਗੁਆ ਲਿਆ। ਅਤੇ ਬਿਲਕੁੱਲ ਇਸੇ ਤਰ੍ਹਾਂ ਹੀ ਇਹਦੇ ਨਾਲ ਵੀ ਹੈ। ਇਹ ਠੀਕ ਗੱਲ ਹੈ।



180 ਉਹਨਾਂ ਉਸਨੂੰ ਗੁਆ ਲਿਆ, ਉਸ ਜੀਉਂਦੇ ਵਚਨ ਨੂੰ ਜਿਹੜਾ ਦੇਹ ਵਿੱਚ ਵਾਇਦਾ ਕੀਤੇ ਹੋਏ ਵਚਨ ਦੇ ਅਨੁਸਾਰ ਪ੍ਰਗਟ ਹੋਇਆ ਸੀ ਤੋਂ ਰਹਿ ਗਏ ਸਨ ਵਚਨ ਨੇ ਹੀ ਇਹਨਾਂ ਕੰਮਾਂ ਨੂੰ ਕਰਨ ਦਾ ਵਾਦਾ ਕੀਤਾ ਸੀ ਕਿ ਅੰਤ ਦੇ ਦਿਨਾਂ ਵਿੱਚ ਇਸ ਤਰ੍ਹਾਂ ਹੋਵੇਗਾ , "ਜਿਵੇਂ ਸਦੂਮ ਵਿੱਚ ਹੋਇਆ ਸੀ ਉਸੇ ਤਰ੍ਹਾਂ ਹੀ ਮਨੁੱਖ ਦੇ ਪੁੱਤਰ ਦੇ ਆਉਣ ਦੇ ਦਿਨਾਂ ਵਿੱਚ ਹੋਵੇਗਾ। " ਹੁਣ ਤੁਸੀਂ ਵੇਖੋ ਕਿ ਸਦੂਮ ਵਿੱਚ ਕੀ ਹੋਇਆ ਸੀ। " ਜਿਵੇਂ ਨੂਹ ਦੇ ਦਿਨਾਂ ਵਿੱਚ ਹੋਇਆ ਸੀ ਉਸੇ ਤਰ੍ਹਾਂ ਹੀ ਮਨੁੱਖ ਦੇ ਪੁੱਤਰ ਦੇ ਆਉਣ ਦੇ ਦਿਨਾਂ ਵਿੱਚ ਹੋਵੇਗਾ। " ਸਮਝੇ ? ਧਿਆਨ ਦਿਓ ਉਦੋਂ ਕੀ ਹੋਇਆ ਸੀ। ਵੇਖੋ, ਉਸਨੇ ਕਿਹਾ ਹੈ ਕਿ ਹੁਣ ਬਿਲਕੁੱਲ ਉਸ ਤਰ੍ਹਾਂ ਹੀ ਹੋਵੇਗਾ। ਅਤੇ ਅਸੀਂ ਉਸ ਦਿਨ ਵਿੱਚ ਹੀ ਰਹਿ ਰਹੇ ਹਾਂ। ਠੀਕ ਹੈ, ਮੈਂ ਸੋਚਦਾ ਹਾਂ ਕਿ ਮੈਨੂੰ ਵਚਨ ਵਿੱਚੋਂ ਹੀ ਇਸ ਤਰ੍ਹਾਂ ਦੇ ਛੇ ਸੌ ਵਾਅਦੇ ਮਿਲ ਸੱਕਦੇ ਹਨ ਜਿਨ੍ਹਾਂ ਦਾ ਮੈਂ ਹਵਾਲਾ ਦੇ ਸੱਕਦਾ ਹਾਂ। ਸਮਝੇ? ਪਰ ਹੁਣ ਉਹ ਇਹਨੂੰ ਰੱਦ ਕਰਦੇ ਹਨ।

181 ਉਸਨੇ ਆਪਣੀਆਂ ਰੀਤਾਂ ਰਿਵਾਜ਼ਾਂ ਅਤੇ ਇਵਜਾਂ ਨੂੰ ਹੀ ਫੜੀ ਰੱਖਿਆ ਸੀ ਇਸਦੇ ਬਜਾਏ ਕਿ ਉਹ ...... ਸੱਚੇ ਲਹੂ ਤੇ ਨਿਰਭਰ ਹੁੰਦੀ ਉਹਨੇ ਪ੍ਰਤੀਨਿਧੀ ਲਹੂ ਨੂੰ ਹੀ ਫੜੀ ਰੱਖਿਆ। ਯਿਸੂ ਜੋ ਕਿ ਵਚਨ ਹੈ ਜਦ ਉਸਦੇ ਲਈ ਪ੍ਰਗਟ ਹੋਇਆ ਤਾਂ ਯਿਸੂ ਨੇ ਉਸਨੂੰ ਆਖਿਆ ਸੀ, " ਕਿਉਂਕਿ ਤੁਸੀਂ ਇਨ੍ਹਾਂ ਰੀਤੀ ਰਿਵਾਜਾਂ ਨੂੰ ਮੰਨਦੇ ਹੋ ਇਸ ਲਈ ਤੁਸੀਂ ਆਪਣੇ ਲਈ ਵਚਨ ਨੂੰ ਅਰਥਹੀਣ ਬਣਾ ਲਿਆ ਹੈ। ਇਹ ਤੁਹਾਡੇ ਲਈ ਪ੍ਰਭਾਵਸ਼ਾਲੀ ਨਹੀਂ ਹੋ ਸੱਕਦਾ ਹੈ। "

182 ਹੁਣ ਅੱਜ ਵੀ ਇਹੋ ਹੀ ਕਾਰਨ ਹੈ, ਬੇਦਾਰੀਆਂ ਜਿਸ ਤਰ੍ਹਾਂ ਦੀਆਂ ਸਾਡੇ ਵਿੱਚ ਹੋਣੀਆਂ ਚਾਹੀਦੀਆਂ ਹਨ ਉਸ ਤਰ੍ਹਾਂ ਦੀਆਂ ਨਹੀਂ ਹੁੰਦੀਆਂ ਹਨ, ਸਾਡੇ ਵਿੱਚ ਤਾਂ ਬਸ ਫਿਰਕਾ ਪ੍ਰਸਤੀਆਂ ਵਾਲੀਆਂ ਬੇਦਾਰੀਆਂ ਹੁੰਦੀਆਂ ਹਨ। ਸਾਡੇ ਵਿੱਚ ਉਹ ਸੱਚੀ ਜਾਗ੍ਰਤੀ ਨਹੀਂ ਆਉਂਦੀ ਹੈ। ਨਹੀਂ, ਨਹੀਂ, ਨਹੀਂ। ਜੀ ਨਹੀਂ, ਸ਼੍ਰੀਮਾਨ ਜੀ। ਇਹ ਨਾ ਸੋਚੋ ਕਿ ਸਾਡੇ ਵਿੱਚ ਬੇਦਾਰੀ ਪਾਈ ਜਾਂਦੀ ਹੈ। ਸਾਡੇ ਵਿੱਚ ਬੇਦਾਰੀ ਨਹੀਂ ਪਾਈ ਜਾਂਦੀ ਹੈ। ਔਹ, ਉਹਦੇ ਕੋਲ ਲੱਖਾਂ ਗਿਰਜੇ ਦੇ ਮੈਂਬਰ ਹਨ, ਪ੍ਰੰਤੂ ਉਸ ਵਿੱਚ ਕਿਤੇ ਵੀ ਕੋਈ ਬੇਦਾਰੀ ਨਹੀਂ ਹੈ। ਨਹੀਂ। ਨਹੀਂ।

183 ਹਾਲੇ ਤੱਕ ਲਾੜੀ ਵਿੱਚ ਵੀ ਕੋਈ ਬੇਦਾਰੀ ਨਹੀਂ ਹੈ। ਸਮਝੇ? ਉੱਥੇ ਵੀ ਹਾਲੇ ਤੱਕ ਕੋਈ ਬੇਦਾਰੀ ਨਹੀਂ ਹੈ। ਦੁਲਹਨ ਨੂੰ ਹਲੂਣਾ ਦੇਣ ਵਾਲਾ ਪ੍ਰਮੇਸ਼ੁਰ ਦਾ ਪ੍ਰਗਟੀਕਰਨ ਹਾਲੇ ਨਹੀਂ ਹੈ। ਸਮਝੇ ?ਅਸੀਂ ਹੁਣ ਇਸਦੀ ਤਾਕ ਵਿੱਚ ਹਾਂ। ਉਸਨੂੰ ਫਿਰ ਜਗਾਉਣ ਲਈ ਉੱਥੇ ਸੱਤ ਅਗਿਆਤ ਗਰਜਾਂ ਦੇ ਸ਼ਬਦ ਹੋਣੇ ਹਨ। ਜੀ ਹਾਂ। ਖੁਦਾ ਇਨ੍ਹਾਂ ਗਰਜ਼ਾਂ ਦੇ ਸ਼ਬਦਾਂ ਨੂੰ ਘੱਲੇਗਾ। ਉਸਨੇ ਇਸਦਾ ਵਾਇਦਾ ਕੀਤਾ ਹੈ। ਹੁਣ ਧਿਆਨ ਦਿਓ।

184 ਹੁਣ, ਉਹ ਸੀ -ਉਹ ਮੁਰਦਾ ਸੀ। ਹੁਣ ਜੇ ਕਲੀਸਿਯਾਵਾਂ ਆਪਣੇ ਰੀਤਾਂ ਰਿਵਾਜਾਂ ਅਤੇ ਮੱਤਾਂ ਸਿਧਾਤਾਂ ਨੂੰ ਭੁੱਲ ਜਾਣ ਅਤੇ ਬਸ ਬਾਈਬਲ ਨੂੰ ਅਪਨਾ ਲੈਣ ਅਤੇ ਖੁਦਾ ਦੇ ਵਾਅਦੇ ਤੇ ਨਿਰਭਰ ਰਹਿਣ ਤਾਂ ਇਹ ਵਚਨ ਉਨ੍ਹਾਂ ਲਈ ਅਸਰਦਾਰ ਹੋ ਸੱਕਦਾ ਹੈ। ਪ੍ਰੰਤੂ ਵੇਖੋ ਯਿਸੂ ਨੇ ਕਿਹਾ ਸੀ, " ਤੁਸੀਂ ਆਪਣੇ ਰੀਤੀ ਰਿਵਾਜਾਂ ਦੇ ਕਾਰਨ ਆਪਣੇ ਲਈ ਪ੍ਰਮੇਸ਼ੁਰ ਦੇ ਵਚਨ ਨੂੰ ਬੇਅਸਰ